
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥

Monthly Atam Marg Magazine

May 2006

# ਆਤਮ ਮਾਰਗ



Vishav Gurmat Roohani Mission Charitable
Trust, Ratwara Sahib

ਸਾਲ ਬਾਰ੍ਹਵਾਂ ਅੰਕ ਦੂਜਾ, ਮਹੀਨਾ ਮਈ 2006
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ
ਫਾਉਂਡਰ ਚੇਅਰਮੈਨ : ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਚੇਅਰਪਰਸਨ : ਬੀਬੀ ਰਣਜੀਤ ਕੌਰ ਜੀ

## FOREIGN (ਵਿਦੇਸ਼) CONTACT NO.

**U.S.A. - Baba Satnam Singh ji Atwal**
Phone and Fax : 408-263-1844
**Canada - Bhai Sarmukh Singh Pannu**
Phone - 604-433-0408
**Bibi Sukhvinder Kaur Bains**
Phone : 403-270-3387
**England - Bibi Gurbax Kaur / Jagtar Singh Jagi**
Phone : 0121-200-2818
Fax : 0121-200-2879, **Raj Mobile** : 07968734058
**Holland - Bhai Amrik Singh ji**
Phone : 624-695-753,
Fax : 765-426-805 /765-715-821
**Australia - Bhai Jiwan Singh ji**
Phone : 03-943-65865, Fax : 03-943-65867

## SUBSCRIPTION FOREIGN (ਵਿਦੇਸ਼)

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**Postal Address for 'ATAM MARG' Enquiry, Money Order & correspondence**
Head Office 'Atam Marg' Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar,
Distt. Ropar-140901 Pb. India.
**Office 'Atam Marg' Ph. No. - 0160-2255002, 2255009**
**Gurdwara Ishar Parkash Ratwara Sahib - 0160-2255001**
**For more information please visit us on internet at:-**
**,Email : atammarg1@yahoo.co.in**
Website: www.ratwarasahib.org
www.atammarguk.com

*ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।*

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਰੋਪੜ ਤੋਂ ਪ੍ਰਕਾਸ਼ਿਤ ਕੀਤਾ।

# ਤੱਤਕਰਾ

| | |
|---|---|
| 1. ਬਾਰਹਮਾਹਾ | 2 |
| 2. ਸੰਪਾਦਕੀ | 5 |
| 3. ਜੀਵਨ ਮਨੋਰਥ | 6 |
| 4. ਚਉਥੈ ਪਹਿਰ ਸਬਾਹ ਕੈ | 19 |
| 5. ਬਾਬਾ ਬੀਰ ਸਿੰਘ ਜੀ ਨੌਰੰਗਾਬਾਦ | 28 |
| 6. ਸੰਤ ਬਿਮਲਾ ਸਿੰਘ ਜੀ | 36 |
| 7. ਹਿਮਾਲੀਅਨ ਯੋਗੀ ਕਾ ਸੰਗ | 43 |
| 8. ਵਿਸਾਖੀ | 57 |
| 9. ਰਿਸ਼ੀਆਂ ਮੁਨੀਆਂ ਦਾ ਬ੍ਰਹਮ ਗਿਆਨ | 59 |

## SUBSCRIPTION - ਚੰਦਾ - (ਦੇਸ਼)

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 220/- | 2020/- | (For outstation cheques) |

## ਸੰਪਰਕ ਨੰ. ਰਤਵਾੜਾ ਸਾਹਿਬ

| | |
|---|---|
| ਪਰਮ ਸਤਿਕਾਰ ਯੋਗ ਬੀਜੀ | 9417214381 |
| 'ਆਤਮ ਮਾਰਗ' ਮੈਗਜ਼ੀਨ ਨਾ ਮਿਲਣ ਤੇ ਕਿਸੇ ਵੀ ਟਾਈਮ ਸੰਪਰਕ ਨੰਬਰ | 9417214391,80,79 |
| ਅਖੰਡਪਾਠ ਬੁਕਿੰਗ | 9417214386 |
| ਸਕੂਲ ਟਰਾਂਸਪੋਰਟ | 9417214384 |
| ਆਈ.ਟੀ. ਕਾਲਜ | 9417214382 |
| ਆਡੀਓ ਵੀਡੀਓ ਲਾਇਬ੍ਰੇਰੀ | 9417214385 |

**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 926 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

**ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ**
**ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ**
**ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।**
ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

**ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.**

# ਬਾਰਹਮਾਹਾ
# ਜੇਠੁ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

ਮਹਾਂਪੁਰਸ਼ਾਂ ਦੀ ਰਚਨਾ 'ਹੋਵੈ ਅਨੰਦ ਘਣਾ' ਵਿਚ ਜੇਠੁ ਮਹੀਨੇ ਸਬੰਧੀ ਪ੍ਰਾਪਤ ਪਵਿੱਤਰ ਪ੍ਰਵਚਨ –

*ਹਰਿ ਜੇਠਿ ਜੁੜੰਦਾ ਲੋੜੀਐ*
*ਜਿਸੁ ਅਗੈ ਸਭਿ ਨਿਵੰਨਿ॥*
*ਹਰਿ ਸਜਣ ਦਾਵਣਿ ਲਗਿਆ*
*ਕਿਸੈ ਨ ਦੇਈ ਬੰਨਿ॥*
*ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ॥*
*ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ॥*
*ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥*
*ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ॥*
*ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ॥*
*ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ॥*
*ਹਰਿ ਜੇਠੁ ਰੰਗੀਲਾ ਤਿਸੁ ਧਣੀ*
*ਜਿਸ ਕੈ ਭਾਗੁ ਮਥੰਨਿ॥* **ਅੰਗ – 134**

ਵਾਹਿਗੁਰੂ ਜੀ ਸਭ ਦਾ ਰਖਣਹਾਰਾ, ਪਾਲਣਹਾਰਾ, ਰਿਜ਼ਕਦਾਤਾ, ਸਭ ਤੋਂ ਵੱਡਾ, ਘਟ-ਘਟ ਵਿਚ ਵਿਆਪਕ, ਜਲ ਥਲ ਮਹੀਅਲਿ ਵਿਚ ਪਸਰਿਆ ਹੋਇਆ ਮਹਾਨ ਆਪਾ ਸਤਿ ਚਿਤ ਅਨੰਦ ਪ੍ਰਿਅ ਹੈ। ਗੁਰੂ ਮਹਾਰਾਜ ਜੀ ਜੇਠ ਦੇ ਮਹੀਨੇ ਵਿਚ ਇਸ ਜੀਵ ਨੂੰ, ਵਾਹਿਗੁਰੂ ਜੀ ਜੋ ਸਭ ਤੋਂ ਵੱਡਾ ਹੈ, ਜਿਸ ਦੇ ਅੱਗੇ ਸਾਰੀ ਸ੍ਰਿਸ਼ਟੀ ਦੇ ਅਨੇਕਾਂ ਖਾਣੀਆਂ, ਅਨੇਕਾਂ ਖੰਡਾਂ ਬ੍ਰਹਿਮੰਡਾਂ ਦੇ ਜੀਵ ਨਿਵਦੇ ਹਨ, ਉਸ ਦੇ ਨਾਲ ਜੁੜਨ ਲਈ ਸੰਕੇਤ ਕਰਦੇ ਹਨ। ਜੁੜਨਾ ਕੇਵਲ ਪਿਆਰ ਕਰਕੇ ਹੋਇਆ ਕਰਦਾ ਹੈ, ਹੋਰ ਕੋਈ ਸਾਧਨ ਜੋੜਨ ਨੂੰ ਸਮਰੱਥ ਨਹੀਂ ਹੋਇਆ ਕਰਦੇ। ਅਜਿਹੇ ਹਰੀ ਨਾਲ ਪਿਆਰ ਕਰਕੇ ਉਸਦੀ ਸੱਤਤਾ ਨੂੰ ਹਰ ਸਮੇਂ ਮਹਿਸੂਸ ਕਰਨਾ ਅਤੇ ਪਿਆਰ ਖਿੱਚਾਂ ਵਿਚ ਖਿੱਚ ਖਾਂਦੇ ਰਹਿਣਾ; ਇਸਨੂੰ ਜੁੜਨਾ ਆਖਦੇ ਹਨ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਸੱਚੇ ਸੱਜਣ ਵਾਹਿਗੁਰੂ ਜੀ ਦੇ ਜੇ ਲੜ ਲਗ ਜਾਈਏ ਤਾਂ ਜਮਦੂਤਾਂ ਦੀ ਸ਼ਕਤੀ ਨਹੀਂ ਹੈ ਕਿ ਉਹ ਐਸੇ ਪ੍ਰੇਮੀ ਨੂੰ ਬੰਨ੍ਹ ਸਕਣ। ਉਹ ਬੰਨ੍ਹ ਕੇ ਧਰਮਰਾਜ ਦੇ ਮੰਡਲ ਵਿਚ ਉਸ ਜੀਵ ਨੂੰ ਨਹੀਂ ਲਿਜਾ ਸਕਿਆ ਕਰਦੇ, ਸਗਵਾਂ ਧਰਮਰਾਜ ਨੂੰ ਤਾਂ ਹੁਕਮ ਹੈ ਕਿ ਜੋ ਪ੍ਰਮੇਸ਼ਰ ਦੇ ਪਿਆਰ ਵਿਚ ਰੱਤਾ ਹੋਵੇ, ਉਸਦੀ ਉਹ ਸੇਵਾ ਕਰੇ–

*ਧਰਮ ਰਾਇ ਨੋ ਹੁਕਮੁ ਹੈ*
*ਬਹਿ ਸਚਾ ਧਰਮੁ ਬੀਚਾਰਿ॥*
*ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥*
*ਅਧਿਆਤਮੀ ਹਰਿ ਗੁਣ ਤਾਸੁ*
*ਮਨਿ ਜਪਹਿ ਏਕੁ ਮੁਰਾਰਿ॥*
*ਤਿਨ ਕੀ ਸੇਵਾ ਧਰਮ ਰਾਇ ਕਰੈ*
*ਧੰਨੁ ਸਵਾਰਣਹਾਰੁ॥* **ਅੰਗ – 38-39**

ਧਰਮਰਾਇ ਨੂੰ ਤਾਂ ਇਥੋਂ ਤਕ ਹੁਕਮ ਹੈ ਕਿ ਜੇ ਕੋਈ ਪ੍ਰਭੂ ਪਿਆਰ ਵਿਚ ਰੱਤਿਆਂ ਨੂੰ ਆਦਰ ਸਹਿਤ, ਸਤਿਕਾਰ ਦੇ ਸ਼ਬਦ ਵਰਤ ਕੇ ਜੀਉ ਆਇਆਂ ਕਹੇ, ਉਸ ਨੂੰ ਜਮ ਦੀ ਤਲਬ ਨਹੀਂ ਹੋ ਸਕਿਆ ਕਰਦੀ –

*ਤੁਧੁ ਸਾਲਾਹਨਿ ਤਿਨ ਧਨੁ ਪਲੈ*
*ਨਾਨਕ ਕਾ ਧਨੁ ਸੋਈ॥*
*ਜੇ ਕੋ ਜੀਉ ਕਹੈ ਓਨਾ ਕਉ*
*ਜਮ ਕੀ ਤਲਬ ਨ ਹੋਈ॥* **ਅੰਗ – 1328**

ਐਸਾ ਵੀ ਫੁਰਮਾਨ ਹੈ ਕਿ ਜੋ ਪ੍ਰਮੇਸ਼ਰ ਦੇ ਪਿਆਰ ਵਿਚ ਰੱਤਿਆਂ ਦੀ ਸੰਗਤ ਕਰਦੇ ਹਨ ਅਤੇ ਉਨ੍ਹਾਂ ਦੇ ਉਪਦੇਸ਼ ਸੁਣ ਕੇ ਕਮਾਉਂਦੇ ਹਨ, ਉਨ੍ਹਾਂ ਦੀ ਸੋਭਾ ਧਰਮਰਾਜ ਦੀ ਦਰਗਾਹ ਵਿਚ ਹੋਣੀ ਸ਼ੁਰੂ ਹੋ ਜਾਂਦੀ ਹੈ ਅਤੇ ਧਰਮਰਾਜ, ਅਜਿਹੇ ਸਾਧੂਆਂ ਨਾਲ ਪਿਆਰ ਕਰਨ ਵਾਲਿਆਂ ਦੀ ਸੇਵਾ ਕਰਦਾ ਹੈ –

*ਸਾਧਸੰਗਿ ਧਰਮ ਰਾਇ ਕਰੇ ਸੇਵਾ॥*
*ਸਾਧ ਕੈ ਸੰਗਿ ਸੋਭਾ ਸੁਰਦੇਵਾ॥*
**ਅੰਗ – 271**

ਸੋ ਇਸ ਵਾਸਤੇ ਜੋ ਸੱਚੇ ਸਾਂਈ ਦੇ ਲੜ ਲਗੇ ਹਨ, ਜਿਨ੍ਹਾਂ ਦੇ ਹਿਰਦੇ ਵਿਚ ਉਸਦਾ ਪਿਆਰ ਰੁਮਕ ਰਿਹਾ ਹੈ, ਉਹ ਧਰਮਰਾਜ ਪਾਸ ਬੰਨ੍ਹੇ ਹੋਏ ਨਹੀਂ ਘੱਲੇ ਜਾ ਸਕਦੇ। ਧਰਮਰਾਜ ਪਾਸ ਸਿਰਫ ਓਹੀ ਜਾਂਦੇ ਹਨ ਜਿਨ੍ਹਾਂ ਨੇ ਮਾਨਸ ਜਨਮ ਪ੍ਰਾਪਤ ਕਰਕੇ, ਮਨ ਦੇ ਪਿਛੇ ਲਗ ਕੇ ਪ੍ਰਭੂ ਨੂੰ ਵਿਸਾਰ ਕੇ ਰਸਾਂ-ਕਸਾਂ, ਠੱਗੀਆਂ-ਚੋਰੀਆਂ, ਧੋਖਿਆਂ-ਪਾਖੰਡਾਂ, ਵਿਸ਼ੇ-ਵਿਕਾਰਾਂ ਵਿਚ ਆਪਣਾ ਜੀਵਨ ਬਤੀਤ ਕੀਤਾ ਹੈ। ਪ੍ਰਭੂ ਪਿਆਰਿਆਂ ਪਾਸ ਮਾਣਕ ਮੋਤੀਆਂ ਤੋਂ ਵੀ ਕੀਮਤੀ 'ਨਾਮ ਰਤਨ' ਹੋਇਆ ਕਰਦਾ ਹੈ ਜਿਸ ਦੀ ਵਿਸ਼ੇਸ਼ਤਾ ਇਹ ਹੈ ਕਿ ਉਸਨੂੰ ਖੋਹਿਆ ਨਹੀਂ ਜਾ ਸਕਦਾ। ਇਸ ਨਾਮ ਉਪਰ ਕੋਈ ਜ਼ਕਾਤ ਨਹੀਂ ਲਗਦੀ, ਨਾ ਹੀ

ਇਹ ਨਾਮ ਧਨ ਕੋਈ ਚੋਰੀ ਕਰ ਸਕਦਾ ਹੈ, ਨਾ ਹੀ ਅੱਗ ਵਿਚ ਜਲ ਸਕਦਾ ਹੈ, ਨਾ ਹੀ ਪਾਣੀ ਵਿਚ ਡੁੱਬ ਸਕਦਾ ਹੈ; ਇਹ ਜੀਅਰੇ ਵਿਚ ਵਸ ਜਾਇਆ ਕਰਦਾ ਹੈ। ਨਾਮ ਦੀ ਸੁਗੰਧੀ ਸਾਰੇ ਖੰਡਾਂ-ਬ੍ਰਹਿਮੰਡਾਂ ਵਿਚ ਫੈਲ ਜਾਂਦੀ ਹੈ ਅਤੇ ਹਰ ਥਾਂ ਦੇ ਉਤੇ ਨਾਮ ਦੇ ਵਪਾਰੀ ਦਾ ਆਦਰ ਹੋਇਆ ਕਰਦਾ ਹੈ -

*ਧੰਨਿ ਧੰਨਿ ਕਹੈ ਸਭੁ ਕੋਇ॥*
*ਮੁਖ ਊਜਲ ਹਰਿ ਦਰਗਹ ਸੋਇ॥*
*ਅੰਗ - 283*

*ਹਰਿ ਧਨੁ ਰਤਨੁ ਜਵੇਹਰੁ ਮਾਣਕੁ*
*ਹਰਿ ਧਨੈ ਨਾਲਿ ਅੰਮ੍ਰਿਤ ਵੇਲੈ ਵਤੈ*
*ਹਰਿ ਭਗਤੀ ਹਰਿ ਲਿਵ ਲਾਈ॥*
*ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ*
*ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ॥*
*ਹਲਤਿ ਪਲਤਿ ਹਰਿ ਧਨੈ ਕੀ*
*ਭਗਤਾ ਕਉ ਮਿਲੀ ਵਡਿਆਈ॥*
*ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ ਸਾਚਾ*
*ਇਹੁ ਹਰਿ ਧਨੁ ਅਗਨੀ ਤਸਕਰੈ ਪਾਣੀਐ ਜਮਦੂਤੈ*
*ਕਿਸੈ ਕਾ ਗਵਾਇਆ ਨ ਜਾਈ॥*
*ਹਰਿ ਧਨ ਕਉ ਉਚਕਾ ਨੇੜਿ ਨ ਆਵਈ*
*ਜਮੁ ਜਾਗਾਤੀ ਡੰਡੁ ਨ ਲਗਾਈ॥ ਅੰਗ - 734*

ਸੰਸਾਰੀ ਧਨ ਇਕੱਠਾ ਕਰਨ ਵਾਲਿਆਂ ਵਾਸਤੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਇਕ ਵਸਤ ਵੀ ਨਾਲ ਨਹੀਂ ਜਾਂਦੀ। ਉਥੇ ਜਾ ਕੇ ਇਸ ਧਨ ਵਿਚ ਜੀਵਨ ਗੁਜ਼ਾਰਨ ਵਾਲੇ ਪਛਤਾਉਂਦੇ ਹਨ, ਰੋਂਦੇ ਹਨ ਅਤੇ ਨਰਕਾਂ ਵਿਚ ਸੜਦੇ ਹਾਇ-ਹਾਇ ਕਰਦੇ ਹਨ ਕਿਉਂਕਿ ਸੰਸਾਰੀ ਧਨ, ਪਾਪਾਂ ਬਾਝੋਂ ਇਕੱਠਾ ਨਹੀਂ ਹੋਇਆ ਕਰਦਾ। ਇਸਨੂੰ ਇਕੱਠਾ ਕਰਨ ਵਾਸਤੇ ਬਹੁ ਪਰਪੰਚ ਕਰਨੇ ਪੈਂਦੇ ਹਨ -

*ਇਸੁ ਜਰ ਕਾਰਣਿ ਘਣੀ ਵਿਗੁਤੀ*
*ਇਨਿ ਜਰ ਘਣੀ ਖੁਆਈ॥*
*ਪਾਪਾ ਬਾਝਹੁ ਹੋਵੈ ਨਾਹੀ*
*ਮੁਇਆ ਸਾਥਿ ਨ ਜਾਈ॥ ਅੰਗ - 417*
*ਸਾਕਤੀ ਪਾਪ ਕਰਿ ਕੈ ਬਿਖਿਆ ਧਨੁ ਸੰਚਿਆ*
*ਤਿਨਾ ਇਕ ਵਿਖ ਨਾਲਿ ਨ ਜਾਈ॥*
*ਹਲਤੈ ਵਿਚਿ ਸਾਕਤ ਦੁਹੇਲੇ ਭਏ*
*ਹਥਹੁ ਛੁੜਕਿ ਗਇਆ ਅਗੈ ਪਲਤਿ ਸਾਕਤੁ*
*ਹਰਿ ਦਰਗਹ ਢੋਈ ਨ ਪਾਈ॥ ਅੰਗ - 734*

ਹਰੀ ਦੇ ਨਾਮ ਦਾ ਧਨ ਜੋ ਜੀਵ ਇਕੱਠਾ ਕਰਦਾ ਹੈ, ਇਸ ਦਾ ਜੋ ਸੱਚਾ ਸ਼ਾਹ ਹੈ, ਉਹ ਵਾਹਿਗੁਰੂ ਜੀ ਆਪ ਹੀ ਹਨ। ਇਹ ਸਾਰਾ ਜਗਤ ਨਾਮ ਦਾ ਵਣਜਾਰਾ ਬਣ ਕੇ ਆਇਆ ਹੋਇਆ ਹੈ-

*ਸਚੁ ਸਾਹੁ ਹਮਾਰਾ ਤੂੰ ਧਣੀ*
*ਸਭੁ ਜਗਤੁ ਵਣਜਾਰਾ ਰਾਮ ਰਾਜੇ॥*
*ਸਭ ਭਾਂਡੇ ਤੁਧੈ ਸਾਜਿਆ*
*ਵਿਚਿ ਵਸਤੁ ਹਰਿ ਥਾਰਾ॥*
*ਜੋ ਪਾਵਹਿ ਭਾਂਡੇ ਵਿਚਿ ਵਸਤੁ ਸਾ ਨਿਕਲੈ*
*ਕਿਆ ਕੋਈ ਕਰੇ ਵੇਚਾਰਾ॥*
*ਜਨ ਨਾਨਕ ਕਉ ਹਰਿ ਬਖਸਿਆ*
*ਹਰਿ ਭਗਤਿ ਭੰਡਾਰਾ॥ ਅੰਗ - 449-50*

*ਇਸੁ ਹਰਿ ਧਨ ਕਾ ਸਾਹੁ ਹਰਿ ਆਪਿ ਹੈ ਸੰਤਹੁ*
*ਜਿਸ ਨੋ ਦੇਇ ਸੁ ਹਰਿ ਧਨੁ ਲਦਿ ਚਲਾਈ॥*
*ਇਸੁ ਹਰਿ ਧਨੈ ਕਾ ਤੋਟਾ ਕਦੇ ਨ ਆਵਈ*
*ਜਨ ਨਾਨਕ ਕਉ ਗੁਰਿ ਸੋਝੀ ਪਾਈ॥*
*ਅੰਗ - 734*

ਸੋ ਗੁਰੂ ਮਹਾਰਾਜ ਜੀ ਫੁਰਮਾਉਂਦੇ ਹਨ -

*ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ॥*
*ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ॥*
*ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥*
*ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ॥*
*ਅੰਗ - 134*

ਜਿਨ੍ਹਾਂ ਨੇ ਗੁਰਮਤਿ ਅਨੁਸਾਰ ਘਾਲ ਕਮਾਈ ਕਰਕੇ ਨਾਮ ਧਨ ਪ੍ਰਾਪਤ ਕੀਤਾ ਹੈ, ਉਸ ਧਨ ਨੂੰ ਜਮ-ਜਗਾਤੀ ਕਿਸੇ ਪੱਜ ਨਾਲ ਵੀ ਖੋਹ ਨਹੀਂ ਸਕਦੇ। ਦੂਸਰਾ ਧਨ ਦੁਨੀਆਂ ਦਾ, ਉਸਨੂੰ ਚੋਰ ਲੁੱਟ ਲੈਂਦੇ ਹਨ। ਕੰਧ ਵਿਚ ਸੰਨ੍ਹ ਲਾ ਕੇ ਧਨ ਲੈ ਜਾਂਦੇ ਹਨ ਪਰ ਹੀਅਰੇ ਦੇ ਨਾਲ ਰਵਿਆ ਹੋਇਆ ਧਨ, ਪ੍ਰਾਣਾਂ ਵਿਚ ਵਸਿਆ ਹੋਇਆ ਨਾਮ, ਕੋਈ ਖੋਹ ਨਹੀਂ ਸਕਦਾ। ਉਸ ਦਾ ਫਲ ਦਸਦੇ ਹਨ -

*ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ*
*ਬਾਹੁੜਿ ਜਨਮਿ ਨ ਆਵਾ॥ ਅੰਗ - 795*

ਵਾਹਿਗੁਰੂ ਜੀ ਮਹਾਨ ਅਨੰਦ ਦੇ ਸੋਮੇ ਹਨ। ਕੋਈ ਐਸੀ ਚੀਜ਼ ਨਹੀਂ, ਜੋ ਵਾਹਿਗੁਰੂ ਜੀ ਪਾਸ ਨਹੀਂ ਹੈ -

*ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ॥*
*ਘਰਿ ਤ ਤੇਰੈ ਸਭੁ ਕਿਛੁ ਹੈ*
*ਜਿਸੁ ਦੇਹਿ ਸੁ ਪਾਵਏ॥ ਅੰਗ - 917*

ਇਹ ਖੁਸ਼ੀਆਂ, ਅਨੰਦ, ਜਿਨ੍ਹਾਂ ਨੇ ਵਾਹਿਗੁਰੂ ਜੀ ਦਾ ਪੱਲਾ ਫੜਿਆ ਹੈ, ਤਨੋ-ਮਨੋ ਹੋ ਕੇ ਉਹਦੇ ਲੜ ਲਗ ਗਏ ਹਨ ਅਤੇ ਉਸਦੀ ਰਜ਼ਾ ਨਾਲ ਇਕ ਸੁਰ ਹੋ ਕੇ, ਇਕ ਰਸ ਬਿਰਤੀ ਵਿਚ ਰਹਿ ਕੇ ਪਿਆਰ ਦੇ ਮੰਡਲ ਦਾ ਅਨੰਦ ਮਾਣਦੇ ਹਨ; ਉਨ੍ਹਾਂ ਨੂੰ ਸਭ ਦਾਤਾਂ ਮਿਲਦੀਆਂ ਹਨ -

*ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥*

*ਅੰਗ - 134*

ਵਾਹਿਗੁਰੂ ਜੀ ਜੋ ਚਾਹੁੰਦੇ ਹਨ, ਓਹੀ ਕਰਦੇ ਹਨ। ਉਹ ਕਿਸੇ ਤੋਂ ਮਤਾ ਮਸੂਰਤ ਨਹੀਂ ਪੁਛਦੇ, ਦਾਤਾਂ ਦੇਣ ਲਗਿਆਂ ਕਿਸੇ ਦੀ ਸਲਾਹ ਨਹੀਂ ਲੈਂਦੇ। ਉਹ ਭੋਲਾ ਦਾਤਾ, ਜੋ ਵੀ ਉਸ ਤੋਂ ਕੁਝ ਮੰਗਦਾ ਹੈ, ਉਹ ਦਿੰਦਾ ਹੀ ਰਹਿੰਦਾ ਹੈ।

*ਦੇਦਾ ਦੇ ਲੈਦੇ ਥਕਿ ਪਾਹਿ॥*
*ਜੁਗਾ ਜੁਗੰਤਰਿ ਖਾਹੀ ਖਾਹਿ॥ ਅੰਗ - 2*

ਪਰ ਜੀਵ ਦਾ ਐਸਾ ਸੁਭਾਅ ਹੈ ਕਿ ਇਸ ਦੀ ਦੇਹ-ਦੇਹ - ਹੋਰ ਦੇਹ - ਹੋਰ ਦੇਹ - ਹੋਰ ਦੇਹ; ਇਹ ਸਾਰੀ ਜ਼ਿੰਦਗੀ ਨਹੀਂ ਮੁਕਦੀ। ਦਿਤੀਆਂ ਹੋਈਆਂ ਚੀਜ਼ਾਂ ਵਿਚ ਇਸ ਦਾ ਚਿਤ ਲਗਦਾ ਹੈ, ਪ੍ਰਭੂ ਨੂੰ ਹਰ ਛਿਨ ਭੁਲਦਾ ਇਹ ਮਤਲਬੀ ਜੀਵ, ਦਿਤੀਆਂ ਦਾਤਾਂ ਵਿਚ ਹੀ ਮਸਤ ਰਹਿੰਦਾ ਹੈ, ਪਰ ਫੇਰ ਵੀ ਉਹ ਦੇਈ ਜਾਂਦਾ ਹੈ -

*ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ॥*

*ਅੰਗ - 2*

ਜਿਨ੍ਹਾਂ ਦਾ ਅੰਤਰ ਆਤਮੇ ਵਾਹਿਗੁਰੂ ਜੀ ਨਾਲ ਅਟੁੱਟ ਪਿਆਰ ਹੈ, ਉਹ ਰਜ਼ਾ ਵਿਚ ਰਹਿ ਕੇ ਓਹੀ ਕੁਝ ਕਰਦਾ ਹੈ ਜੋ ਵਾਹਿਗੁਰੂ ਜੀ ਨੂੰ ਭਾਉਂਦਾ ਹੈ। ਇਸ ਲਈ ਐਸੇ ਵਡਭਾਗੇ, ਜਿਨ੍ਹਾਂ ਨੂੰ ਪ੍ਰਮੇਸ਼ਰ ਨੇ ਆਪਣਾ ਬਣਾ ਲਿਆ ਹੈ, ਉਨ੍ਹਾਂ ਦਾ ਸੰਸਾਰ ਵਿਚ ਆਉਣਾ ਧੰਨ ਹੈ, ਉਨ੍ਹਾਂ ਨੂੰ ਸਾਰਾ ਸੰਸਾਰ ਧੰਨ-ਧੰਨ ਆਖਦਾ ਹੈ, ਦਰਗਾਹ ਵਿਚ ਵੀ ਉਨ੍ਹਾਂ ਦਾ ਆਦਰ ਹੁੰਦਾ ਹੈ -

*ਰੇ ਰੇ ਦਰਗਹ ਕਹੈ ਨਾ ਕੋਊ॥*
*ਆਉ ਬੈਠੁ ਆਦਰੁ ਸੁਭ ਦੇਊ॥ ਅੰਗ - 252*

ਇਨ੍ਹਾਂ ਮਹਾਂਵਾਕਾਂ ਵਿਚ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਜਿਹੜੇ ਪ੍ਰਭੂ ਨਾਲ ਪਿਆਰ ਨਹੀਂ ਕਰਦੇ, ਉਹ ਆਪਣੀ ਹਉਮੈ ਦੇ ਵਸ ਹੋਏ ਦਾਤਾਂ ਪ੍ਰਾਪਤ ਕਰਨ ਦੀ ਲੋਚਾ ਰਖਦੇ ਹਨ। ਪ੍ਰਮੇਸ਼ਰ ਨਾਲ ਮਿਲਣ ਦੀ ਲੋਚਾ ਨਹੀਂ ਰਖਦੇ ਪਰ ਉਨ੍ਹਾਂ ਨੂੰ ਇਹ ਭੁੱਲ ਜਾਂਦਾ ਹੈ ਕਿ ਪ੍ਰਭੂ ਨੇ ਆਪਣੇ ਦਰ ਦਾ ਦਰਵਾਜ਼ਾ ਬੰਦ ਕਰਕੇ ਕੁੰਜੀ ਮਹਾਂਪੁਰਖਾਂ ਨੂੰ ਸੌਂਪੀ ਹੋਈ ਹੈ। ਜਦੋਂ ਤਕ ਮਹਾਂਪੁਰਖਾਂ ਦੀ ਸ਼ਰਨ ਵਿਚ ਨਹੀਂ ਆਉਂਦਾ ਅਤੇ ਆਪਣਾ ਤਨ ਮਨ ਧਨ ਨਹੀਂ ਸੌਂਪ ਦਿੰਦਾ, ਓਨਾਂ ਚਿਰ ਉਸਨੂੰ ਪ੍ਰਭੂ ਦੇ ਦੁਆਰੇ ਦੀ ਕੁੰਜੀ ਦੀ ਪ੍ਰਾਪਤੀ ਨਹੀਂ ਹੁੰਦੀ। ਫੁਰਮਾਨ ਹੈ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ॥*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ॥ ਅੰਗ - 205*
*ਬਿਨੁ ਸਬਦੈ ਅੰਤਰਿ ਆਨੇਰਾ॥*
*ਨ ਵਸਤੁ ਲਹੈ ਨ ਚੂਕੈ ਫੇਰਾ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ॥ ਅੰਗ - 124*

ਗੁਰਮਤਿ ਵਿਚ ਇਹ ਸਪਸ਼ਟ ਕਰਕੇ ਦੱਸਿਆ ਗਿਆ ਹੈ ਕਿ ਸਤਿਗੁਰੂ ਤੋਂ ਬਗੈਰ ਨਾਮ ਪ੍ਰਾਪਤ ਨਹੀਂ ਹੋ ਸਕਦਾ। ਸਤਿਗੁਰੂ ਦਾ ਮਿਲਾਪ ਪੂਰਬਲੇ ਕਰਮਾਂ ਤੋਂ ਬਿਨਾਂ ਨਹੀਂ ਹੋ ਸਕਦਾ। ਧੁਰ ਦਰਗਾਹ ਤੋਂ ਮਸਤਕ ਵਿਚ ਲੇਖ ਲਿਖੇ ਜਾਂਦੇ ਹਨ ਜਿਨ੍ਹਾਂ ਕਰਕੇ ਪੂਰਾ ਸਤਿਗੁਰੂ ਮਿਲਦਾ ਹੈ। ਜੇ ਮਿਲ ਜਾਵੇ ਤਾਂ ਨਾਮ ਪ੍ਰਾਪਤ ਹੁੰਦਾ ਹੈ -

*ਬਿਨੁ ਸਤਿਗੁਰ ਨਾਉ ਨ ਪਾਈਐ*
*ਬੁਝਹੁ ਕਰਿ ਵੀਚਾਰੁ॥*
*ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ*
*ਸੁਖੁ ਪਾਏ ਜੁਗ ਚਾਰਿ॥ ਅੰਗ - 649*
*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ॥ ਅੰਗ - 204*
*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ॥*

*ਅੰਗ - 450*

ਸੋ ਇਸ ਕਰਕੇ ਆਪਣੇ ਆਪ ਜੋ ਪ੍ਰਭੂ ਦੀ ਪ੍ਰਾਪਤੀ ਕਰਨਾ ਚਾਹੁੰਦਾ ਹੈ, ਨਹੀਂ ਹੋ ਸਕਿਆ ਕਰਦੀ ਅਤੇ ਵਿਛੋੜੇ ਵਿਚ ਰੋਣਾ ਹੀ ਪੱਲੇ ਪੈਂਦਾ ਹੈ।

*ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ॥*

*ਅੰਗ - 134*

ਜਦੋਂ ਤਕ ਸਾਧੂ ਦੀ ਸੰਗਤ ਪ੍ਰਾਪਤ ਨਹੀਂ ਹੁੰਦੀ, ਉਸ ਸਮੇਂ ਤਕ ਇਹ ਨਿਗੁਰਾ ਪੁਰਸ਼ ਕਿਸੇ ਕਿਨਾਰੇ ਨਹੀਂ ਪੁਜ ਸਕਿਆ ਕਰਦਾ। ਸਾਧੂ ਦੀ ਸੰਗਤ ਮਿਲਣ ਤੇ ਹੀ ਪਿਆਰ ਦੇ ਮੰਡਲ ਵਿਚ ਪਹੁੰਚ ਸਕਿਆ ਕਰਦਾ ਹੈ ਅਤੇ ਪਿਆਰ ਦਾ ਅਨੰਦ ਮਾਣ ਸਕਦਾ ਹੈ। ਜਿਸ ਦੇ ਮੱਥੇ ਤੇ ਭਾਗ ਲਿਖਿਆ ਹੋਵੇ, ਉਸਨੂੰ ਹਰੀ ਰੂਪ ਅਨੰਦਦਾਇਕ ਮਾਲਕ ਪ੍ਰਾਪਤ ਹੁੰਦਾ ਹੈ। ਉਸਨੂੰ ਇਹ ਜੇਠ ਦਾ ਮਹੀਨਾ ਭਾਵੇਂ ਕੜਕਦੀ ਧੁੱਪ, ਗਰਮ ਲੂਹ ਕਰਕੇ ਅਤਿ ਦੁਖੀ ਕਰਦਾ ਹੈ, ਪਰ ਅਨੰਦਦਾਇਕ ਹੁੰਦਾ ਹੈ। ਇਸ ਲਈ ਅਸੀਂ ਗੁਰੂ ਮਹਾਰਾਜ ਜੀ ਦੇ ਦੱਸੇ ਹੋਏ ਮਾਰਗ ਤੇ ਚੱਲ ਕੇ ਆਪਣੇ ਮਾਨਸ ਜਨਮ ਨੂੰ ਜੇਠ ਮਹੀਨੇ ਦੀਆਂ ਤਪਸ਼ਾਂ ਤੋਂ ਬਚ ਕੇ ਪ੍ਰੇਮ ਸ਼ਾਂਤ ਦਾ ਅਨੰਦ, ਸਾਧੂਆਂ ਦੀ ਸੰਗਤ ਪ੍ਰਾਪਤ ਕਰਕੇ, ਗੁਰੂ ਰਜ਼ਾ ਵਿਚ ਰਹਿ ਕੇ ਮਾਣੀਏ।

# ਸੰਪਾਦਕੀ

ਧਾਰਮਿਕ ਸੰਸਾਰ ਵਿਚ ਇਕ ਵਿਚਾਰਣਯੋਗ ਸਮਸਿਆ ਇਹ ਹੈ ਕਿ ਸੰਸਾਰ ਵਿਚ ਕਿਉਂ ਚੰਗੇ ਵਿਅਕਤੀਆਂ ਨਾਲ ਵੀ ਬੁਰਾ ਹੁੰਦਾ ਹੈ? ਨੇਕ ਬੰਦਿਆਂ ਨੂੰ ਵੀ ਦੁੱਖ ਕਿਉਂ ਵਾਪਰਦਾ ਹੈ? ਸੰਸਾਰ ਵਿਚ ਐਨੀਆਂ ਮੁਸੀਬਤਾਂ ਕਿਉਂ ਹਨ? ਧਰਮ ਨੂੰ ਇਨ੍ਹਾਂ ਪ੍ਰਸ਼ਨਾਂ ਦੇ ਤਸੱਲੀ ਬਖਸ਼ ਉਤਰ ਦੇਣੇ ਬਣਦੇ ਹਨ। ਜਦ ਪ੍ਰਮਾਤਮਾ ਸਰਬ ਸ਼ਕਤੀਮਾਨ ਹੈ, ਸਰਬ ਗਿਆਤਾ ਹੈ, ਸਰਬ ਭਰਪੂਰ ਹੈ ਅਤੇ ਪ੍ਰਮ ਕਿਰਪਾਲੂ ਹੈ (ਸਦਾ ਸਦਾ ਸਦਾ ਦਇਆਲ) ਤਾਂ ਫਿਰ ਸੰਸਾਰ ਵਿਚ ਬੁਰਾਈ ਦੁਖ ਅਤੇ ਮੁਸੀਬਤਾਂ ਕਿਉਂ ਹਨ? ਦਾਰਸ਼ਨਿਕ ਇਹ ਸ਼ੰਕਾ ਵੀ ਪ੍ਰਗਟ ਕਰਦੇ ਹਨ ਕਿ ਜੇ ਪ੍ਰਮਾਤਮਾ ਸੰਸਾਰ ਵਿਚੋਂ ਬੁਰਾਈ ਖਤਮ ਕਰਨੀ ਚਾਹੁੰਦਾ ਹੈ ਪਰ ਐਸਾ ਕਰਨ ਦੇ ਸਮਰੱਥ ਨਹੀਂ, ਤਾਂ ਉਹ ਸਰਬ-ਸਮਰਥ ਕਿਵੇਂ ਹੋਇਆ? ਜੇ ਉਹ ਬੁਰਾਈ ਖਤਮ ਕਰਨ ਦੇ ਸਮਰੱਥ ਤਾਂ ਹੈ, ਪਰ ਖਤਮ ਨਹੀਂ ਕਰਨੀ ਚਾਹੁੰਦਾ ਤਾਂ ਉਹ ਦਿਆਲੂ ਕਿਵੇਂ ਹੈ? ਜੇ ਉਹ ਸਰਬ-ਸਮਰੱਥ ਵੀ ਹੈ ਅਤੇ ਸਰਬ-ਦਿਆਲੂ ਵੀ ਹੈ ਤਾਂ ਸੰਸਾਰ ਵਿਚ ਬੁਰਾਈ ਤੇ ਦੁੱਖ ਕਿਉਂ ਹਨ?

ਕੁਝ ਮਹਾਤਮਾ ਬੁਰਾਈ ਦੀ ਹੋਂਦ ਬਾਰੇ ਐਸਾ ਵੀ ਕਹਿੰਦੇ ਹਨ ਕਿ ਦੁਖ ਨੂੰ ਮਾੜੀ ਕਿਸਮਤ ਨਾਲ ਜੋੜਨਾ ਠੀਕ ਨਹੀਂ, ਦੁਖ ਸਦਾ ਸਾਡੀ ਭਲਾਈ ਲਈ ਹੁੰਦਾ ਹੈ। ਗੁਰੂ ਮਹਾਰਾਜ ਨੇ ਵੀ ਦੁਖ ਨੂੰ ਦਾਰੂ ਕਿਹਾ ਹੈ। (ਦੁਖ ਦਾਰੂ ਸੁਖ ਰੋਗ ਭਇਆ) ਦੁਖ ਦੀ ਪੀੜਾ ਵਿਚ ਜੀਵਨ ਦੀ ਰੋਸ਼ਨੀ ਦਿਸਦੀ ਹੈ। ਦੁਖ ਸਜ਼ਾ ਨਹੀਂ, ਸਗੋਂ ਭਾਈਚਾਰੇ ਨਾਲ ਸੁਹਿਰਦਤਾ ਪੈਦਾ ਕਰਨ ਦਾ ਜਰੀਆ ਹੈ, ਇਸ ਨਾਲ ਮਨ ਆਪਣੇ ਕੇਂਦਰ ਨਾਲ ਜੁੜਦਾ ਹੈ ਅਤੇ ਜੀਵਨ ਦੇ ਫਾਲਤੂ ਝਮੇਲਿਆਂ ਤੋਂ ਮੁਕਤ ਹੁੰਦਾ ਹੈ। ਇਸ ਆਸ਼ੇ ਤੋਂ ਬੁਖਾਰ ਹੋਣਾ ਵੀ ਮਾੜੀ ਗੱਲ ਨਹੀਂ। ਵਧਿਆ ਟੈਂਪਰੇਚਰ ਇਹ ਦਸਦਾ ਹੈ ਕਿ ਸਰੀਰ ਦੀ ਮਸ਼ੀਨਰੀ ਵਿਚ ਕਿਤੇ ਗੜਬੜ ਹੈ, ਸਭ ਕੁਝ ਠੀਕ ਨਹੀਂ, ਇਸ ਦੀ ਸੋਧ ਕੀਤੀ ਜਾਵੇ।

ਐਸੇ ਵਿਚਾਰਾਂ ਨਾਲ ਵੀ ਲੋਕਾਂ ਦੀ ਪੂਰੀ ਤਸੱਲੀ ਨਹੀਂ ਹੁੰਦੀ। ਦਾਰਸ਼ਨਿਕ ਨਿਤਸ਼ੇ ਐਸੀਆਂ ਦਲੀਲਾਂ ਦਿੰਦਾ ਰੱਬ ਤੋਂ ਹੀ ਮੁਨਕਰ ਹੋ ਗਿਆ। ਸੰਤ ਐਕੁਨਸ ਲਿਖਦਾ ਹੈ, ਜੇ ਦੋ ਵਿਰੋਧੀ ਵਸਤੂਆਂ ਵਿਚੋਂ ਇਕ ਬਹੁਤਾਤ ਵਿਚ ਹੋਵੇ ਤਾਂ ਦੂਜੀ ਤਾਂ ਆਪੇ ਹੀ ਖਤਮ ਹੋ ਜਾਂਦੀ ਹੈ। ਪ੍ਰਮਾਤਮਾ ਦੀ ਕ੍ਰਿਪਾਲਤਾ, ਦਇਆਲਤਾ, ਨੇਕੀ ਸਚਾਈ ਤਾਂ ਬੇਅੰਤ ਹੈ (ਅੰਤ ਨ ਸਿਫਤੀ ਕਹਿਣ ਨ ਅੰਤ) ਇਸ ਲਈ ਜੇ ਪ੍ਰਮਾਤਮਾ ਅਤੇ ਉਸਦੇ ਬੇਅੰਤ ਗੁਣ ਸਰਬ-ਵਿਆਪਕ ਹਨ ਤਾਂ ਬੁਰਾਈ ਦੀ ਕੋਈ ਥਾਂ ਨਹੀਂ ਹੋਣੀ ਚਾਹੀਦੀ ਪਰ ਬੁਰਾਈ ਦਾ ਸਾਮ੍ਹਣਾ ਤਾਂ ਹਰ ਥਾਂ ਹੋ ਰਿਹਾ ਹੈ, ਇਸ ਲਈ ਪ੍ਰਮਾਤਮਾ ਹੈ ਨਹੀਂ। ਉਸ ਦਾ ਪਹਿਲਾ ਵਿਚਾਰ ਤਾਂ ਠੀਕ ਹੈ, ਪਰ ਦੂਜਾ ਠੀਕ ਨਹੀਂ। ਸੱਚਮੁਚ ਹੀ ਵਾਹਿਗੁਰੂ ਦੇ ਸੰਸਾਰ ਵਿਚ ਸੱਚ ਹੀ ਸੱਚ ਹੈ, ਨੇਕੀ ਹੀ ਨੇਕੀ ਹੈ, ਸੁਖ ਹੀ ਸੁਖ ਹੈ, ਅਨੰਦ ਹੀ ਅੰਨਦ ਹੈ, ਵਿਗਾਸ ਹੀ ਵਿਗਾਸ ਹੈ (ਨਾਨਕ ਭਗਤਾ ਸਦਾ ਵਿਗਾਸ) ਫੇਰ ਦੁਖ ਕਿਵੇਂ ਹੈ?

ਦੁਖ ਹਉਮੈ ਦੇ ਸੰਸਾਰ ਵਿਚ ਹੈ। ਜਦੋਂ ਮਨੁੱਖ ਰੱਬ ਅਤੇ ਰੱਬ ਦੇ ਸੰਸਾਰ ਨੂੰ ਭੁੱਲ ਕੇ ਆਪਣੇ ਮਨ ਅਤੇ ਹਉਮੈ ਦਾ ਸੰਸਾਰ ਰਚ ਲੈਂਦਾ ਹੈ ਤਾਂ ਉਹ ਸੁਖ ਦੁਖ ਦੇ ਸੰਸਾਰ ਵਿਚ ਕਿਰਿਆਸ਼ੀਲ ਹੁੰਦਾ, ਸੰਸਾਰਕ ਪਦਾਰਥਾਂ ਦੀ ਪ੍ਰਾਪਤੀ ਵਿਚ ਸੁਖ ਅਤੇ ਉਨ੍ਹਾਂ ਦੇ ਖੁਸ ਜਾਣ ਜਾਂ ਵਿਨਾਸ ਹੋਣ ਨੂੰ ਦੁਖ ਮੰਨਦਾ ਹੈ। ਇਸ ਹਉਮੈ ਦੇ ਮਾਇਕ ਸੰਸਾਰ ਦੀ ਕੋਈ ਅਸਲੀਅਤ ਨਹੀਂ, ਇਹ ਧੂਏਂ ਦਾ ਪਹਾੜ ਹੈ। ਇਹ ਮ੍ਰਿਗ ਤ੍ਰਿਸ਼ਨਾ ਹੈ, ਇਹ ਸੁਪਨਾ ਹੈ। ਮਾਇਕ ਸੰਸਾਰ ਦੇ ਦੋ ਪੱਕੇ ਨਿਯਮ ਹਨ - 1. ਇਹ ਜੰਮਦਾ ਹੈ ਤੇ ਅਵੱਸ਼ ਮਰਦਾ ਹੈ। ਜਨਮ ਮਰਣ ਦੇ ਗੇੜ ਵਿਚ ਹੈ, ਮਰਨਸ਼ੀਲ ਹੈ, ਬਿਨਸਨਹਾਰ ਹੈ। 2. ਇਹ ਹਰ ਛਿਨ ਬਦਲਦਾ ਰਹਿੰਦਾ ਹੈ, ਪਰਿਵਰਤਨਸ਼ੀਲ ਹੈ।

ਮਨੁੱਖ ਦਾ ਸਰੀਰ ਤੇ ਮਨ ਵੀ ਸਦਾ ਬਦਲਦੇ ਹਨ। ਸਰੀਰ ਮਰਨਸ਼ੀਲ ਹੈ ਪਰ ਮਨ ਸੂਖਮ ਰੂਪ ਵਿਚ ਕਈ ਜਨਮ ਨਾਲ ਘੁੰਮਦਾ ਹੈ। ਮਨੁੱਖ ਜੋ ਕਰਮ ਕਰਦਾ ਹੈ, ਉਸ ਦਾ ਪਲ ਭੋਗਦਾ ਹੈ। ਚੰਗੇ ਕਰਮਾਂ ਦਾ ਚੰਗਾ ਫਲ, ਬੁਰੇ ਕਰਮਾਂ ਦਾ ਬੁਰਾ ਫਲ। ਇਹ ਰੱਬੀ ਹੁਕਮ ਅਨੁਸਾਰ ਹੈ, ਉਹ ਹੁਕਮ ਜੋ ਸਰਬ ਵਿਆਪਕ ਹੈ ਅਤੇ ਰੱਬ ਵਾਂਗ ਸਰਬ ਸ਼ਕਤੀਮਾਨ ਹੈ। ਸਾਰੀ ਕਾਇਨਾਤ, ਖੰਡ, ਬ੍ਰਹਿਮੰਡ ਹੁਕਮ ਵਿਚ ਹੀ ਕਿਰਿਆਸ਼ੀਲ ਹਨ -

*ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥*
*ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥*
*ਹੁਕਮੀ ਉਤਮੁ ਨੀਚੁ*
*ਹੁਕਮਿ ਲਿਖਿ ਦੁਖ ਸੁਖ ਪਾਈਅਹਿ॥*
*ਇਕਨਾ ਹੁਕਮੀ ਬਖਸੀਸ*
*ਇਕਿ ਹੁਕਮੀ ਸਦਾ ਭਵਾਈਅਹਿ॥*
*ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮੁ ਨ ਕੋਇ॥*
*ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥*
*ਅੰਗ - 1*

ਰੱਬ ਸਰਬ ਸ਼ਕਤੀਮਾਨ ਹੈ, ਹੁਕਮ 1 ਤੋੜਨ ਤੇ ਸਮਰੱਥ ਹੈ ਪਰ ਐਸਾ ਕਰਦਾ ਨਹੀਂ। ਕਿਉਂਕਿ ਹੁਕਮ ਸੰਪੂਰਨ ਅਤੇ ਪੂਰਨ ਤੌਰ ਤੇ ਨਿਆਂਸ਼ੀਲ ਹੈ। ਇਹ ਦੁਨਿਆਵੀ ਕਾਨੂੰਨ ਨਹੀਂ, ਜਿਸਨੂੰ ਬਾਰ-ਬਾਰ ਬਦਲਣਾ ਪੈਂਦਾ ਹੈ। ਗੁਰਬਾਣੀ ਦਾ ਫੁਰਮਾਨ ਹੈ -

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥*
*ਅੰਗ - 135*

*ਪੁੰਨੀ ਪਾਪੀ ਆਖਣੁ ਨਾਹਿ॥*
*ਕਰਿ ਕਰਿ ਕਰਣਾ ਲਿਖਿ ਲੈ ਜਾਹੁ॥*

(ਬਾਕੀ ਪੰਨਾ 56 ਤੇ)

# ਜੀਵਨ ਮਨੋਰਥ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂਹਾਨੀ. ਮਿਸ਼ਨ***

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ - 47 ))*

ਇਹ ਮਨੁੱਖ ਦੇ ਕੋਲ ਵਾਧੂ ਚੀਜ਼ ਐ। ਇਸ ਕਰਕੇ ਮਨੁੱਖ ਨੂੰ ਵਡਿਆਈ ਆ ਹੀ ਜਾਂਦੀ ਹੈ। ਜੇ ਦਰਵਾਜ਼ਾ ਖੁਲ੍ਹ ਜਾਵੇ ਤਾਂ ਵਾਹਿਗੁਰੂ ਇਹਦੇ 'ਚ ਪ੍ਰਗਟ ਹੋ ਜਾਂਦਾ ਹੈ, ਨਾਮ ਪ੍ਰਗਟ ਹੋ ਜਾਂਦਾ ਹੈ, ਜਿਹੜਾ ਇਹਦੇ ਅੰਦਰ ਰੱਖਿਆ ਹੋਇਆ ਹੈ। ਲੇਕਿਨ ਦਰਵਾਜ਼ਾ ਬੰਦ ਹੈ, ਬਜਰ ਕਪਾਟ ਜੜੇ ਨੇ। ਕਹਿੰਦੇ -

***ਸਾਚਾ ਵਾਸਾ ਪੁਰਿ ਗਗਨੰਦਰਿ॥ ਅੰਗ - 1033***

ਦੱਸ ਵੀ ਦਿਤੀ ਕਿ ਦਸਵੇਂ ਦੁਆਰ ਦੇ ਵਿਚ ਵਾਹਿਗੁਰੂ ਦਾ ਪ੍ਰਕਾਸ਼ ਹੈ - ਤੇਰੇ ਅੰਦਰ। ਕਹਿੰਦੇ, ਉਹ 'ਅਸਥਿਰੁ ਥਾਨੁ', ਨਿਰਮਲ ਹੈ ਬਿਲਕੁਲ -

***ਆਪੇ ਆਪੁ ਉਪਾਇਦਾ॥ ਅੰਗ - 1033***

ਸਦਾ ਨਿਰਮੈਲ ਹੈ - ਸਦਾ ਹੀ, ਕਦੇ ਮੈਲ ਨਹੀਂ ਉਥੇ ਲੱਗਦੀ। ਵਾਹਿਗੁਰੂ ਨੇ ਆਪੇ ਹੀ ਆਪਣਾ ਅਸਥਾਨ ਰੱਖ ਲਿਆ ਏਸ ਸਰੀਰ ਦੇ ਅੰਦਰ। ਇਹ ਨਹੀਂ ਹੈ ਕਿ ਵਾਹਿਗੁਰੂ ਪੈਰ ਦੇ ਅੰਗੂਠੇ 'ਚ ਨਹੀਂ, ਸਾਰੇ ਹੀ ਹੈ ਹਰ ਥਾਂ ਤੇ। ਲੇਕਿਨ ਜਿਵੇਂ ਦਰਵਾਜ਼ਾ ਰੱਖ ਲਈਦੈ ਨਾ! ਕੋਠੀ 'ਚ ਬੈਠ ਜਾਈਏ ਅਸੀਂ, ਤੇ ਕੋਠੀ ਦੇ ਵਿਚੋਂ ਇਕ ਦਰਵਾਜ਼ਾ ਖੋਲ੍ਹ ਕੇ ਰੱਖ ਲਈਏ, ਉਹ ਦਰਵਾਜ਼ਾ ਇਕੋ ਹੀ ਹੋਵੇ - ਉਹ ਦਰਵਾਜ਼ਾ ਰੱਖ ਲਿਆ ਵਾਹਿਗੁਰੂ ਨੇ - ਐਹ ਗੁਫਾ ਦੇ ਅੰਦਰ ਇਹਨੂੰ ਗੁਫਾ ਕਹਿੰਦੇ ਨੇ -

***ਅੰਦਰਿ ਕੋਟ ਛਜੇ ਹਟਨਾਲੇ॥***
***ਆਪੇ ਲੇਵੈ ਵਸਤੁ ਸਮਾਲੇ॥ ਅੰਗ - 1033***

ਇਹਦੇ 'ਚ ਐਨੀਆਂ ਚੀਜ਼ਾਂ ਨੇ ਜਿਹੜੀਆਂ ਦੱਸੀਆਂ ਹੀ ਨਹੀਂ ਜਾਂਦੀਆਂ - ਐਨੀਆਂ ਸ਼ਕਤੀਆਂ ਦਾ ਭੰਡਾਰਾ ਪਿਆ ਹੈ ਇਹਦੇ 'ਚ। ਜੇ ਖੋਜ ਕਰ ਲਓ - ਬੰਦਾ ਘਰੋਂ ਤੁਰੂਗਾ ਇਥੇ ਪਤਾ ਲਗ ਜਾਊ ਕਿ ਹੁਣ ਬੱਸ ਚੜ੍ਹ ਰਿਹਾ ਹੈ, ਹੁਣ ਆ ਰਿਹਾ ਹੈ, ਹੁਣ ਉਹਦਾ ਇਰਾਦਾ ਆਹ ਹੈ, ਆਹ ਗੱਲ ਉਹਨੇ ਆ ਕੇ ਕਰਨੀ ਹੈ, ਪਹਿਲਾਂ ਹੀ ਪਤਾ ਹੈ ਕਿਉਂਕਿ ਉਹ ਚੀਜ਼ਾਂ ਪੈਦਾ ਹੁੰਦੀਆਂ ਨੇ ਇਹਦੇ ਅੰਦਰ। ਨਾ ਮਿਹਨਤ ਕਰੇ, ਫੇਰ ਨਹੀਂ, ਫੇਰ ਉਹ ਲੰਘ ਜਾਂਦੀ ਹੈ। ਵਾਹਿਗੁਰੂ ਨੇ ਐਨਾ ਕੁਛ ਇਹਦੇ ਅੰਦਰ ਰੱਖਿਆ ਹੈ, ਕੋਈ ਹਿਸਾਬ ਹੀ ਨਹੀਂ -

***ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥***
***ਅੰਗ - 695***

ਸਾਇੰਸ ਜਿਥੇ ਤਕ ਪਹੁੰਚੀ ਹੈ, ਉਹ ਸਾਰਾ ਸਾਡੇ ਅੰਦਰ ਹੈ। ਹਰੇਕ ਚੀਜ਼ ਅੰਦਰ ਹੈ, ਉਹ ਇਲੈਕਟ੍ਰਾਨ, ਪ੍ਰੋਟਾਨ, ਨਿਉਟ੍ਰਾਨ 'ਚ ਆਈ। ਉਹ ਸਾਡੇ ਸਰੀਰ ਵਿਚ ਵੀ ਹੈ। ਉਸ ਤੋਂ ਬਾਅਦ ਉਹ ਐਨਰਜੀ 'ਚ ਆਈ। ਐਨਰਜੀ ਸਾਡੇ ਅੰਦਰ ਹੈ, ਨਾਮ ਦੀ ਐਨਰਜੀ। ਉਸ ਤੋਂ ਬਾਅਦ ਉਹ ਸ਼ਬਦ ਵਿਚ ਆਈ, ਉਹ ਸ਼ਬਦ ਸਾਡੇ ਅੰਦਰ ਹੈ। ਉਹ big-bang 'ਚ ਰੁਕ ਗਈ। ਅਸੀਂ ਅਗਾਹਾਂ ਤੁਰ ਪਏ। ਜੋ ਸਾਰਾ ਬ੍ਰਹਿਮੰਡ ਦੇ ਅੰਦਰ ਹੈ, ਜੋ ਅਸੂਲ, ਬ੍ਰਹਿਮੰਡ ਜਿੰਨਾਂ ਵੀ ਹੈ ਉਹੀ ਅਸੂਲ ਇਹਦੇ ਇਕੱਲੇ-ਇਕੱਲੇ ਰੋਮ ਦੇ ਵਿਚ ਹੈ। ਸੋ ਮਹਾਰਾਜ ਕਹਿੰਦੇ, ਉਹ ਚੀਜ਼ ਹੈ -

***ਅੰਦਰਿ ਕੋਟ ਛਜੇ ਹਟਨਾਲੇ॥***
***ਆਪੇ ਲੇਵੈ ਵਸਤੁ ਸਮਾਲੇ॥***
***ਬਜਰ ਕਪਾਟ ਜੜੇ ਜੜਿ ਜਾਣੈ***
***ਗੁਰ ਸਬਦੀ ਖੋਲਾਇਦਾ॥ ਅੰਗ - 1033***

ਗੁਰੂ ਦਾ ਸ਼ਬਦ ਮਿਲ ਜਾਵੇ, ਗੁਰੂ ਦੀ ਮਦਦ ਹੋ ਜਾਏ ਕਿਉਂਕਿ ਸ਼ਬਦ ਨੂੰ ਸ਼ਬਦ ਟੋਲ ਲਿਆ ਕਰਦਾ ਹੈ। ਬਾਹਰਲੇ ਸ਼ਬਦ ਨੇ ਅੰਦਰਲੇ ਸ਼ਬਦ ਨੂੰ ਫੜ ਲੈਣਾ ਹੈ ਜਾ ਕੇ। ਬਾਹਰਲਾ ਸ਼ਬਦ ਹੈ ਗੁਰੂ ਕੋਲ। ਉਹ ਸ਼ਬਦ ਦੇ ਕੇ ਬਜਰ ਕਪਾਟਾਂ ਦੀ ਚਾਬੀ ਮਿਲ ਜਾਂਦੀ ਹੈ -

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ***
***ਕੁੰਜੀ ਗੁਰ ਸਉਪਾਈ॥***
***ਅਨਿਕ ਉਪਾਵ ਕਰੇ ਨਹੀ ਪਾਵੈ***
***ਬਿਨੁ ਸਤਿਗੁਰ ਸਰਣਾਈ॥ ਅੰਗ - 205***

ਜਿੰਨਾਂ ਚਿਰ ਪੂਰੇ ਗੁਰੂ ਦੀ ਸ਼ਰਨ ਵਿਚ ਨਹੀਂ ਆਉਂਦਾ, ਉਨਾਂ ਚਿਰ ਉਹ ਚਾਬੀ ਨਹੀਂ ਮਿਲਦੀ, ਬਜਰ ਕਪਾਟ ਖੁਲ੍ਹਦੇ ਨਹੀਂ ਹਨ -

***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥***
***ਅੰਗ - 954***

ਫੇਰ ਕਹਿੰਦੇ -

***ਭੀਤਰਿ ਕੋਟ ਗੁਫਾ ਘਰ ਜਾਈ॥***
***ਨਉ ਘਰ ਥਾਪੇ ਹੁਕਮਿ ਰਜਾਈ॥ ਅੰਗ - 1033***

ਜਦੋਂ ਇਹ ਗੁਫਾ 'ਚ ਦਾਖਲ ਹੁੰਦੀ ਹੈ - 'ਸੁਰਤਿ' ਸੁਰਤਿ ਤਾਂ ਸਾਡੀ ਫਿਰਦੀ ਹੈ ਬਾਹਰ ਬਾਹਰ। ਬਾਣੀ ਪੜ੍ਹ ਲੈਣੀ, ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਕਰ ਲੈਣੇ, ਬਹੁਤ ਇਥੇ ਰੁਕੇ ਪਏ ਨੇ, ਅਗਾਹਾਂ ਚਲਦੇ ਹੀ ਨਹੀਂ। ਬਾਣੀ ਕਹਿੰਦੀ ਕੀ ਹੈ?

*ਸਿਮਰਉ ਸਿਮਰਿ ਸਿਮਰਿ ਸੁਖ ਪਾਵਉ॥*
*ਕਲਿ ਕਲੇਸ ਤਨ ਮਾਹਿ ਮਿਟਾਵਉ॥*
*ਪ੍ਰਭੂ ਕੈ ਸਿਮਰਨਿ ਗਰਭਿ ਨ ਬਸੈ॥*
*ਪ੍ਰਭ ਕੈ ਸਿਮਰਨਿ ਦੂਖ ਜਮੁ ਨਸੈ॥*
*ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥*
*ਪ੍ਰਭ ਕੈ ਸਿਮਰਨਿ ਦੁਸਮਨੁ ਟਰੈ॥*
*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥*
*ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ॥*

*ਅੰਗ - 262*

ਬਾਣੀ ਐਉਂ ਕਹਿੰਦੀ ਹੈ ਕਿ ਤੂੰ ਉਹਨੂੰ ਯਾਦ ਵਿਚ ਵਸਾ। ਜੇ ਅਸੀਂ ਇਹੀ ਪੜ੍ਹੀ ਜਾਈਏ, ਏਹੀ ਪੜ੍ਹੀ ਜਾਈਏ, ਫੇਰ ਸਿਆਨਿਆਂ ਤੋਂ ਪੁੱਛੋ ਕਿ ਗੱਲ ਪੂਰੀ ਹੋ ਗਈ ਕਿ ਨਹੀਂ? ਨੁਸਖਾ ਦੇ ਦਿਤਾ ਡਾਕਟਰ ਨੇ, ਨਾਲ ਵਿਧੀ ਲਿਖ ਦਿਤੀ ਕਿ ਐਉਂ ਖਾ ਲਈਂ। ਉਹ ਨੁਸਖਾ ਹੀ ਪੜ੍ਹੀ ਜਾਂਦਾ ਹੈ, ਜ਼ੁਬਾਨੀ ਯਾਦ ਕਰ ਲਿਆ। ਉਹ ਬਿਮਾਰੀ ਦੂਰ ਹੋ ਜਾਊ ਕਿ ਰਹਿ ਜਾਊਗੀ? ਬਾਣੀ ਜਿਹੜੀ ਹੈ ਇਹ ਕਰਮ ਵਿਚ ਆਉਂਦੀ ਹੈ, ਕਰਮ ਤੋਂ ਅਗਾਹਾਂ ਉਪਾਸਨਾ ਹੈ। ਉਪਾਸਨਾ ਦੇ ਅੰਦਰ ਦੀ ਖੋਜ। ਅੰਦਰ ਦਾਖਲ ਹੋਣਾ ਹੈ ਸੁਰਤਿ ਨੇ। ਸੁਰਨਿ ਨੇ ਦਾਖਲ ਹੋ ਕੇ ਮੰਜ਼ਿਲ ਦਰ ਮੰਜ਼ਿਲ ਆਪਣੇ ਅੰਦਰ ਸਫਰ ਤਹਿ ਕਰਨਾ ਹੈ। ਉਹਦੇ ਬਾਅਦ 'ਬਿਬੇਕ' ਮੰਡਲ ਦੇ ਵਿਚ ਪ੍ਰਵੇਸ਼ ਕਰਨਾ ਹੈ। ਬਿਬੇਕ ਮੰਡਲ ਵਿਚ ਗਿਆਨ ਨੇ ਉਦੈ ਹੋਣਾ ਹੈ। ਗਿਆਨ ਨੇ ਉਥੇ ਲੈ ਜਾਣਾ ਹੈ, ਜਿਥੋਂ ਮੈਂ ਸ਼ੁਰੂ ਕਰਿਆ ਸੀ ਪਹਿਲਾਂ -

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥*

*ਅੰਗ - 463*

ਉਹ ਗਿਆਨ ਤੋਂ ਬਿਨਾਂ ਨਹੀਂ ਜਾਣਾ, ਗਿਆਨ ਨੇ ਦ੍ਰਿੜ੍ਹ ਹੋਣਾ ਹੈ। ਉਹਨੂੰ ਆਤਮ ਚਿੰਤਨ ਕਹਿੰਦੇ ਨੇ। ਉਸ ਤੋਂ ਬਗੈਰ ਛੁਟਕਾਰਾ ਨਹੀਂ ਹੁੰਦਾ। ਜਦ ਦ੍ਰਿੜ੍ਹ ਹੋ ਗਿਆ, ਫੇਰ ਜੀਵਨ ਆਉਣਾ ਹੈ -

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥*

*ਅੰਗ - 62*

ਮਹਾਰਾਜ ਕਹਿੰਦੇ ਇਹ ਚੀਜ਼ਾਂ ਤੇਰੇ ਅੰਦਰ ਨੇ -

*ਭੀਤਰਿ ਕੋਟ ਗੁਫਾ ਘਰ ਜਾਈ॥*
*ਨਉ ਘਰ ਥਾਪੇ ਹੁਕਮਿ ਰਜਾਈ॥*
*ਦਸਵੈ ਪੁਰਖੁ ਅਲਖੁ ਅਪਾਰੀ॥*
*ਆਪੇ ਅਲਖੁ ਲਖਾਇਦਾ॥ ਅੰਗ - 1033*

ਜਿਹਦੇ ਵਿਚ 'ਵਾਹਿਗੁਰੂ' ਵਸ ਗਿਆ, ਜਿਹਦੇ 'ਚ ਵਾਹਿਗੁਰੂ ਪ੍ਰਗਟ ਹੋ ਕੇ ਦੇਖ ਸਕਦੇ ਹਾਂ। ਇਹ ਕੋਈ ਆਪੇ ਕਥੀ ਹੋਈ ਗੱਲ ਨਹੀਂ ਕਿ ਮਨੁੱਖ ਦੇ ਹੱਥ 'ਚ ਗੱਲ ਆ ਗਈ ਤੇ ਉਹਨੇ ਕਹਿ ਦਿਤਾ ਕਿ ਸਾਡਾ ਜਿਹੜਾ ਜਨਮ ਹੈ, ਸਭ ਤੋਂ ਵੱਡਾ ਹੈ। ਜੇ ਭਲਾ ਕੁੱਤਿਆਂ ਨੂੰ ਵੀ ਸਮਝ ਆ ਜਾਂਦੀ? ਕੁੱਤੇ ਕਹਿ ਦੇਂਦੇ ਸਾਡਾ ਜਨਮ ਤੁਹਾਡੇ ਨਾਲੋਂ ਵੀ ਵਧੀਆ ਹੈ। ਉਨ੍ਹਾਂ ਵਿਚ ਗੁਣ ਤਾਂ ਹੈਗੇ ਸਾਡੇ ਨਾਲੋਂ ਕਈ ਵਿਸ਼ੇਸ਼, ਪਰ ਜਨਮ ਵਧੀਆ ਨਹੀਂ ਹੈ ਕਿਉਂਕਿ ਸਾਡੇ ਸਰੀਰ ਦੇ ਅੰਦਰ ਵਾਸਾ ਹੈ - ਪ੍ਰਮੇਸ਼ਰ ਦਾ, ਜਿਥੋਂ ਪ੍ਰਗਟ ਹੋ ਸਕਦਾ ਹੈ। ਸੋ ਮਹਾਰਾਜ ਕਹਿੰਦੇ, ਇਹ ਵਡਿਆਈ ਤੈਨੂੰ ਦਿਤੀ ਹੈ।

*ਇਸੁ ਪਉੜੀ ਤੇ ਜੋ ਨਰੁ ਚੂਕੈ*
*ਸੋ ਆਇ ਜਾਇ ਦੁਖੁ ਪਾਇਦਾ॥ ਅੰਗ - 1075*

ਇਹ ਜਿਹੜੀ ਦੇਹੀ ਹੈ, ਜਿੰਨੀ ਕਾਇਨਾਤ ਹੈ ਸਾਰੀ, ਜਿੰਨੀਆਂ ਸ੍ਰਿਸ਼ਟੀਆਂ ਨੇ, ਇਕ ਨਹੀਂ, ਕਰੋੜਾਂ ਸ੍ਰਿਸ਼ਟੀਆਂ ਆਹ ਧਰਤੀ ਤੇ ਵਾਹਿਗੁਰੂ ਨੇ ਐਸੀ ਕ੍ਰਿਪਾ ਕਰਕੇ ਇਕ ਜੂਨ ਪੈਦਾ ਕਰ ਦਿਤੀ। ਜਿਹਨੂੰ ਮਨੁੱਖ ਕਹਿੰਦੇ ਨੇ, ਮਾਨਸ ਕਹਿੰਦੇ ਨੇ, ਉਹ ਜਿਹੜੇ ਸੋਝੀ ਵਾਲੇ ਬੈਠੇ ਨੇ, ਦੇਵਤੇ ਬੈਠੇ ਨੇ - ਸਵਰਗ ਲੋਕ, ਇੰਦਰ ਲੋਕ, ਕਰਮਦੇਵ ਲੋਕ, ਅਜਾਨਦੇਵ ਲੋਕ, ਪਰਜਾਪਤ ਲੋਕ, ਬ੍ਰਹਮ ਲੋਕ, ਸ਼ਿਵ ਲੋਕ, ਬੈਕੁੰਠ ਧਾਮ, ਉਥੇ ਤਕ ਦੇ ਦੇਵਤੇ ਲੋਚਾ ਕਰਦੇ ਨੇ-

*ਧਾਰਨਾ - ਜਿਹੜੀ ਦੇਹੀ ਨੂੰ ਲੋਚਦੇ ਦੇਵਤੇ,*
*ਉਹ ਦੇਹੀ ਤੈਨੂੰ ਮਿਲ ਗਈ ਪਿਆਰਿਆ।*

*ਗੁਰ ਸੇਵਾ ਤੇ ਭਗਤਿ ਕਮਾਈ॥*
*ਤਬ ਇਹ ਮਾਨਸ ਦੇਹੀ ਪਾਈ॥*
*ਇਸ ਦੇਹੀ ਕਉ ਸਿਮਰਹਿ ਦੇਵ॥*
*ਸੋ ਦੇਹੀ ਭਜੁ ਹਰਿ ਕੀ ਸੇਵ॥*
*ਭਜਹੁ ਗੋਬਿੰਦ ਭੂਲਿ ਮਤ ਜਾਹੁ॥*
*ਮਾਨਸ ਜਨਮ ਕਾ ਏਹੀ ਲਾਹੁ॥*
*ਜਬ ਲਗੁ ਜਰਾ ਰੋਗੁ ਨਹੀ ਆਇਆ॥*
*ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥*
*ਜਬ ਲਗੁ ਬਿਕਲ ਭਈ ਨਹੀ ਬਾਨੀ॥*
*ਭਜਿ ਲੇਹਿ ਰੇ ਮਨ ਸਾਰਿਗਪਾਨੀ॥*
*ਅਬ ਨ ਭਜਸਿ ਭਜਸਿ ਕਬ ਭਾਈ॥*
*ਆਵੈ ਅੰਤੁ ਨ ਭਜਿਆ ਜਾਈ॥*
*ਜੋ ਕਿਛੁ ਕਰਹਿ ਸੋਈ ਅਬ ਸਾਰੁ॥*
*ਫਿਰਿ ਪਛੁਤਾਹੁ ਨ ਪਾਵਹੁ ਪਾਰੁ॥*

*ਅੰਗ - 1159*

ਸੋ ਇਹ ਕੀਮਤੀ ਜਨਮ, ਇਹਦੇ 'ਚੋਂ ਅਸੀਂ ਵਾਹਿਗੁਰੂ ਨੂੰ ਦੇਖ ਸਕਦੇ ਹਾਂ, ਹੋਰ ਕੋਈ ਜਨਮ ਹੀ ਨਹੀਂ ਹੈ, ਜਿਹੜੇ 'ਚ ਸਾਨੂੰ ਵਾਹਿਗੁਰੂ ਦਿਸ ਜਾਵੇ। ਨਹੀਂ ਤਾਂ ਲਿਖ ਦੇਂਦੇ ਮਹਾਰਾਜ ਕਿ ਜਦ ਤੂੰ ਸ਼ੇਰ ਬਣੇਗਾ ਤਾਂ ਦਿਸੂ, ਜਾਂ ਜਦ ਬਾਜ ਬਣੇਗਾ, ਤੈਨੂੰ ਜਦ ਵੀ ਦਿਸ ਜਾਊ। ਉਹ ਕਹਿੰਦੇ ਕੇਵਲ ਮਨੁੱਖਾ ਦੇਹੀ ਹੈ ਜਿਸਦੇ ਵਿਚ ਤੂੰ ਆਪਣੇ ਅਸਲੇ ਵਲ ਜਾ ਸਕਦਾ ਹੈਂ। ਜੇ ਨਾ ਗਿਆ ਤਾਂ ਫੇਰ

ਕਹਿੰਦੇ ਪਛਤਾਉਣਾ ਪੈ ਜਾਏਗਾ।

*ਇਸੁ ਪਉੜੀ ਤੇ ਜੋ ਨਰੁ ਚੂਕੈ*
*ਸੋ ਆਇ ਜਾਇ ਦੁਖੁ ਪਾਇਦਾ॥ ਅੰਗ - 1075*

ਉਹ ਸੁਖਾਲਾ ਨਹੀਂ ਰਹਿਣਾ। ਜਿਹੜਾ ਚੂਕ ਗਿਆ ਇਹ ਪਉੜੀ ਤੋਂ, ਉਹ ਆਉਂਦਾ ਰਹੇਗਾ ਤੇ ਜਾਂਦਾ ਰਹੇਗਾ ਤੇ ਦੁੱਖ ਉਹਨੂੰ ਪ੍ਰਾਪਤ ਹੁੰਦੇ ਰਹਿਣਗੇ। ਸੋ ਮਨੁੱਖ ਨੂੰ ਪੂਰਾ ਅੰਤਰਸ਼ਕਰਣ ਮਿਲਿਆ ਹੋਇਆ ਹੈ। ਮੈਂ ਇਹ ਬੇਨਤੀ ਕਰਦਾ ਸੀ ਕਿ ਪਸ਼ੂਆਂ ਨੂੰ ਨਹੀਂ ਮਿਲਿਆ, ਉਹ ਵਿਚਾਰ ਸ਼ਕਤੀ ਤੋਂ ਹੀਣੇ ਨੇ। ਬਾਕੀ ਜਿਹੜੀਆਂ ਉਨ੍ਹਾਂ 'ਚ ਹੋਰ ਆਦਤਾਂ ਨੇ ਉਹ ਵੀ ਖਾਂਦੇ ਨੇ, ਅਸੀਂ ਵੀ ਖਾਂਦੇ ਹਾਂ, ਉਹ ਵੀ ਬੱਚੇ ਪੈਦਾ ਕਰਦੇ ਨੇ, ਅਸੀਂ ਵੀ ਕਰਦੇ ਹਾਂ, ਉਹ ਵੀ ਆਰਾਮ ਚਾਹੁੰਦੇ ਨੇ, ਅਸੀਂ ਵੀ ਆਰਾਮ ਚਾਹੁੰਦੇ ਹਾਂ, ਉਹ ਵੀ ਇਕ ਦੂਜੇ ਦਾ ਖੋਹ ਲੈਂਦੇ ਨੇ, ਅਸੀਂ ਵੀ ਇਕ ਦੂਜੇ ਦਾ ਖੋਹ ਲੈਂਦੇ ਹਾਂ। ਫੇਰ ਮਹਾਰਾਜ ਕਹਿੰਦੇ ਜੇ ਵਿਚਾਰ ਤੋਂ ਹੀਣਾ ਹੈ ਨਾ ਤਾਂ ਤੇਰੇ ਅਰ ਪਸ਼ੂ ਦੇ ਵਿਚ ਕੋਈ ਵੀ ਫਰਕ ਨਹੀਂ ਹੈ। ਤੂੰ ਬਿਲਕੁਲ ਪਸ਼ੂ ਹੈਂ। ਏਸ ਤਰ੍ਹਾਂ ਫੁਰਮਾਨ ਕਰਦੇ ਨੇ।

*ਧਾਰਨਾ - ਆਵਨ ਆਏ ਸ੍ਰਿਸਟਿ ਮਹਿ - 2,*
*ਬਿਨ ਬੂਝੇ ਪਸੁ ਢੋਰ, ਆਵਨ......2*

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ॥*
*ਅੰਗ - 251*

ਕਹਿੰਦੇ, ਜੇ ਵਿਚਾਰ-ਸ਼ਕਤੀ ਨਹੀਂ ਹੈ - ਮਨੁੱਖ ਦੇ ਅੰਦਰ, ਤਾਂ ਪਸ਼ੂ ਅਰ ਉਹਦੇ ਵਿਚ ਕੋਈ ਫਰਕ ਨਹੀਂ ਹੈ। ਵਿਚਾਰ ਸ਼ਕਤੀ ਤਾਂ ਬਹੁਤ ਕਿਸਮ ਦੀ ਹੁੰਦੀ ਹੈ। ਕੋਈ ਮਕਾਨ ਬਣਾਉਣ ਜਾਣਦਾ ਹੈ, ਉਹਦੀ ਵਿਚਾਰ ਸ਼ਕਤੀ ਇੰਜਨੀਅਰ ਦਾ ਕੰਮ ਕਰ ਦਿੰਦੀ ਹੈ, ਕੋਈ ਸਾਇੰਸ ਦਾ ਵਿਦਿਆਰਥੀ ਹੈ, ਸਾਇੰਸ ਦੀਆਂ ਨਵੀਆਂ ਤੋਂ ਨਵੀਆਂ ਖੋਜਾਂ ਕੱਢ ਲਈਆਂ ਪਰ ਵਿਚਾਰ ਸ਼ਕਤੀ ਫੇਰ ਵੀ ਨਹੀਂ। ਵਿਚਾਰ-ਸ਼ਕਤੀ ਉਹ ਹੁੰਦੀ ਹੈ ਕਿ ਮੈਂ ਇਹ ਸੰਸਾਰ 'ਚ ਆਇਆਂ, ਗੁਰੂ ਪੀਰ, ਮਹਾਂਪੁਰਸ਼ ਸਾਰੇ ਕਹਿੰਦੇ ਨੇ ਕਿ ਤੂੰ ਪਹਿਲਾਂ ਤੋਂ ਮਨੁੱਖ ਨਹੀਂ ਸੀ -

*ਫਿਰਤ ਫਿਰਤ ਬਹੁਤੇ ਜੁਗ ਹਾਰਿਓ*
*ਮਾਨਸ ਦੇਹ ਲਹੀ॥*
*ਨਾਨਕ ਕਹਤ ਮਿਲਨ ਕੀ ਬਰੀਆ*
*ਸਿਮਰਤ ਕਹਾ ਨਹੀ॥ ਅੰਗ - 631*

ਤੇਰੀ ਵਾਰੀ ਆਈ ਹੋਈ ਹੈ ਤੇ ਤੂੰ ਉਸ ਦੀ ਵਰਤੋਂ ਨਹੀਂ ਕਰ ਰਿਹਾ। ਏਸ ਤਰ੍ਹਾਂ ਫੁਰਮਾਨ ਕਰਦੇ ਨੇ ਮਹਾਰਾਜ-

*ਧਾਰਨਾ - ਇਹੋ ਤੇਰੀ ਵਾਰੀ ਐ,*
*ਗੋਬਿੰਦ ਮਿਲਣੇ ਦੀ - 2, 2.*

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮੁ॥*
*ਅੰਗ - 12*

ਕਹਿੰਦੇ, ਪਿਆਰਿਆ! ਵਾਰੀ ਆ ਗਈ ਘੁੰਮਦੇ-ਘੁੰਮਦੇ ਦੀ -

*ਫਿਰਤ ਫਿਰਤ ਬਹੁਤੇ ਜੁਗ ਹਾਰਿਓ*
*ਮਾਨਸ ਦੇਹ ਲਹੀ॥ ਅੰਗ - 631*

ਮਹਾਰਾਜ! ਮੈਂ ਪਹਿਲਾਂ ਕਿਥੇ ਸੀ? ਕਹਿੰਦੇ -

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥ ਅੰਗ - 176*

ਐਵੇਂ ਨਾ ਸਮਝ ਕਿ ਮੈਂ ਮਨੁੱਖ ਹਾਂ, ਏਸ ਤੋਂ ਪਹਿਲਾਂ ਮੈਂ ਹੈ ਹੀ ਨਹੀਂ ਸੀਗਾ। ਏਸ ਤੋਂ ਪਹਿਲਾਂ ਵੀ ਸੀਗਾ, ਜਦ ਸਰੀਰ ਨਹੀਂ ਹੋਏਗਾ ਫੇਰ ਵੀ ਤੂੰ ਹੋਏਂਗਾ। ਤੇਰੇ ਸਰੀਰ ਦੇ ਵਿਚ, ਜਿਹੜਾ ਤੈਨੂੰ ਸਮਾਂ ਥੋੜ੍ਹਾ ਜਿਹਾ ਮਿਲਿਆ ਹੈ, ਇਹਦੇ ਵਿਚ ਯਤਨ ਤਾਂ ਕਰ। ਉਹ ਇਹ ਹੈ ਕਿ ਤੂੰ ਨਾਮ ਦੇ ਬਾਰੇ ਸਮਝ। ਨਾਮ ਦਾ ਭਜਨ ਕਰ, ਨਾਮ ਨੂੰ ਹਿਰਦੇ 'ਚ ਵਸਾ, ਨਾਮ ਨੂੰ ਧਿਆਨ ਵਿਚ ਲਿਆ, ਨਾਮ ਦੇ ਵਿਚ ਵਸ, ਨਾਮ ਦੇ ਵਿਚ ਪ੍ਰਵੇਸ਼ ਕਰ। ਕਹਿੰਦੇ, ਜਪ ਲੈ, ਏਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਭਜ ਲੈ ਹਰਿ ਨਾਮ ਨੂੰ,*
*ਸੰਤਾਂ ਨੂੰ ਮਿਲ ਕੇ ਪਿਆਰੇ*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਅੰਗ - 12*

ਗੁਰੂ ਨਾਨਕ ਬੋਲ ਰਹੇ ਨੇ ਕਿ ਪਿਆਰਿਓ! ਜਿਨ੍ਹਾਂ ਕੰਮਾਂ 'ਚ ਤੁਸੀਂ ਲੱਗੇ ਹੋਏ ਓਂ, ਉਹ ਕੌਡੀ ਦੇ ਮੁੱਲ ਦੇ ਨਹੀਂ ਹੈਗੇ। ਐਵੇਂ ਨਾ ਸਮਾਂ ਨਸ਼ਟ ਕਰੋ।

ਆਪਣੀਆਂ ਮਨਮਾਨੀਆਂ ਥਿਊਰੀਆਂ ਬਣਾ ਕੇ, ਮਨਮਾਨੀਆਂ ਗੱਲਾਂ ਸਾਮ੍ਹਣੇ ਲਿਆ ਕੇ ਨਾ ਸਮਾਂ ਬਰਬਾਦ ਕਰੋ। ਤੁਸੀਂ ਤਾਂ ਆਏ ਹੀ ਨਾਮ ਜਪਣ ਵਾਸਤੇ ਸੀ। ਸਮਾਂ ਲੰਘ ਜਾਣਾ ਹੈ, ਦੇਹ ਮੁੜ ਕੇ ਨਹੀਂ ਮਿਲਣੀ। ਕੀ ਕਰੋਗੇ? ਫੇਰ ਪਛਤਾਉਣਾ ਪੈਂਦਾ ਹੈ ਤੇ ਫੇਰ ਜਿਹੜੇ ਕੰਮ ਨੂੰ ਆਇਆ ਸੀ, ਉਹ ਕੰਮ ਤੂੰ ਕਰਿਆ ਨਾ?

*ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ॥*
*ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ॥*
*ਅੰਗ - 1428*

ਫੇਰ ਦਰਗਾਹ 'ਚ ਖੜ੍ਹਿਆ ਚੀਕਾਂ ਮਾਰੇਂਗਾ। ਉਥੇ ਤਾਂ ਸਹਾਇਤਾ ਨਹੀਂ ਕਿਸੇ ਨੇ ਕਰਨੀ। ਪਛਤਾਉਣਾ ਹੀ ਪਛਤਾਉਣਾ ਪੱਲੇ ਰਹਿ ਜਾਏਗਾ।

*ਧਾਰਨਾ - ਜ਼ਿੰਦੇ ਰੋਵੇਂਗੀ ਤੇ ਰੋ ਰੋ ਪਛਤੋਤਾਵੇਂਗੀ,*
*ਫੇਰ ਤੇਰਾ ਕੋਈ ਨਾ ਬਣੇ - 2.*

*ਆਪੀਨੈ ਭੋਗ ਭੋਗਿ ਕੈ*
*ਹੋਇ ਭਸਮੜਿ ਭਉਰੁ ਸਿਧਾਇਆ॥*
*ਵਡਾ ਹੋਆ ਦੁਨੀਦਾਰੁ*
*ਗਲਿ ਸੰਗਲੁ ਘਤਿ ਚਲਾਇਆ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ॥*
*ਮਨਿ ਅੰਧੈ ਜਨਮੁ ਗਵਾਇਆ॥ ਅੰਗ - 464*

*ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨ ਮੈ ਪ੍ਰਾਨੀ॥*
*ਛਿਨੁ ਛਿਨੁ ਅਉਧ ਬਿਹਾਤੁ ਹੈ*
*ਫੂਟੈ ਘਟ ਜਿਉ ਪਾਨੀ॥*
*ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ॥*
*ਝੂਠੇ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ॥*
*ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ॥*
*ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ॥*
*ਅੰਗ - 726*

ਪਛਤਾਉਣਾ ਪੱਲੇ ਪੈ ਜਾਏਗਾ। ਮਹਾਰਾਜ ਕਹਿੰਦੇ, ਜੇ ਤੇਰੇ ਵਿਚ ਸਮਝ ਆ ਗਈ ਤਾਂ ਹੁਣ ਤੋਂ ਹੀ ਵਾਹਿਗੁਰੂ ਨੂੰ ਯਾਦ ਕਰਨਾ ਸ਼ੁਰੂ ਕਰ ਦੇ। ਕੋਸ਼ਿਸ਼ ਕਰ, ਉਨ੍ਹਾਂ ਮਹਾਂਪੁਰਸ਼ਾਂ ਨੂੰ ਮਿਲ, ਜਿਨ੍ਹਾਂ ਦੇ ਹਿਰਦੇ ਵਿਚ ਹਰ ਵਕਤ ਨਿਰੰਕਾਰ ਦਾ ਵਾਸਾ ਹੈ -

***ਜਿਸ ਕੈ ਅੰਤਰਿ ਬਸੈ ਨਿਰੰਕਾਰੁ॥***
***ਤਿਸ ਕੀ ਸੀਖ ਤਰੈ ਸੰਸਾਰੁ॥ ਅੰਗ - 269***

ਇਕ ਦੋ ਨਹੀਂ, ਉਹਦੀ ਸਿਖਿਆ ਨਾਲ ਸਾਰਾ ਸੰਸਾਰ ਤਰ ਜਾਂਦਾ ਹੈ ਕਿਉਂਕਿ ਉਹ ਉਥੋਂ ਬੋਲਦਾ ਹੈ ਦੇਖ ਕੇ। ਆਹ ਕਿਤਾਬਾਂ ਵਗੈਰਾ 'ਚੋਂ ਨਹੀਂ ਬੋਲਦਾ। ਅਨੁਭਵ 'ਚੋਂ ਉਹਦੀ ਸੰਗਤ ਕਰ - 'ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥' ਸਵਾਲ ਹੋਇਆ ਕਿ ਮਹਾਰਾਜ, ਸੁਣਦੇ ਹਾਂ, ਸਾਡਾ ਚਿੱਤ ਕਰਦਾ ਕਿ ਨਾਮ ਜਪੀਏ, ਫੈਸਲਾ ਕਰਦੇ ਹਾਂ ਕਿ ਹੁਣ ਨਹੀਂ ਨਾਮ ਜਪਣ ਤੋਂ ਹਟਣਾ। ਦਿਨ ਰਾਤ ਇਕ ਕਰ ਦੇਣਾ ਹੈ। ਪਰ ਹੋ ਕੀ ਜਾਂਦਾ ਹੈ ਸੱਚੇ ਪਾਤਸ਼ਾਹ - ਐਨਾ ਕੁਛ ਜਾਣਦੇ ਹੋਏ? ਫੇਰ ਤੁਸੀਂ ਇਹ ਵੀ ਫੁਰਮਾਨ ਕਰਦੇ ਓਂ ਕਿ 'ਮਾਤਾ ਕੇ ਉਦਰ ਮਹਿ' ਜਿਸ ਵਕਤ ਇਹਦਾ ਨਿਵਾਸ ਸੀ, ਉਸ ਵੇਲੇ ਪੁਠਾ ਲਟਕ ਕੇ ਤਪ ਕਰਦਾ ਸੀ -

***ਗਰਭ ਕੁੰਟ ਮਹਿ ਉਰਧ ਤਪ ਕਰਤੇ॥***
***ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ॥***
***ਅੰਗ - 251***

ਇਹਨੂੰ ਤਾਂ ਕੋਈ ਝੁਠਲਾ ਨਹੀਂ ਸਕਦਾ। ਇਹ ਮਹਾਰਾਜ ਜਾਣਦੇ ਨੇ ਕਿ ਕਿਸ ਤਰ੍ਹਾਂ ਓਸ ਵੇਲੇ ਪ੍ਰਮੇਸ਼ਰ ਦੀ ਯਾਦ ਵਿਚ ਸੀਗਾ। ਜਿਹੜੇ ਸਾਇੰਟੇਫਿਕ ਯੋਗੀ ਨੇ, ਉਹ ਜਾਣਦੇ ਨੇ ਕਿ ਇਹਦੀ ਜਿਹੜੀ ਸੁਰਤੀ ਸੀ, ਉਹ ਸੁਖਮਨਾ ਨਾੜੀ 'ਚ ਪ੍ਰਵੇਸ਼ ਕੀਤੀ ਹੋਈ ਸੀ। ਸੁਖਮਨਾ ਨਾੜੀ ਸਾਡੇ ਹੁਣ ਵੀ ਹੈਗੀ -

***ਇੜਾ ਪਿੰਗੁਲਾ ਅਉਰ ਸੁਖਮਨਾ***
***ਤੀਨਿ ਬਸਹਿ ਇਕ ਠਾਈ॥ ਅੰਗ - 974***

ਇਕ ਪਾਸੇ ਇੜਾ, ਇਕ ਪਾਸੇ ਪਿੰਗਲਾ ਹੈ, ਵਿਚਾਲੇ ਸੁਖਮਨਾ ਹੈ। ਸੁਖਮਨਾ ਨਾੜੀ ਦਾ ਜਿਹੜਾ ਮੂੰਹ ਹੈ, ਉਹ ਦਸਵੇਂ ਦੁਆਰ ਜਾ ਕੇ ਖੁਲ੍ਹਦਾ ਹੈ। ਇਹ ਦਸਵੇਂ ਦੁਆਰ ਦੇ ਵਿਚ, ਸੁੰਨ ਸਮਾਧ ਵਿਚ ਸੀਗਾ, ਪਰਮਅਨੰਦ ਦੇ ਵਿਚ ਪ੍ਰਮੇਸ਼ਰ ਦਾ ਇਹਨੂੰ ਗਿਆਨ ਸੀ, ਉਹਦੇ ਧਿਆਨ ਵਿਚ ਨਾਮ ਜਪਦਾ ਸੀ। ਅਸੀਂ ਤਾਂ ਐਉਂ ਕਹਿਣਾ ਹੈ ਕਿ ਨਾਮ ਜਪਦਾ ਸੀ। ਦੂਜੇ ਨੇ ਕਹਿਣਾ ਹੈ ਕਿ ਉਹਦੇ ਜੀਭ ਲੱਗੀ ਹੋਈ ਸੀ ਕਿ ਨਾਮ ਜਪਦਾ ਸੀ? ਉਹਨੂੰ ਕਿਵੇਂ ਪਤਾ ਲੱਗਿਆ? ਵਾਹਿਗੁਰੂ-ਵਾਹਿਗੁਰੂ ਜਿਹਨੂੰ ਨਾਮ ਕਹਿੰਦੇ ਨੇ, ਉਹਦੇ 'ਚ ਸੁਰਤਿ ਲੱਗੀ ਹੋਈ ਸੀ। ਨਾਮ ਹੁੰਦੀ ਹੈ ਧੁਨ, ਹੁਣ ਵੀ ਧੁਨ ਹੈ -

***ਧੁਨਿ ਮਹਿ ਧਿਆਨੁ ਧਿਆਨੁ ਮਹਿ ਜਾਨਿਆ***
***ਗੁਰਮੁਖਿ ਅਕਥ ਕਹਾਨੀ॥ ਅੰਗ - 879***

***ਪ੍ਰਥਮ ਓਅੰਕਾਰ ਤਿਨ ਕਹਾ॥***
***ਜਿਤੁ ਸਬਦਿ ਜਗਤੁ ਥੰਮਿ ਰਹਾਇਆ॥***
***ਅੰਗ - 441***

ਉਹ ਸ਼ਬਦ, ਜਿਹਨੇ ਸਾਰੇ ਸੰਸਾਰ ਨੂੰ ਧਾਰਨ ਕਰਿਆ ਹੋਇਐ, ਦਸਵੇਂ ਦੁਆਰ ਵਿਚ ਪ੍ਰਗਟ ਹੈ। ਓਥੇ ਓਹਦੀ ਇਕਾਗਰਤਾ ਅਫੁਰ ਅਵਸਥਾ 'ਚ ਹੋ ਕੇ ਸੁਰਤ ਲੱਗੀ ਹੋਈ ਸੀ। ਉਸ ਧੁਨ ਦੇ ਨਾਲ ਇਹਦੀ ਸੁਰਤ ਲੱਗਣ ਕਰਕੇ ਇਹ ਪ੍ਰਮੇਸ਼ਰ ਦੇ ਵਿਚ ਰਹਿੰਦਾ ਸੀ - '***ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ॥***' ਪਰ ਜਿਸ ਵਕਤ ਸੰਸਾਰ 'ਚ ਬਾਹਰ ਆਇਆ-

*ਉਰਝਿ ਪਰੇ ਜੋ ਛੋਡਿ ਛਡਾਨਾ॥ ਅੰਗ - 251*

ਜਿਹੜੀਆਂ ਚੀਜ਼ਾਂ ਛੱਡਣੀਆਂ ਸੀ, ਉਹ ਸਾਰੀਆਂ ਦੇ ਵਿਚੇ ਹੀ ਉਲਝ ਗਿਆ -

***ਦੇਵਨਹਾਰੁ ਮਨਹਿ ਬਿਸਰਾਨਾ॥ ਅੰਗ - 251***

ਕਹਿੰਦੇ, ਐਸਾ ਜਬਰਦਸਤ ਜਾਲ ਪੈ ਗਿਆ ਇਹਦੇ ਉਤੇ ਕਿ ਇਹਨੂੰ ਕਿੰਨਾ ਹੀ ਸਮਝਾ ਲਓ -

*ਫਰੀਦਾ ਕੂਕੇਦਿਆ ਚਾਂਗੇਦਿਆ*
*ਮਤੀ ਦੇਦਿਆ ਨਿਤ॥*
*ਜੋ ਸੈਤਾਨਿ ਵੰਞਾਇਆ*
*ਸੇ ਕਿਤ ਫੇਰਹਿ ਚਿਤ॥ ਅੰਗ - 1378*

ਮਜ਼ਾਲ ਐ, ਇਹਦਾ ਚਿੱਤ ਫਿਰ ਜਾਵੇ। ਮਹਾਰਾਜ ਸੱਚੇ ਪਾਤਸ਼ਾਹ! ਤੁਹਾਡੇ ਬਚਨ ਸੁਣ ਕੇ ਸਾਡੇ ਤਾਂ ਅੰਦਰ ਇਰਾਦਾ ਬਣਦਾ ਹੈ ਕਿ ਅਸੀਂ ਹੁਣ ਨਾਮ ਜਪੀਏ, ਹੁਣ ਸ੍ਵਾਸ-ਸ੍ਵਾਸ ਨਾਮ ਹੀ ਜਪਾਂਗੇ। ਕਿਉਂਕਿ ਤੁਸੀਂ ਕਹਿ ਦਿਤਾ ਕਿ 'ਅਵਰਿ ਕਾਜ ਤੇਰੈ ਕਿਤੈ ਨ ਕਾਮ॥ ***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥'*** ਸਾਧੂਆਂ ਦੀ ਸੰਗਤ ਕਰ, ਉਹਦੇ ਵਿਚ ਕੇਵਲ ਨਾਮ ਦੀ ਗੱਲ ਸੁਣ, ਨਾਮ ਦਾ ਜਾਪ ਕਰ। ਨਾਮ ਦੇ ਵਿਚ ਨਿਵਾਸ ਕਰ। ਉਨ੍ਹਾਂ ਦੇ ਬਚਨਾਂ ਤੋਂ ਤੈਨੂੰ ਸੋਝੀ ਪੈ ਜਾਏਗੀ ਤੇ ਮਹਾਰਾਜ ਕਹਿੰਦੇ, ਤੈਨੂੰ ਯਾਦ ਵੀ ਕਰਾਉਂਦੇ ਹਾਂ ਪਿਆਰਿਆ! ਉਥੇ ਤਾਂ ਤੈਨੂੰ ਯਾਦ ਸੀ ਲੇਕਿਨ ਹੁਣ ਵੀ ਤੈਨੂੰ ਸਾਧੂ ਯਾਦ ਕਰਾਉਂਦੇ ਨੇ। ਬਾਰ-ਬਾਰ ਅਵਾਜ਼ਾਂ ਦੇ ਕੇ - 'ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥ ਜੋ ਸੈਤਾਨਿ ਵੰਞਾਇਆ.......॥ ਨਾਲ ਇਹ ਵੀ ਦਸਦੇ ਹਾਂ ਕਿ ਤੇਰੇ ਮਨ ਨੂੰ ਹਉਮੈ ਨੇ, ਸ਼ੈਤਾਨ ਨੇ ਕਾਬੂ ਕਰ ਲਿਆ - ਅਵਿਦਿਆ ਨੇ, ਮਾਇਆ ਨੇ ਤੇ ਉਹਦਾ ਇਕ ਤਰ੍ਹਾਂ ਦੇ ਨਾਲ ਜਾਲ ਪੈ ਗਿਆ। ਏਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਬੰਦਾ ਨਾਮ ਦੇ ਜਪਣ ਨੂੰ ਆਇਆ,*
*ਮਾਇਆ ਵਾਲਾ ਜਾਲ ਪੈ ਗਿਆ - 2, 2.*

*ਯਾ ਜੁਗ ਮਹਿ ਏਕਹਿ ਕਉ ਆਇਆ॥*
*ਜਨਮਤ ਮੋਹਿਓ ਮੋਹਨੀ ਮਾਇਆ॥ ਅੰਗ - 251*

ਪੈਦਾ ਹੁੰਦੇ ਸਾਰ ਮੋਹ ਲਿਆ - ਮਾਇਆ ਨੇ। ਮਾਇਆ ਕਹਿੰਦੇ ਕਿਹਨੂੰ ਨੇ? ਕਹਿੰਦੇ, ਜਿਹੜੀ ਅਸਲ ਨੂੰ ਨਕਲ ਬਣਾ ਦੇਵੇ, ਨਕਲ ਨੂੰ ਅਸਲ ਬਣਾ ਦੇਵੇ, ਚਲਦੀ ਚੀਜ਼ ਨੂੰ ਗੱਡੀ ਕਹੇਗਾ, ਗੱਡੀ ਨੂੰ ਚੱਕੀ ਕਹੇਗਾ। ਉਲਟਾ ਹੀ ਕੰਮ ਹੈ। ਚੱਕੀ ਧਰਤੀ ਤੇ ਹੁੰਦੀ ਹੈ, ਉਹਨੂੰ ਕਹਿੰਦਾ ਹੈ ਚੱਕੀ। ਚੱਕੀ ਤਾਂ ਉਹ ਹੁੰਦੀ ਹੈ ਜਿਹੜੀ ਚੁੱਕੀ ਹੋਈ ਹੋਵੇ ਸਿਰ ਤੇ। ਗੱਡੀ ਉਹ ਹੁੰਦੀ ਹੈ ਜਿਹੜੀ ਖੜ੍ਹੀ ਹੋਵੇ। ਕਬੀਰ ਸਾਹਿਬ ਲਿਖਦੇ ਨੇ ਕਿ ਚਲਦੀ ਚੀਜ਼ ਨੂੰ ਸੰਸਾਰ ਗੱਡੀ ਕਹਿੰਦਾ ਹੈ, ਗਾੜੀ ਕਹਿੰਦਾ ਹੈ। ਜਿਹੜੀ ਧਰਤੀ ਦੇ ਉਤੇ ਪਈ ਹੈ, ਉਹਨੂੰ ਚੱਕੀ ਕਹਿੰਦਾ ਹੈ। ਕਹਿੰਦੇ, ਆਹ ਮਾਇਆ ਦਾ ਹਿਸਾਬ ਹੈ। ਅਸਲ ਨੂੰ ਨਕਲ ਬਣਾ ਦੇਣਾ, ਨਕਲ ਨੂੰ ਅਸਲ ਬਣਾ ਦੇਣਾ ਤੇ ਪਤਾ ਨਾ ਲੱਗਣ ਦੇਣਾ।

ਮਿਸਾਲ ਨਾਲ ਗੱਲ ਸਮਝਣ ਦਾ ਯਤਨ ਕਰੋ। ਇਕ ਵਾਰੀ ਇਕ ਰਾਜਾ ਆਪਣੀ ਕਚਹਿਰੀ 'ਚ ਬੈਠਾ ਰਾਜ ਦਾ ਕਾਰੋਬਾਰ ਕਰ ਰਿਹਾ ਸੀ। ਬਾਹਰ ਦਰਬਾਨ ਬੈਠੇ ਨੇ, ਫਰਿਆਦੀ ਆਉਂਦੇ ਨੇ। ਫਰਿਆਦ ਅੰਦਰ ਆ ਜਾਂਦੀ ਐ। ਰਾਜਾ ਉਹਨੂੰ ਅੰਦਰ ਨੂੰ ਬੁਲਾ ਲੈਂਦੈ। ਮਹਿਕਮਿਆਂ ਦੇ ਸਾਰੇ ਅਫਸਰ ਦਰਜਾ-ਬਦਰਜਾ ਰਾਜੇ ਦੇ ਆਲੇ ਦੁਆਲੇ ਬੈਠੇ ਨੇ, ਸਥਾਨ ਲਈਂ। ਇਨਸਾਫ ਕਰਨ ਵਾਲਾ ਰਾਜਾ ਐ ਤੇ ਉਸੇ ਵੇਲੇ ਕਹਿੰਦੈ ਕਿ ਭਾਈ ਆਹ ਅਰਜ਼ੀ ਦਿਤੀ ਐ। ਦੱਸੋ ਕਿਹੜਾ ਮਹਿਕਮਾ ਐ, ਏਹਦਾ ਕੀ ਕਰਿਐ। ਉਸੇ ਵੇਲੇ ਫੈਸਲੇ ਕਰ ਦੇਣੇ।

ਕਰਦੇ ਕਰਦੇ ਇਕ ਜਾਦੂਗਰ ਆ ਗਿਆ। ਉਹਨੇ ਦਰਬਾਨਾਂ ਨੂੰ ਕਿਹਾ ਕਿ ਤੁਸੀਂ ਮਹਾਰਾਜ ਨੂੰ ਇਕ ਮੇਰੀ ਬੇਨਤੀ ਕਰ ਦਓ ਕਿ ਮੈਂ ਬਹੁਤ ਵਧੀਆ ਤੋਂ ਵਧੀਆ ਤਮਾਸ਼ੇ ਕਰਨਾ ਜਾਣਦਾਂ। ਮੇਰਾ ਕੋਈ ਖੇਲ੍ਹ ਦੇਖਣ। ਅਣਹੋਈਆਂ ਚੀਜ਼ਾਂ ਨੂੰ ਮੈਂ ਹੋਈਆਂ ਕਰ ਦੇਨਾਂ, ਹੋਈਆਂ ਨੂੰ ਅਣਹੋਈਆਂ ਕਰ ਦੇਨਾਂ। ਇਹ ਮੇਰੇ ਖੇਲ੍ਹ ਵਿਚ ਸਿਫਤ ਐ, ਤੇ ਬਾਦਸ਼ਾਹ ਨੂੰ ਕਹਿ ਦਓ। ਦਰਬਾਨਾਂ ਨੇ ਕਿਹਾ ਕਿ ਮਹਾਰਾਜ ਇਕ ਐਸਾ ਜਾਦੂਗਰ ਆਇਐ, ਉਹ ਕਹਿੰਦੈ ਕਿ ਮੇਰੇ ਖੇਲ੍ਹ ਦੇ ਵਿਚ ਇਕ ਐਸੀ ਤਉਫੀਕ ਐ, ਤਾਸੀਰ ਐ ਕਿ ਮੈਂ ਅਣਹੋਈਆਂ ਨੂੰ ਹੋਈਆਂ ਕਰ ਦੇਨਾਂ। ਹੋਈਆਂ ਚੀਜ਼ਾਂ ਨੂੰ ਅਣਹੋਈਆਂ ਕਰ ਦੇਨਾਂ; ਜੇ ਸਰਕਾਰ ਆਗਿਆ ਦੇਣ, ਸਮਾਂ ਦੇਣ ਤਾਂ ਸਮੇਂ ਦੇ ਮੁਤਾਬਿਕ ਮੈਂ ਆਪਣਾ ਖੇਲ੍ਹ ਦਿਖਾਵਾਂ। ਉਸ ਵੇਲੇ ਬਾਦਸ਼ਾਹ ਨੇ ਅੰਦਰ ਬੁਲਾ ਲਿਆ। ਕਹਿਣ ਲੱਗੇ, ਜਾਦੂਗਰ! ਖੇਲ੍ਹ ਦੇਖਦਿਆਂ ਨੂੰ ਤਾਂ ਸਾਡੀ ਉਮਰ ਬਤੀਤ ਹੋ ਗਈ। ਕੋਈ ਹੈ ਤੇਰੇ ਕੋਲ ਸ਼ਪੈਸ਼ਲ ਖੇਲ੍ਹ? ਕਹਿੰਦਾ, ਹਾਂ ਹਜ਼ੂਰ। ਰਾਜਾ ਕਹਿੰਦਾ ਕਿ ਮੇਰਾ ਜੀਅ ਕਰਦੈ ਅੰਦਰੋਂ, ਕਿ ਦੇਵਤਿਆਂ ਦੇ ਦਰਸ਼ਨ ਕਰਾਂ। ਕਰਾ ਸਕਦੈਂ? ਕਹਿੰਦਾ, ਹਾਂ ਮਹਾਰਾਜ। ਕਹਿੰਦੇ, ਦੂਜੀ ਗੱਲ ਐ ਕਿ ਖੇਲ੍ਹ ਹੋਵੇ, ਐਵੇਂ ਸਮਾਂ ਬਰਬਾਦ ਨਾ ਹੋਵੇ। ਉਹਦੇ ਵਿਚ ਕੋਈ ਮਤਲਬ ਵੀ ਹੋਵੇ, ਕੋਈ ਸਿੱਖਿਆ ਵੀ ਹੋਵੇ। ਕਹਿੰਦੇ, ਠੀਕ ਐ ਮਹਾਰਾਜ। ਮੈਂ ਦੋਏ ਤਰ੍ਹਾਂ ਦਾ ਕਰਤਬ ਕਰਨ ਦੀ ਕੋਸ਼ਿਸ਼ ਕਰਾਂਗਾ। ਸਿੱਖਿਆ ਵੀ ਹੋਵੇਗੀ ਤੇ ਤੁਹਾਨੂੰ ਦੇਵ ਦਰਸ਼ਨ ਵੀ ਹੋ ਜਾਣਗੇ। ਉਸ ਵੇਲੇ ਰਾਜੇ ਨੇ ਸਾਰੀ ਸਭਾ ਨੂੰ ਬਰਖਾਸਤ ਕਰ ਦਿਤਾ। ਖੁਲ੍ਹੇ ਮੈਦਾਨ ਦੇ ਵਿਚ ਲੋਕਾਂ ਨੂੰ ਵੀ ਖਬਰ ਦਿਤੀ। ਸਾਰਾ ਸ਼ਹਿਰ ਵੀ ਆ ਗਿਆ ਤੇ ਜਾਦੂਗਰ ਵੀ ਚਲਿਆ ਗਿਆ ਤਾਂ ਉਸ ਵੇਲੇ ਰਾਜਾ ਬੈਠਾ ਐ। ਉਚੇ ਥਾਂ ਦੇ ਉਤੇ ਗੱਦੀ ਲੱਗੀ ਹੋਈ ਐ ਤੇ ਆਲੇ ਦੁਆਲੇ ਸੇਵਾਦਾਰ ਖੜ੍ਹੇ ਨੇ ਤੇ ਉਸ ਵੇਲੇ ਉਹਨੇ ਜਾ ਕੇ ਕਿਹਾ ਕਿ ਹਜ਼ੂਰ ਮੈਂ ਖੇਲ੍ਹ ਤਾਂ ਦਿਖਾਵਾਂਗਾ ਪਰ ਤੁਸੀਂ ਬਚਨ ਕੀਤਾ ਐ ਕਿ ਮੈਂ ਦੇਵਤਿਆਂ ਦੇ ਦਰਸ਼ਨ ਕਰਾਵਾਂ। ਦੇਵਤੇ ਹੁਣ ਧਰਤੀ ਤੇ, ਐਂ ਤਾਂ ਆਉਂਦੇ ਨਹੀਂ, ਫੇਰ ਮੈਂ ਯੁੱਧ ਕਰਕੇ ਫੜ ਕੇ ਲਿਆ ਸਕਦਾਂ। ਦਰਸ਼ਨ ਤੁਹਾਨੂੰ ਕਰਾ ਦੇਵਾਂਗਾ ਪਰ ਮੇਰੇ ਨਾਲ ਮੇਰੀ ਇਸਤਰੀ ਐ। ਇਹ ਇਕੱਲੀ

ਰਹਿ ਨਹੀਂ ਸਕਦੀ। ਆਹ ਮੈਨੂੰ ਮਜ਼ਬੂਰੀ ਐ। ਕਹਿਣ ਲੱਗੇ, ਜਾਦੂਗਰ! ਇਹ ਮੈਂ ਆਪਣੀ ਲੜਕੀ ਦੇ ਨਾਲ, ਜਿਥੇ ਮੇਰੀ ਲੜਕੀ ਰਹਿੰਦੀ ਐ, ਉਹਦੇ ਕੋਲ ਮੈਂ ਇਹਦਾ ਵਾਸਾ ਕਰਾਵਾਂਗਾ। ਉਹਦੇ ਨਾਲ ਇਹਨੂੰ ਮੈਂ ਜਗ੍ਹਾ ਦੇਵਾਂਗਾ – ਰਹਿਣ ਦੀ; ਤੂੰ ਫਿਕਰ ਨ ਕਰ। ਜਿਹੋ ਜਿਹੀ ਮੇਰੀ ਲੜਕੀ, ਐਸੀ ਹੀ ਤੇਰੀ ਪਤਨੀ ਐ। ਇਹ ਮੇਰੀ ਲੜਕੀ ਐ – ਧਰਮ ਦੀ ਪੁਤਰੀ। ਤੂੰ ਨਿਸ਼ੰਗ ਹੋ ਕੇ ਖੇਲ੍ਹ ਦਿਖਾ। ਉਸ ਵੇਲੇ ਕਹਿਣ ਲੱਗਾ ਕਿ ਮਹਾਰਾਜ ਮੈਂ ਹੁਣ ਦੇਵ ਲੋਕ ਨੂੰ ਚਲਿਆਂ। ਜੇ ਦੇਵਤੇ ਮੇਰੀ ਗੱਲ ਨਾ ਮੰਨੇ ਤਾਂ ਮੈਂ ਯੁੱਧ ਕਰਕੇ ਉਹਨਾਂ ਨੂੰ ਸੁਟਾਂਗਾ – ਥੱਲੇ। ਕਹਿਣ ਲੱਗੇ, ਯੁੱਧ ਜਾਣਦੈਂ? ਕਹਿੰਦੈ, ਹਾਂ ਮਹਾਰਾਜ। ਸਾਰੇ ਹੈਰਾਨ ਹੋ ਗਏ ਕਿ ਐਹੋ ਜਿਹਾ ਜਾਦੂਗਰ, ਜਿਹੜਾ ਦੇਵਤਿਆਂ ਨਾਲ ਜਾ ਕੇ ਯੁੱਧ ਕਰੇਗਾ, ਉਸ ਵੇਲੇ ਖੜ੍ਹਾ-ਖੜ੍ਹਾ ਗਾਇਬ ਹੋ ਗਿਆ। ਉਤੋਂ ਆਵਾਜ਼ ਆਈ ਕਿ ਮਹਾਰਾਜ ਮੈਂ ਦੇਵ ਲੋਕ 'ਚ ਪਹੁੰਚ ਗਿਆਂ ਤੇ ਮੈਂ ਹੁਣ ਸਾਰਿਆਂ ਤੋਂ ਪਹਿਲਾਂ ਵਰੁਣ ਦੇਵਤੇ ਨੂੰ ਕਿਹਾ ਸੀ ਕਿ ਦਰਸ਼ਨ ਦੇਹ। ਦਰਸ਼ਨ ਦੇਂਦਾ ਨਹੀਂ ਤੇ ਮੈਂ ਯੁੱਧ ਕਰਨਾ ਸ਼ੁਰੂ ਕਰ ਦਿਤਾ। ਉਸ ਵੇਲੇ ਬੜੀ ਮਾਰ ਧਾੜ ਦੀ ਆਵਾਜ਼ ਆਈ। ਸ਼ਸ਼ਤਰ ਖੜਕਦੇ ਨੇ, ਧਮਾਕੇ ਹੁੰਦੇ ਨੇ। ਸਾਰੇ ਲੋਕ ਸੁਣਦੇ ਐਂ ਕਿ ਯੁੱਧ ਹੋ ਰਿਹੈ – ਬੜਾ ਜ਼ਬਰਦਸਤ। ਉਹਤੇ ਬਾਦ ਇਕ ਬਾਂਹ ਥੱਲੇ ਆ ਰਹੀ ਐ – ਅਸਮਾਨ 'ਚੋਂ। ਕਹਿਣ ਲੱਗੇ ਕਿ ਬਾਂਹ ਕਿਹਦੀ ਹੋਊਗੀ? ਬਾਂਹ ਦੇ ਵਿਚ ਬੜੇ ਗਹਿਣੇ ਪਹਿਨੇ ਹੋਏ ਨੇ, ਅਜੀਬ ਬਾਂਹ ਐ, ਵਸਤਰ ਵੀ ਵਧੀਆ ਨੇ। ਕਹਿਣ ਲੱਗੇ, ਜਾਦੂਗਰ ਦੀ ਤਾਂ ਨਹੀਂ ਹੈ। ਉਸ ਵੇਲੇ ਦੂਜੀ ਬਾਂਹ ਆ ਗਈ, ਲੱਤ ਆ ਗਈ – ਕੱਟੀ ਹੋਈ, ਦੂਸਰੀ ਕੱਟੀ ਹੋਈ ਲੱਤ ਆ ਗਈ; ਐਂ ਤੁਰੇ ਆਉਂਦੇ ਨੇ – ਲਾਈਨ ਬੰਨ੍ਹੀ। ਕੀ ਦੇਖਦੇ ਨੇ, ਧੜ ਵੀ ਆ ਰਿਹੈ ਤੇ ਸਿਰ ਵੀ ਆ ਰਿਹੈ। ਇਹ ਧਰਤੀ ਤੇ ਗਿਰ ਗਏ ਸਾਰੇ – ਆ ਕੇ। ਉਸ ਵੇਲੇ ਜਦ ਸਿਰ ਗਿਰਿਆ, ਉਹਦੇ 'ਚੋਂ ਐਨਾ ਪਾਣੀ ਨਿਕਲਿਆ – ਮੂੰਹ ਵਿਚੋਂ, ਤੇ ਪਾਣੀ-ਓ-ਪਾਣੀ ਕਰ ਦਿਤਾ ਤੇ ਕਹਿਣ ਲੱਗੇ, ਮਹਾਰਾਜ, ਇਹ ਵਰੁਨ ਦੇਵਤਾ ਐ, ਦਰਸ਼ਨ ਕਰੋ।

ਮੁਕਟ ਲੱਗਿਐ ਹੋਇਐ – ਬਹੁਤ ਵਧੀਆ, ਸੁੰਦਰ ਚਿਹਰੈ। ਕਹਿੰਦੇ, ਜਿਉਂਦੇ ਦੇ ਤਾਂ ਦਰਸ਼ਨ ਹੋਏ ਨਾ, ਪਰ ਚਲੋ ਕੋਈ ਨਾ ਦਰਸ਼ਨ ਤਾਂ ਕਰ ਈ ਲਏ – ਦੇਵਤਿਆਂ ਦੇ। ਨਾਲ ਦੀ ਨਾਲ ਜਿਹੜੇ ਜਰਨੈਲ ਸੀ, ਕਹਿਣ ਲੱਗੇ ਕਿ ਮਹਾਰਾਜ, ਨੋਟ ਕਰਨ ਵਾਲੀ ਗੱਲ ਐ ਕਿ ਕਿੱਡਾ ਬਹਾਦਰ ਐ ਇਹ। ਦੇਵਤਿਆਂ ਨਾਲ, ਕੌਣ ਐਂ, ਜਿਹੜਾ ਮਨੁੱਖ ਯੁੱਧ ਕਰ ਲਵੇ। ਉਨ੍ਹਾਂ ਦੀ ਸ਼ਕਤੀ ਅਮਿੱਟ ਹੁੰਦੀ ਐ। ਦੂਸਰੀ ਵਾਰੀ ਫੇਰ ਉਹਨੇ ਆਵਾਜ਼ ਦਿਤੀ ਕਿ ਮਹਾਰਾਜ, ਹੁਣ ਮੈਂ ਅਗਨ ਦੇਵਤੇ ਨਾਲ ਯੁੱਧ ਕਰਨ ਲੱਗਿਆਂ। ਅੱਗ ਹੀ ਅੱਗ ਹੋ ਗਈ ਜਦ ਉਹਦਾ ਸਿਰ ਗਿਰਿਆ। ਨਾਲ ਦੀ ਨਾਲ ਆਵਾਜ਼ ਆਈ ਕਿ ਦਰਸ਼ਨ ਕਰੋ – ਅਗਨ ਦੇਵਤੇ ਦੇ। ਉਸ ਤੋਂ ਪਿਛੋਂ ਕਹਿਣ ਲੱਗੇ, ਮਹਾਰਾਜ! ਮੈਂ ਹੋਰ ਦੇਵਾਂ ਨਾਲ ਯੁੱਧ ਕਰਦਾਂ। ਅਖੀਰ ਦੇ ਉਤੇ ਆਵਾਜ਼ ਆਈ ਕਿ ਹੁਣ ਮੈਂ ਸਵਰਗ ਲੋਕ ਦੇ ਮਹਾਂਬਲੀ ਰਾਜੇ ਇੰਦਰ ਨਾਲ ਯੁੱਧ ਕਰਨ ਲੱਗਿਆਂ, ਜਿਹਦੇ ਕੋਲ ਐਸੇ ਸ਼ਸ਼ਤਰ ਨੇ ਕਿ ਦੁਨੀਆਂ ਦਾ ਬੰਦਾ, ਕੋਈ ਤਾਬ ਨਹੀਂ ਲਿਆ ਸਕਦਾ। ਇੰਦਰ ਦਾ ਜੋ ਬੱਜਰ ਸ਼ਸ਼ਤਰ ਐ ਕੋਈ – ਐਟਮ ਬੰਬ ਵਰਗਾ। ਕਹਿਣ ਲੱਗੇ ਕਿ ਹੁਣ ਮੈਂ ਉਹਦੇ ਨਾਲ ਯੁੱਧ ਕਰਦਾਂ ਤੇ ਉਹ ਦੇਖਦੇ-ਦੇਖਦੇ ਇੰਦਰ ਦਾ ਵੀ ਉਹੀ ਹਾਲ ਹੋਇਆ। ਕਹਿੰਦਾ, ਮਹਾਰਾਜ! ਮੈਂ ਇੰਦਰ ਸੁੱਟ ਦਿਤਾ ਤੇ ਕੁਝ ਦੇਵਤੇ ਹੋਰ ਨੇ। ਐਨੇ ਨੂੰ ਫੇਰ ਧਰਤੀ ਤੇ ਗਿਰਿਆ ਤੇ ਦੇਖ ਲਿਆ ਕਿ ਇਹ ਤਾਂ ਜਾਦੂਗਰ ਦੀ ਬਾਂਹ ਐ; ਲੱਤ ਗਿਰੀ, ਉਹ ਵੀ ਦੇਖ ਲਈ। ਘਰ ਵਾਲੀ ਉਹਦੀ, ਵਿਚ ਬੈਠੀ ਐ – ਸਾਰਿਆਂ ਦੇ, ਲੜਕੀ ਬੈਠੀ ਐ। ਰੋਣ ਲੱਗ ਗਈ ਕਿ ਇਹ ਤਾਂ ਮੇਰੇ ਪਤੀ ਦਾ ਸਰੀਰ ਐ। ਏਨੇ ਨੂੰ ਦੂਜੀ ਲੱਤ ਵੀ ਆ ਗਈ ਤੇ ਗਰਦਨ ਵੀ ਆ ਰਹੀ ਐ, ਤੇ ਧੜ ਵੀ ਥੱਲੇ ਨੂੰ ਆ ਰਿਹੈ। ਇਕੱਠਾ ਕਰ ਲਿਆ, ਰੋਣ ਲੱਗ ਗਈ ਕਿ ਮੇਰਾ ਪਤੀ ਮਾਰਿਆ ਗਿਆ। ਹੁਣ ਮੇਰਾ ਕੀ ਹੋਊ? ਉਸ ਵੇਲੇ ਬੜਾ ਅਫਸੋਸ ਹੋਇਆ ਸਾਰਿਆਂ ਨੂੰ। ਬਹੁਤ ਅਫਸੋਸ 'ਚ ਚਲੇ ਗਏ, ਬੋਲਦਾ ਨਹੀਂ ਕੋਈ ਇਕ ਦੂਜੇ ਦੇ ਨਾਲ। ਕਹਿਣ ਲੱਗੇ, ਦੇਖੋ ਕਿੱਡਾ ਬਹਾਦਰ ਸੀ, ਆਪ ਮਾਰਿਆ ਗਿਆ – ਸਾਨੂੰ ਤਮਾਸ਼ਾ ਦਿਖਾਉਂਦਾ-ਦਿਖਾਉਂਦਾ। ਹਜ਼ੂਰ ਕੀ ਹੁਕਮ ਐ? ਕਹਿਣ ਲੱਗੇ ਕਿ ਮੁਰਦੇ ਏਥੇ ਪਏ ਰਹੇ ਤਾਂ ਸੜ ਜਾਣਗੇ। ਐਂ ਕਰੋ, ਚਿਖਾ ਦਾ ਬੰਦੋਬਸਤ ਕਰੋ ਤੇ ਇਹਨਾਂ ਨੂੰ ਜਲਾ ਦਈਏ। ਦੋ ਚਿਖਾ ਤਿਆਰ ਕਰੋ – ਇਕ ਪਾਸੇ ਦੇਵਤਿਆਂ ਦੀ ਤੇ ਇਕ ਜਾਦੂਗਰ ਦੀ। ਦੋ ਚਿਖਾ ਦਾ ਇੰਤਜ਼ਾਮ ਕਰ ਲਿਆ। ਉਸ ਵੇਲੇ ਉਹ ਕਹਿਣ ਲੱਗੀ ਕਿ ਮੈਂ ਆਪਣੇ ਪਤੀ ਤੋਂ ਬਗੈਰ ਜਿਉਂਦੀ ਨਹੀਂ ਰਹਿਣਾ, ਮੈਂ ਇਹਦੇ ਨਾਲ ਈ ਜਾਣੈ। ਬਥੇਰੀ ਸਮਝਾਈ ਕਿ ਬੇਟਾ ਤੈਨੂੰ ਪੁੱਤਰੀ ਵਾਂਗਣ ਰੱਖਾਂਗੇ, ਤੂੰ ਫਿਕਰ ਨਾ ਕਰ; ਤੇਰੇ ਗੁਜ਼ਾਰੇ ਵਾਸਤੇ ਮੈਂ ਵੱਡਾ ਬੰਦੋਬਸਤ ਕਰ ਦੇਵਾਂਗਾ। ਕਹਿੰਦੀ, ਨਾ, ਮੈਂ ਤਾਂ ਆਪਣੇ ਪਤੀ ਨਾਲ ਜਾਣੈ। ਚਿਖਾ ਜਲਾ ਦਿਤੀ ਤੇ ਉਹ ਛਾਲ ਮਾਰ ਕੇ ਵਿਚ ਬੈਠ ਗਈ। ਉਹ ਵੀ ਜਲ ਗਈ ਤੇ ਉਹ ਵੀ ਜਲ ਗਏ। ਬੈਠੇ ਰਹੇ ਅਫਸੋਸ 'ਚ। ਕੋਈ ਕਿਸੇ ਨਾਲ ਗੱਲ ਨਹੀਂ ਕਰਦਾ।

ਐਨੇ ਨੂੰ ਕੀ ਦੇਖਦੇ ਐਂ ਕਿ ਰਾਜੇ ਦੇ ਸਾਹਮਣੇ ਜਾਦੂਗਰ ਆ ਗਿਆ। ਝੁੱਕ ਕੇ ਸਲਾਮਾਂ ਕੀਤੀਆਂ, ਬੰਦਨਾਂ ਕਰੀ; ਕਹਿੰਦਾ, ਮਹਾਰਾਜ! ਮੇਰਾ ਤਮਾਸ਼ਾ ਕਿਹੋ ਜਿਹਾ ਲੱਗਿਆ? ਹੈਰਾਨ ਹੋ ਗਏ ਕਿ ਤੂੰ ਜਿਉਂਨੈ? ਕਹਿੰਦਾ, ਹਾਂ। ਮੇਰੀ ਇਸਤਰੀ? ਕਹਿੰਦੇ, ਉਹ ਤਾਂ ਤੇਰੇ

ਨਾਲ ਸਤੀ ਹੋ ਗਈ। ਕਹਿੰਦਾ, ਮੈਂ ਤਾਂ ਤੁਹਾਡੇ ਸਾਹਮਣੇ ਖੜ੍ਹਾਂ। ਮਹਾਰਾਜ, ਤੁਸੀਂ ਗਲਤ ਕੰਮ ਕਰਿਐ। ਮੇਰੀ ਇਸਤਰੀ ਦੀ ਅਵਾਜ਼ ਆ ਰਹੀ ਐ, ਸੁਣੋ ਧਿਆਨ ਨਾਲ। ਅਵਾਜ਼ ਆਈ ਕਿ ਏਸ ਰਾਜੇ ਨੇ ਮੈਨੂੰ ਸੱਤ ਜਿੰਦਿਆਂ 'ਚ ਬੰਦ ਕਰਿਆ ਹੋਇਐ ਤੇ ਮੈਂ ਬੜੀ ਦੁੱਖੀ ਆਂ। ਮੈਨੂੰ ਕੈਦ ਕਰ ਦਿਤਾ, ਬਚਨ ਹਾਰ ਗਿਆ ਇਹ, ਤੇ ਮੇਰੇ ਨਾਲ ਸ਼ਾਦੀ ਕਰਾਉਣੀ ਚਾਹੁੰਦੈ। ਰਾਜਾ ਧਰਮਾਤਮਾ ਸੀ। ਵਜ਼ੀਰਾਂ ਨੇ ਕਿਹਾ ਕਿ ਨਹੀਂ ਜਾਦੂਗਰ, ਸਾਡੇ ਮਹਾਰਾਜ ਬੜੇ ਉਚੇ ਆਚਰਣ ਵਾਲੇ ਨੇ, ਐਸੀ ਬਾਤ ਹੋ ਨਹੀਂ ਸਕਦੀ। ਇਹ ਕੋਈ ਗਲਤ ਅਵਾਜ਼ ਆ ਰਹੀ ਐ। ਕਹਿੰਦਾ, ਗਲਤ ਨਹੀਂ; ਚਾਬੀ ਦਓ, ਮੈਂ ਖੋਲ੍ਹ ਕੇ ਲਿਆ ਦੇਨਾਂ। ਚਾਬੀ ਲਈ ਤੇ ਸੱਤਾਂ ਤਾਲਿਆਂ 'ਚੋਂ ਕੱਢ ਕੇ ਲਿਆਂਦੀ। ਕਹਿੰਦੇ, ਮਹਾਰਾਜ ਐਸਾ ਹੈ ਨਹੀਂ? ਸਾਰੇ ਸ਼ਰਮਿੰਦੇ ਹੋ ਗਏ, ਨੀਵੀਂ ਪਾ ਲਈ ਕਿ ਹੋਇਆ ਕੀ? ਇਹ ਹੋਈ ਕੀ ਜਾਂਦੈ?

ਉਸ ਵੇਲੇ ਜਦ ਬਹੁਤ ਅਫਸੋਸ 'ਚ ਹੋ ਗਏ, ਉਸ ਨੇ ਕਿਹਾ ਕਿ ਮਹਾਰਾਜ! ਅਫਸੋਸ ਨਾ ਕਰੋ, ਮੈਂ ਹੁਣ ਗੱਲ ਦਸਦਾਂ। ਇਹ ਤੁਹਾਨੂੰ ਪਹਿਲਾਂ ਖੁਸ਼ੀ ਹੋਈ ਜਿਸ ਵਕਤ ਮੈਂ ਮਾਰ-ਮਾਰ ਸੁੱਟਦਾ ਸੀ; ਹੁਣ ਤੁਹਾਨੂੰ ਦਵੈਸ਼ ਹੋਈ, 'ਰਾਗ' ਹੋਇਆ, ਗਮੀ ਹੋਈ; ਨਾ ਮੈਂ ਕਿਤੇ ਗਿਆਂ, ਨਾ ਮੈਂ ਕਿਸੇ ਨਾਲ ਯੁੱਧ ਕਰਿਐ; ਇਹ ਕੇਵਲ ਮੈਂ ਤੁਹਾਨੂੰ ਇਕ ਜਾਦੂ ਦਾ ਕਰਿਸ਼ਮਾ ਦਿਖਾਇਐ, ਤਮਾਸ਼ਾ ਦਿਖਾਇਐ ਤੇ ਤੁਸੀਂ ਕਿਹਾ ਸੀ ਕਿ ਇਹ ਸਿੱਖਿਆਦਾਇਕ ਵੀ ਹੋਵੇ। ਦੇਖੋ, ਮੈਂ ਆਪਣੀ ਮਾਇਆ ਵਰਤਾਈ ਐ - ਛੋਟੇ ਜਿਹੇ ਬੰਦੇ ਨੇ, ਛੋਟੀ ਜਿਹੀ ਮਾਇਆ ਤੇ ਤੁਸੀਂ ਕਿੰਨਾਂ ਭੁੱਲ ਗਏ, ਕਿੰਨਾ ਤੁਹਾਡੇ ਅੰਦਰ ਰੰਜ ਪੈਦਾ ਹੋ ਗਿਆ, ਕਿੰਨਾਂ ਅਫਸੋਸ ਪੈਦਾ ਹੋ ਗਿਆ। ਪਹਿਲਾਂ ਕਿੰਨੀ ਖੁਸ਼ੀਂ ਸੀ ਤੁਹਾਡੇ ਮਨ ਦੇ ਅੰਦਰ, ਮੈਂ ਇਕ ਜਾਦੂਗਰ, ਆਪਣੇ ਜਾਦੂ ਦੇ ਨਾਲ ਤੁਹਾਨੂੰ ਭੁਲਾ ਸਕਦਾਂ। ਫੇਰ ਜਿਹੜੀ ਇਹ ਮਾਇਆ ਹੈ - ਪ੍ਰਮੇਸ਼ਰ ਦੀ, ਜਿਹਦਾ ਮਿਤ ਕੋਈ ਨਹੀਂ ਹੈ, ਜਿਹਦੇ ਬਾਰੇ ਕੋਈ ਕਹਿ ਨਹੀਂ ਸਕਦਾ ਅਨਰ - ਬਚਨੀ ਜਿਸਨੂੰ ਆਖਦੇ ਐਂ - ਮਹਾਰਾਜ, ਉਹਦੇ ਵਿਚ ਕਿੰਨੀ ਸ਼ਕਤੀ ਐ। ਬਾਵਜੂਦ ਚਾਰੇ ਵੇਦਾਂ ਦੇ, ਛੇਈ ਸ਼ਾਸ਼ਤਰਾਂ ਦੇ; ਮਹਾਂਪੁਰਸ਼ ਆਉਂਦੇ ਨੇ ਹਾਕਾਂ ਮਾਰਦੇ ਨੇ, ਅਵਾਜ਼ਾਂ ਦੇਂਦੇ ਨੇ, ਜੀਵ ਨੂੰ ਸਮਝਾਉਂਦੇ ਨੇ ਪਰ ਇਹ ਜਿਹੜਾ ਜੀਵ ਐ, ਐਨਾ ਮੋਹਿਤ ਹੋ ਗਿਆ, ਏਹਦੇ ਵਿਚੋਂ ਨਿਕਲ ਨਹੀਂ ਸਕਦਾ। ਐਸ ਤਰ੍ਹਾਂ ਪੜ੍ਹ ਲਓ-

***ਧਾਰਨਾ - ਮਾਇਆ ਮੋਹਣੀ ਨੇ,***
***ਮੋਹ ਲਿਆ ਜਗ ਸਾਰਾ,***
***ਧੋਖੇ ਵਿਚ ਜੀਵ ਆ ਗਿਆ - 2.***

***ਪਹਿਲੈ ਪਿਆਰਿ ਲਗਾ ਥਣ ਦੁਧਿ।***
***ਦੂਜੈ ਮਾਇ ਬਾਪ ਕੀ ਸੁਧਿ।।***
***ਤੀਜੈ ਭਯਾ ਭਾਭੀ ਬੇਬ।।***
***ਚਉਥੈ ਪਿਆਰਿ ਉਪੰਨੀ ਖੇਡ।।***
***ਪੰਜਵੈ ਖਾਣ ਪੀਅਣ ਕੀ ਧਾਤੁ।।***
***ਛਿਵੈ ਕਾਮੁ ਨ ਪੁਛੈ ਜਾਤਿ।।***
***ਸਤਵੈ ਸੰਜਿ ਕੀਆ ਘਰ ਵਾਸੁ।।***
***ਅਠਵੈ ਕ੍ਰੋਧੁ ਹੋਆ ਤਨ ਨਾਸੁ।।***
***ਨਾਵੈ ਧਉਲੇ ਉਭੇ ਸਾਹ।।***
***ਦਸਵੈ ਦਧਾ ਹੋਆ ਸੁਆਹ।।***
***ਗਏ ਸਿਗੀਤ ਪੁਕਾਰੀ ਧਾਹ।।***
***ਉਡਿਆ ਹੰਸੁ ਦਸਾਏ ਰਾਹ।।***
***ਆਇਆ ਗਇਆ ਮੁਇਆ ਨਾਉ।।***
***ਪਿਛੈ ਪਤਲਿ ਸਦਿਹੁ ਕਾਵ।।***
***ਨਾਨਕ ਮਨਮੁਖਿ ਅੰਧੁ ਪਿਆਰੁ।।***
***ਬਾਝੁ ਗੁਰੂ ਡੁਬਾ ਸੰਸਾਰੁ।।  ਅੰਗ - 137***

ਮਹਾਰਾਜ ਕਹਿੰਦੇ, ਐਂ ਆਇਐ ਧੋਖੇ 'ਚ। ਗਰਭ ਕੁੰਟ ਦੇ ਵਿਚ ਤਾਂ ਉਰਧ ਤਪ ਕਰਦਾ ਸੀ -

***ਜੈਸੀ ਅਗਨਿ ਉਦਰ ਮਹਿ***
***ਤੈਸੀ ਬਾਹਰਿ ਮਾਇਆ।।***
***ਮਾਇਆ ਅਗਨਿ ਸਭ ਇਕੋ ਜੇਹੀ***
***ਕਰਤੈ ਖੇਲੁ ਰਚਾਇਆ।।***
***ਜਾ ਤਿਸੁ ਭਾਣਾ ਤਾ ਜੰਮਿਆ***
***ਪਰਵਾਰਿ ਭਲਾ ਭਾਇਆ।।  ਅੰਗ - 921***

ਹੁਣ ਹੋਇਆ ਕੀ? ਏਧਰ ਤਾਂ ਵਧਾਈਆਂ ਮਿਲਣ ਲੱਗੀਆਂ, ਓਧਰਲੇ ਪਾਸੇ ਕੀ ਹੋਇਆ?

***ਲਿਵ ਛੁੜਕੀ ਲਗੀ ਤ੍ਰਿਸਨਾ***
***ਮਾਇਆ ਅਮਰੁ ਵਰਤਾਇਆ।।  ਅੰਗ - 921***

ਹੁਣ ਮਾਇਆ ਨੇ ਆਪਣਾ ਰਾਜ ਕਰ ਲਿਆ ਏਥੇ। ਆਪਣੀ ਤਾਕਤ ਮਾਇਆ ਨੇ ਫੈਲਾ ਦਿਤੀ। ਬੱਚਾ ਪੈਦਾ ਹੋ ਗਿਆ। ਓਹਦੂੰ ਪਹਿਲਾਂ ਨਾ ਮਾਂ ਸੀ, ਨਾਂ ਪਿਉ ਸੀ; ਕੁਝ ਨਹੀਂ ਸੀ। ਜੀਵ ਸੀਗਾ ਤੁਰਿਆ ਫਿਰਦਾ, ਉਡਾਰੀਆਂ ਮਾਰਦਾ। ਕਰਮਾਂ ਦੇ ਵਸ ਕਰਕੇ, ਗਰਭ ਚ ਆ ਕੇ ਪੈ ਗਿਆ ਤੇ ਜੰਮਿਆਂ ਤਾਂ ਮਾਂ ਬਾਪ ਬਣਨੇ ਸ਼ੁਰੂ ਹੋ ਗਏ। ਪਹਿਲਾਂ ਸਾਰਿਆਂ ਤੋਂ ਭੁੱਖ ਲੱਗੀ - ***'ਪਹਿਲੈ ਪਿਆਰਿ ਲਗਾ ਥਣ ਦੁਧਿ।।'*** ਭੁੱਖ ਲਗੀ ਤਾਂ ਥੋੜ੍ਹੇ ਜਿਹੇ ਦਿਨਾਂ 'ਚ ਪਤਾ ਲੱਗ ਗਿਆ ਕਿ ਆਹ ਮੇਰੀ ਮਾਂ ਐ। ਜਦ ਬੋਲਣ ਲੱਗਿਆ, ਮਮਾ-ਮਮਾ ਮਾਂ ਨੂੰ ਕਰੀ ਜਾਂਦੈ। ਕੁਛ ਨਾ ਕੁਛ ਕਹੀ ਜਾਂਦੈ; ਚਾਹੇ ਮਾਂ ਕਹਿ ਲਉ, ਮੰਮੀ ਕਹਿ ਲਉ; ਮਮਾ ਈ ਆਉਂਦੈ ਮੂਹਰੇ। Mother ਕਹਿ ਲਉ। ਮਾਤਾ ਕਹਿ ਲਉ; ਅੱਖਰ 'ਮ' ਹੀ ਆਉਂਦੈ। ਕਹਿੰਦੇ, ਓਹਦੀ ਸੋਝੀ ਆ ਗਈ। ਫੇਰ ***'ਤੀਜੇ ਭਯਾ ਭਾਭੀ ਬੇਬ।। ਚਉਥੈ ਪਿਆਰਿ ਉਪੰਨੀ ਖੇਡ।।'*** ਫੇਰ ਖੇਡਾਂ ਚੰਗੀਆਂ ਲੱਗਣ ਲੱਗ ਗਈਆਂ। ***'ਪੰਜਵੈ ਖਾਣ***

***ਪੀਅਣ ਕੀ ਧਾਤੁ॥'*** ਫੇਰ ਖਾਣ ਪੀਣ ਪਿਛੇ ਜ਼ੋਰ ਦੇਣ ਲੱਗ ਗਿਆ। ਫੇਰ ਏਸੇ ਤਰ੍ਹਾਂ ਨਾਲ ਵਿਸ਼ੇ ਵਿਕਾਰ ਆ ਗਏ। ਓਹਦੇ ਵਿੱਚ ਗੱਲ ਏ ਨਹੀਂ ਸੁਣਦਾ, ਗੁਰੂ ਨੂੰ ਵੀ ਭੁੱਲ ਗਿਆ, ਸੰਤਾਂ ਨੂੰ ਵੀ ਭੁੱਲ ਗਿਆ, ਮਾਂ ਬਾਪ ਤੋਂ ਵੀ ਗੁਸਤਾਖੀ ਹੋ ਗਿਆ; ਨਾ ਮਾਂ ਨੂੰ ਸਮਝੇ, ਨਾ ਪਿਓ ਨੂੰ ਸਮਝੇ; ਰਸਤਾ ਨਵਾਂ ਈ ਕੱਢ ਲਿਆ ਓਹਨੇ- ***'ਛਿਵੈ ਕਾਮੁ ਨ ਪੁਛੈ ਜਾਤਿ॥'*** ਜਦੋਂ ਹੋ ਗਿਆ ਪੰਜਾਹ ਸਾਲ ਦਾ, ਕਹਿੰਦਾ, ਹੁਣ ਤਾਂ ਘਰ ਪਾਉਣੈ, ਹੁਣ ਪੈਸੇ ਜੋੜਨੇ ਨੇ; ਪੈਸੇ ਜੋੜਨ ਵਾਸਤੇ ਜਾਇਜ਼-ਨਜ਼ਾਇਜ ਤਰੀਕੇ ਨਾਲ –

***ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥***
***ਸੁਤ ਦਾਰਾ ਪਹਿ ਆਨਿ ਲੁਟਾਵੈ॥***
***ਮਨ ਮੇਰੇ ਭੂਲੇ ਕਪਟੁ ਨ ਕੀਜੈ॥***
***ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥***
***ਅੰਗ - 656***

ਜ਼ਇਜ-ਨਜ਼ਾਇਜ ਤਰੀਕੇ ਵਰਤ ਕੇ ਫੇਰ ਧਨ ਜੋੜਦੈ। ਵਿਆਹ ਕਰਨੈ ਮੈਂ, ਕੋਠੇ ਪਾਉਣੇ ਨੇ, ਮੈਂ ਫਲਾਣਾ ਕਰਨੈ, ਮੈਂ ਢਿਮਕਾ ਕਰਨੈ; ਪੈਸਾ ਜਮ੍ਹਾਂ ਕਰਨ ਲੱਗ ਗਿਆ। '***ਅਠਵੈ ਕ੍ਰੋਧ ਹੋਆ ਤਨ ਨਾਸੁ॥'*** ਹੁਣ ਗਹਾਂ ਦੀ ਅਵਸਥਾ ਆ ਗਈ। ਬੱਚੇ ਆਖੇ ਨਹੀਂ ਲੱਗਦੇ, ਹੁਣ ਕ੍ਰੋਧ ਆਉਣ ਲੱਗ ਗਿਆ। ਆਪਣਾ ਤਨ ਏ ਨਾਸ ਕਰ ਲਿਆ – ***'ਨਾਵੈ ਧਉਲੇ ਉਭੇ ਸਾਹ॥ ਦਸਵੈ ਦਧਾ ਹੋਆ ਸੁਆਹ॥ ਗਏ ਸਿਗੀਤ ਪੁਕਾਰੀ ਧਾਹ॥'*** ਖੁਸ਼ੀਆਂ ਚਲੀਆਂ ਗਈਆਂ, ਧਾਹਾਂ ਮਾਰੀ ਜਾ ਰਿਹਾਂ ਮੈਂ ਤਾਂ? ਆਹ ਕੀ ਮੈਂ ਕਰ ਲਿਆ? ਕਿੱਥੇ ਰਹਿ ਗਈਆਂ ਕੋਠੀਆਂ, ਕਿੱਥੇ ਰਹਿ ਗਏ ਬੱਚੇ? ਆਹ ਹੋਇਆ ਕੀ ਮੇਰੇ ਨਾਲ ਧੋਖਾ? ਮੈਂ ਤਾਂ ਸੁਣਦਾ ਹੀ ਆਇਆਂ – ਨਾਮ ਜਪਣਾ-ਨਾਮ ਜਪਣਾ; ਉਹ ਕੁਛ ਨਹੀ ਹੋਇਆ ਮੇਰੇ ਤੋਂ, ਲੋਕੋ! ਮੇਰੇ ਵਾਲੇ ਰਾਹ ਨਾ ਪਇਓ; ਬਚੋ ਜੇ ਬਚ ਹੁੰਦੈਂ। ਮੈਂ ਕੁਛ ਨਹੀਂ ਖੱਟ ਕੇ ਜਾ ਰਿਹਾ॥ ਮਹਿਮੂਦ ਗਜ਼ਨਵੀ ਬਾਰੇ ਕਹਿੰਦੇ ਨੇ ਕਿ ਉਹਨੇ ਹੱਥ ਤੇ ਪੈਰ ਦੋਏ ਜਨਾਜੇ ਚੋਂ ਕੱਢ ਕੇ ਫੱਟੀ ਲਾ ਦਿਤੀ ਕਿ ਆਹ ਖਾਲੀ ਹੱਥ ਜਾਂਦੈ – ਅਰਬਾਂ ਦੀ ਦੌਲਤ ਲੁੱਟਣ ਵਾਲਾ, ਤੇ ਗੁਨਾਹ ਲੈ ਕੇ ਜਾ ਰਿਹੈ ਆਪਣੇ ਨਾਲ ਸਾਰੇ। ਨਾਲ ਤਾਂ ਨਹੀਂ ਜਾਣਾ-

***ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ॥***
***ਨਾਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ॥***
***ਅੰਗ - 1365***

ਲੱਖ ਕਰੋੜ ਕਹਿੰਦੇ ਨੇ – ਸੋ ਖਰਬ ਜਿਹਦੇ ਕੋਲ ਸੀਗਾ, ਉਹ ਵੀ ਖਾਲੀ ਜਾਂਦੈ। ਕਿਸੇ ਦੇ ਨਾਲ ਨਹੀਂ ਏਹ ਮਾਇਆ ਜਾਂਦੀ – ਐਸੀ ਧੋਖੇਬਾਜ਼ੀ ਐ। ਜੋੜ-ਜੋੜ ਕੇ ਜਮ੍ਹਾਂ ਕਰੀ ਜਾਂਦੈ, ਬੇਅੰਤ ਕੁਛ ਬਣਾ ਲੈਂਦੈ। ਕਾਹਦੇ ਵਾਸਤੇ ਬਣਾਉਨੈ ਐਨਾ? ਜਿਹੜਾ ਕੰਮ ਤੂੰ ਕਰਨ ਵਾਸਤੇ ਆਇਆ ਸੀ, ਉਹ ਤਾਂ ਤੂੰ ਭੁੱਲ ਗਿਆ। ਮਾਇਆ ਕਹਿੰਦੀ, ਬੱਸ ਮੈਂ ਆਹੀ ਕਰਦੀ ਆਂ, ਯਾਦ ਨਹੀਂ ਰਹਿਣ ਦਿੰਦੀ। ਅਣਹੋਈ ਚੀਜ਼ ਨੂੰ ਹੋਈ ਕਰ ਦੇਨੀ ਆਂ। ਸੰਸਾਰ 'ਚ ਬਿਠਾ ਦਿੱਤਾ ਕਿ ਨਹੀਂ ਜਾਣਾ, ਤੈਂ ਏਥੇ ਹੀ ਰਹਿਣੈਂ। ਲੋਕਾਂ ਨੂੰ ਤੁਰਦਿਆਂ ਨੂੰ ਦੇਖਦੈ, ਜਾਂਦਿਆਂ ਨੂੰ ਦੇਖਦੈ, ਸ਼ਮਸ਼ਾਨ ਭੂਮੀ ਤੱਕ ਜਾਂਦੈ। ਕਹਿੰਦਾ, ਮੈਂ ਨਹੀਂ ਜਾਣਾ। ਮੈਂ ਤਾਂ ਰਹਿਣੈ ਏਥੇ, ਮੈਂ ਤਾਂ ਨਹੀਂ ਮਰਦਾ ਅਜੇ, ਨਾ ਮੈਂ ਬੁੜ੍ਹਾ ਹੋਇਆ; ਏਹਦਾ ਈ ਸਰੀਰ ਕੰਬਦੈ, ਮੇਰਾ ਤਾਂ ਨਹੀ ਕੰਬਣਾ, ਮੈਂ ਤਾਂ ਤਕੜਾ ਪਿਆਂ। ਕਹਿੰਦੀ, ਇਹ ਭੁਲਾ ਦੇਣਾ ਈ ਮੇਰਾ ਕੰਮ ਐ –

***ਇਨਿ ਮਾਇਆ ਜਗਦੀਸ ਗੁਸਾਈ***
***ਤੁਮਰੇ ਚਰਨ ਬਿਸਾਰੇ॥ ਅੰਗ - 857***

ਕੀ ਕਰੇ ਇਹ? ਭੋਰਾ ਜਿੰਨਾਂ ਵੀ ਪਿਆਰ ਵਾਹਿਗੁਰੂ ਦੇ ਨਾਲ ਨਹੀਂ ਲੱਗਿਆ ਜਿਹਨੇ ਇਹਨੂੰ ਸਭ ਤੋਂ ਉਤਮ ਦੇਹੀ ਦਿੱਤੀ ਹੈ। ਕਹਿੰਦਾ, ਮੈਨੂੰ ਕੀ ਦਿੱਤੈ? ਮੈਂ ਏਵੇਂ ਜਿਵੇਂ ਪੈਦਾ ਹੋਣਾ ਈ ਸੀ; ਨਾ ਪੈਦਾ ਕਰਦਾ। ਬਹੁਤਾ ਈ ਹੋਰ ਤਰ੍ਹਾਂ ਦੈ, ਮੁੱਕਰ ਜਾਂਦੈ।

ਜਦ ਹੁੰਦੈ ਦੁੱਖੀ, ਫੇਰ ਪ੍ਰਮੇਸ਼ਰ ਨੂੰ ਹਾਕਾਂ ਮਾਰਦੈ। ਮਾਇਆ ਕਹਿੰਦੀ, ਮੇਰੇ ਤਿੰਨ ਰੂਪ ਨੇ – ਇੱਕ ਸੂਖਮ ਰੂਪ ਐ, ਇੱਕ ਜੜ੍ਹ ਰੂਪ ਐ, ਇੱਕ ਚੇਤਨ ਰੂਪ ਐ। ਸੂਖਮ ਰੂਪ ਦੇ ਅੰਦਰ ਤਾਂ ਮੈਂ ਮੋਹ ਮਾਇਆ ਬਣਦੀ ਆਂ। ਪੈਸਾ-ਟਕਾ, ਸਵਾਰੀਆਂ, ਜ਼ਮੀਨ-ਜਾਇਦਾਦ, ਇੰਡਸਟਰੀਆਂ ਸਭ ਕੁਛ ਮੈਂ ਹੀ ਹਾਂ ਤੇ ਚੇਤਨ ਰੂਪ ਦੇ ਅੰਦਰ ਮੈਂ ਭੁਲਾ ਦੇਨੀ ਆਂ। ਇਸਤਰੀਆਂ ਤੇ ਬੰਦੇ ਭੁੱਲ ਜਾਂਦੇ ਨੇ। ਉਨ੍ਹਾਂ ਨੂੰ ਪਤਾ ਈ ਨਹੀਂ ਰਹਿੰਦਾ, ਪਰਿਵਾਰ ਦੇ ਵਿਚ ਭੁੱਲ ਜਾਂਦੇ ਨੇ – ਬਾਲ ਬੱਚਿਆਂ 'ਚ, ਕਿਉਂਕਿ ਚੇਤਨ ਦੇ ਨਾਲ ਪਿਆਰ ਪੈ ਗਿਆ। ਉਹ ਭੁੱਲ ਗਏ, ਆਉਂਦੇ ਈ ਨਹੀਂ। ਪ੍ਰਮੇਸ਼ਰ ਵਾਲਾ ਰਾਹ ਤਾਂ ਮੈਂ ਬੰਦ ਕਰ ਦੇਨੀ ਆਂ। ਸੋ ਏਸ ਤਰ੍ਹਾਂ ਦੇ ਨਾਲ ਜੇ ਸੰਤਾਂ ਦੀ ਸੰਗਤ ਕਰੇਂ ਤੂੰ, ਮਹਾਰਾਜ ਕਹਿੰਦੇ –

***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ॥***
***ਅੰਗ - 12***

ਮਾਇਆ 'ਤੋਂ ਬਚ ਪਿਆਰਿਆ! ਸਾਧੂਆਂ ਦੀ ਸੰਗਤ ਕਰ। ਦੇਖ, ਸਾਧੂਆਂ ਦੀ ਸੰਗਤ ਕਰਕੇ ਕਬੀਰ ਸਾਹਿਬ ਦੀ ਕਿੱਡੀ ਪਦਵੀ ਹੋਈ; ਰਵੀਦਾਸ ਨੇ ਸਾਧੂਆਂ ਦੀ ਸੰਗਤ ਕਰੀ ਐ, ਅੱਜ ਸਾਰਾ ਸੰਸਾਰ ਪੂਜਦੈ; ਬਾਲਮੀਕ ਡਾਕੇ ਮਾਰਦੇ ਨੇ, ਸਾਧੂਆਂ ਦੀ ਸੰਗਤ ਕਰੀ ਤੇ ਅੱਜ ਪੂਜਿਆ ਜਾ ਰਿਹੈ। ਕ੍ਰਿਸ਼ਨ ਮਹਾਰਾਜ ਨੇ ਵੀ ਉਹਦੇ ਚਰਣ ਧੋਤੇ – ਯੱਗ ਦੇ ਵੇਲੇ। ਕਿੰਨੀਆਂ ਪਦਵੀਆਂ ਪ੍ਰਾਪਤ ਕਰ ਲੈਂਦੈ – ਜੇਹੀ ਸੰਗਤ ਤੇਹੀ ਰੰਗਤ –

*ਕਬੀਰ ਮਨੁ ਪੰਖੀ ਭਇਓ ਉਡਿ ਉਡਿ*
*ਦਹ ਦਿਸ ਜਾਇ॥*
*ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥*
*ਅੰਗ - 1369*

ਏਸ ਤਰ੍ਹਾਂ ਦੇ ਨਾਲ ਸੰਗਤ ਤੋਂ ਬਗੈਰ ਪ੍ਰਮੇਸ਼ਰ ਦਾ ਨਾਮ ਨਹੀਂ ਜਪਿਆ ਜਾਂਦਾ।

ਇਕ ਵਾਰੀ ਕਬੀਰ ਸਾਹਿਬ ਬੈਠੇ ਨੇ, ਬਹੁਤ ਸਾਰੇ ਸਾਧੂ ਕੋਲ ਬੈਠੇ ਨੇ। ਇਕ ਬੀਬੀ ਸੀ, ਬਹੁਤ ਵਧੀਆ ਉਹਦੇ ਕੱਪੜੇ ਪਾਏ ਹੋਏ, ਬੜੀ ਸਜ ਧਜ ਨਾਲ ਆਈ। ਕਬੀਰ ਸਾਹਿਬ ਨੇ ਧਿਆਨ ਹੀ ਨਾ ਦਿਤਾ - ਉਹਦੇ ਵੱਲ। ਆਈ, ਆ ਕੇ ਮੱਥਾ ਟੇਕਿਆ; ਦੇਖਦੀ ਰਹੀ ਕਿ ਮੈਨੂੰ ਆਸ਼ੀਰਵਾਦ ਦੇਣ। ਆਪ ਨੇ ਧਿਆਨ ਹੀ ਨਾ ਦਿਤਾ। ਇਕ ਗਰੀਬਣੀ ਜਿਹੀ, ਪਾਟੇ ਕਪੜਿਆਂ ਵਾਲੀ ਬੀਬੀ ਮਗਰੋਂ ਈ ਆ ਗਈ ਤੇ ਕਬੀਰ ਸਾਹਿਬ ਨੇ ਉਸ ਤੋਂ ਪੁਛਿਆ ਕਿ ਠੀਕ ਓਂ ਤੁਸੀਂ, ਠੀਕ ਐ ਤੁਹਾਡਾ ਕਾਰੋਬਾਰ? ਸੰਤਾਂ ਨੇ ਕਿਹਾ ਕਿ ਇਹ ਦਵੈਤ ਕਬੀਰ ਸਾਹਿਬ ਦੇ ਅੰਦਰ? ਇਹ ਕੋਈ ਲੱਗਦੀ ਹੋਣੀ ਇਹਦੀ, ਇਹਨੂੰ ਤਾਂ ਪੁੱਛ ਲਿਆ; ਉਸ ਬੀਬੀ ਵਲ ਧਿਆਨ ਨਹੀਂ ਦਿਤਾ। ਸੰਤ ਕਹਿਣ ਲੱਗੇ, ਮਹਾਰਾਜ, ਐਹ ਕੀ ਭੇਤ ਐ? ਉਸ ਵੇਲੇ ਕਹਿਣ ਲੱਗੇ, ਉਹ ਈਸ਼ਵਰੀ ਮਾਇਆ ਆਈ ਸੀ - ਇਸਤਰੀ ਦਾ ਰੂਪ ਧਾਰ ਕੇ ਮੋਹਣਾ ਚਾਹੁੰਦੀ ਸੀ - ਆਪਣੀ ਸਜ ਧਜ ਦੇ ਨਾਲ, ਲੇਕਿਨ ਅਸੀਂ ਧਿਆਨ ਨਹੀਂ ਦਿਤਾ। ਸੰਤ ਕਹਿਣ ਲੱਗੇ, ਕਬੀਰ ਸਾਹਿਬ ਜੀ ਇਕ ਅਸੀਂ ਗੱਲ ਨੋਟ ਕਰੀ ਐ ਕਿ ਉਹਦੇ ਮੱਥੇ ਦੇ ਵਾਲ ਘਸੇ ਹੋਏ ਨੇ, ਤੇ ਪਿਛਲੇ ਪਾਸੇ ਗਿੱਚੀ ਦੇ ਵਾਲ ਜਿਹੜੇ ਨੇ, ਐਂ ਲੱਗਦੈ ਜਿਵੇਂ ਖਿੱਚ ਖਿੱਚ ਕੇ ਕਿਸੇ ਨੇ ਖਰਾਬ ਕਰੇ ਹੁੰਦੇ ਨੇ। ਇਹ ਕਾਰਣ ਨਹੀਂ ਸਾਡੇ ਸਮਝ ਆਇਆ। ਕਹਿੰਦੇ, ਤੁਸੀਂ ਬੁਲਾ ਲਓ, ਬੁਲਾ ਕੇ ਪੁਛ ਲਓ। ਆਵਾਜ਼ ਦਿਤੀ, ਮਾਇਆ ਫੇਰ ਪ੍ਰਗਟ ਹੋ ਗਈ। ਕਹਿਣ ਲੱਗੇ ਕਿ ਸਾਧੂ ਆਹ ਬਚਨ ਪੁਛਦੇ ਨੇ, ਇਹਨਾਂ ਨੂੰ ਦੱਸ ਕਿ ਕੀ ਗੱਲ ਐ। ਕਹਿਣ ਲੱਗੀ, ਮਹਾਰਾਜ ਤੁਸੀਂ ਸਮਝੇ ਨਹੀਂ ਅਜੇ? ਮੈਂ ਮਾਇਆ ਰੂਪ ਹੋ ਕੇ ਪ੍ਰਤੱਖ ਰੂਪ ਦੇ ਵਿਚ ਸੰਤਾਂ ਦੇ ਚਰਨਾਂ ਤੇ ਨਮਸਕਾਰ ਕਰਨ ਆਈ ਸੀ ਤੇ ਮੈਂ ਬੇਨਤੀਆਂ ਕਰਦੀ ਆਂ, ਮੱਥੇ ਰਗੜਦੀ ਆਂ; ਮਹਾਰਾਜ! ਮੈਨੂੰ ਅੰਗੀਕਾਰ ਕਰਕੇ ਮੈਨੂੰ ਸਫਲ ਥਾਂ ਦੇ ਉਤੇ ਖਰਚ ਕਰੋ। ਪਾਪੀ ਲੋਕ ਮੈਨੂੰ ਗਲਤ ਥਾਵਾਂ, ਸ਼ਰਾਬਾਂ-ਕਬਾਬਾਂ, ਮੁਕਦਮੇ-ਬਾਜ਼ੀਆਂ, ਝਗੜੇ-ਝਾਟਿਆਂ ਤੇ ਖਰਚ ਕਰਕੇ ਮੇਰੀ ਦੁਰਦਸ਼ਾ ਕਰ ਰਹੇ ਨੇ। ਮੇਰਾ ਜੀਵਨ ਸਫਲ ਨਹੀਂ ਹੋ ਰਿਹਾ। ਤੁਸੀਂ ਕਿਸੇ ਚੰਗੇ ਥਾਂ, ਲੰਗਰਾਂ 'ਚ ਲਾ ਕੇ, ਕਿਤੇ ਹੋਰ ਥਾਂ ਕਿਰਪਾ ਕਰੋ ਕਿਉਂਕਿ ਸੰਸਾਰ ਮੇਰੇ ਪਿਛੇ ਤੁਰਿਆ ਫਿਰਦੈ, ਲੇਕਿਨ ਮੈਂ ਉਹਨਾਂ ਦੇ ਹੱਥ ਵਿਚ ਨਹੀਂ ਆਉਂਦੀ। ਸਾਧੂਆਂ ਦੇ ਪਿਛੇ ਮੈਂ ਤੁਰੀ ਫਿਰਦੀ ਆਂ। ਸਾਧੂ ਮੇਰੇ ਵੱਲ ਨਿਗਾਹ ਵੀ ਨਹੀਂ ਕਰਦੇ। ਐਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ-

*ਧਾਰਨਾ - ਦਾਸੀ ਹੋ ਕੇ ਕਾਰ ਕਮਾਵਾਂ,*
*ਤੇਰੇ ਸਾਧੂਆਂ ਦੀ - 2, 2*

ਮਹਾਰਾਜ, ਪ੍ਰਭੂ ਦੇ ਪਿਆਰਿਆਂ ਦੀ ਮੈਂ ਦਾਸੀ ਹੋ ਕੇ ਸੇਵਾ ਕਰਦੀ ਆਂ -

*ਸਾਧੂ ਕੈ ਠਾਢੀ ਦਰਬਾਰਿ॥*
*ਸਰਨਿ ਤੇਰੀ ਮੋ ਕਉ ਨਿਸਤਾਰਿ॥*
*ਅੰਗ - 872*

ਬੇਨਤੀਆਂ ਕਰਦੀ ਆਂ, ਮੱਥੇ ਰਗੜਦੀ ਆਂ ਕਿ ਮੇਰਾ ਵੀ ਨਿਸਤਾਰਾ ਕਰ ਦੇ। ਮੈਂ ਬਦਨਾਮ ਹੋਈ ਹੋਈ ਆਂ -

*ਜੋ ਤੂੰ ਕਹਹਿ ਸੁ ਕਾਰ ਕਮਾਵਾ॥ ਅੰਗ - 370*

ਜਿਹੜਾ ਕੁਛ ਤੂੰ ਕਹਿ ਦਏਂਗਾ ਮੈਂ ਉਹੀ ਕੰਮ ਕਰਾਂਗੀ -

*ਜਨ ਨਾਨਕ ਗੁਰਮੁਖ ਨੇੜਿ ਨ ਆਵਾ॥*
*ਅੰਗ - 370*

ਪਰ ਮੈਂ ਇਹਨਾਂ ਨੂੰ ਭੁਲਾਉਂਦੀ ਨਹੀਂ। ਬਾਕੀ ਸੰਸਾਰ ਤਾਂ ਮੈਂ ਸਾਰਾ ਭੁਲਾ ਦਿਤਾ, ਬਾਕੀ ਸੰਸਾਰ ਨੂੰ ਤਾਂ ਮੈਂ ਮੂਰਸ਼ਿਤ ਕਰ ਦਿਤਾ, ਬੇਸੁਰਤ ਹੋਇਆ ਹੋਇਐ ਸੰਸਾਰ ਸੰਤਾਂ ਤੋਂ ਬਗੈਰ। ਏਨਾ ਮੂਰਸ਼ਤ ਕਰ ਦਿਤਾ ਕਿ ਉਹਨੂੰ ਇਹੀ ਨਹੀਂ ਪਤਾ ਲੱਗਦਾ ਕਿ ਮੈਂ ਕੌਣ ਆਂ? ਜਦ ਉਹਨੂੰ ਪੁਛੋ, ਕਹਿੰਦਾ, ਆਹ ਮੈਂ ਤੇਰੇ ਸਾਮ੍ਹਣੇ ਖੜ੍ਹਾਂ।

ਮਹਾਰਾਜ ਇਕ ਸਾਖੀ ਸੁਣਾਇਆ ਕਰਦੇ ਸੀ ਕਿ ਇਕ ਵਾਰੀ ਕੋਈ ਰਾਜਾ ਸੀ। ਦੂਸਰੇ ਰਾਜੇ ਦੇ ਅੰਗ ਰਖਿਅਕ ਵਗੈਰਾ ਨਾਲ ਨੇ। ਵੱਡੀ ਭਾਰੀ ਪਾਰਟੀ ਹੋਈ। ਉਥੇ ਰਾਜਾ ਨੇ ਬਹੁਤਾ ਨਸ਼ਾ ਪੀ ਗਿਆ ਤੇ ਜਦੋਂ ਉਹਦੇ ਪ੍ਰਧਾਨ ਮੰਤਰੀ ਨੇ ਦੇਖਿਆ ਕਿ ਮਹਾਰਾਜ ਜ਼ਿਆਦਾ ਨਸ਼ਾ ਪੀ ਗਏ, ਉਸ ਵੇਲੇ ਬੇਨਤੀ ਕਰੀ ਕਿ ਮਹਾਰਾਜ! ਕੋਈ ਗਲਤੀ ਹੋ ਜਾਏਗੀ। ਤੁਹਾਨੂੰ ਗਾਲਾਂ ਕੱਢ ਦੇਵੇ, ਕੋਈ ਹੋਰ ਗੱਲ ਕਰ ਦੇਵੇ; ਚੰਗਾ ਇਹ ਹੈ, ਸਾਨੂੰ ਆਗਿਆ ਦੇਵੋ ਕਿ ਅਸੀਂ ਲੈ ਜਾਈਏ - ਏਹਨਾਂ ਨੂੰ, ਕਿਉਂਕਿ ਹੁਣ ਜ਼ਿਆਦਾ ਭੁੱਲ ਚੁਕੇ ਨੇ- ਆਪਣੇ ਆਪ ਨੂੰ। ਕੋਈ ਪਤਾ ਨਹੀਂ ਏਹਨਾਂ ਨੂੰ, ਹੋਸ਼ ਨੀਂ ਹੈ। ਵਜ਼ੀਰ ਸਿਆਣਾ ਸੀ, ਉਸਨੇ ਬੱਘੀ ਦੇ ਵਿਚ ਬਿਠਾਇਆ ਤੇ ਆਪਣੇ ਰਾਜ ਦੀ ਹੱਦ ਵਿਚ ਆ ਗਿਆ। ਮਹਿਲ ਵੀ ਨੇੜੇ ਸੀ, ਉਥੇ ਬਾਹਰਲੇ ਪਾਸੇ ਪਹਿਰੇਦਾਰ ਪਹਿਰਾ ਦੇ ਰਹੇ ਸੀ - ਘੁੰਮ ਕੇ। ਚਾਰੇ ਪਾਸੇ ਫੌਜ ਵਾਲੇ ਤੁਰੇ ਜਾਂਦੇ ਨੇ। ਇਕ ਸੰਤਰੀ ਓਧਰੋਂ ਆਉਂਦੈ, ਇਕ ਏਧਰੋਂ ਜਾਂਦੈ। ਜਿਥੇ ਦੋਏ ਇਕੱਠੇ ਹੋ ਜਾਂਦੇ ਨੇ, ਇਕ ਏਧਰ ਨੂੰ ਚਲਿਆ ਜਾਂਦੈ, ਇਕ ਓਧਰ ਨੂੰ ਚਲਿਆ ਜਾਂਦੈ। ਇਹ ਜਿਸ ਵਕਤ ਆਇਆ, ਇਹਨੇ ਦੇਖਿਆ ਕਿ ਪਹਿਰਾ ਦੇ ਰਹੇ ਨੇ। ਕੌਣ ਹੋਏ ਇਹ? ਕਹਿਣ

ਲੱਗਿਆ, ਮੈਂ ਵੀ ਪਹਿਰਾ ਦੇਣੈ। ਉਸ ਵੇਲੇ ਜਿਹੜਾ ਦਿਨ ਦਾ ਆਫੀਸਰ ਸੀਗਾ - ਵੱਡਾ ਕਰਨਲ ਉਹ ਕਹਿਣ ਲੱਗਿਆ, ਹਜ਼ੂਰ ਤੁਸੀਂ ਤਾਂ ਬਾਦਸ਼ਾਹ ਹੋ; ਇਹ ਤਾਂ ਅਸਾਡਾ ਕੰਮ ਐ - ਤੁਹਾਡਾ ਪਹਿਰਾ ਦੇਣਾ। ਨਹੀਂ ਨਹੀਂ ਨਹੀਂ, ਕਹਿੰਦਾ, ਮੈਂ ਪਹਿਰਾ ਦੇਣੈ; ਮੈਂ ਕੋਈ ਬਾਦਸ਼ਾਹ ਨਹੀਂ। ਬਾਰ-ਬਾਰ ਯਾਦ ਕਰਾਉਂਦੇ ਨੇ ਪਰ ਕਹਿੰਦਾ, ਮੈਂ ਬਾਦਸ਼ਾਹ ਨਹੀਂ, ਮੈਨੂੰ ਵੀ ਰਾਈਫਲ ਦਓ, ਮੈਂ ਵੀ ਪਹਿਰਾ ਦੇਣੈ।

ਜਦ ਜ਼ਿਆਦਾ ਜ਼ਿੱਦ ਕਰੀ, ਉਸ ਵੇਲੇ ਵਰਦੀ ਲਿਆ ਦਿਤੀ। ਉਹਲੇ ਹੋ ਕੇ ਵਰਦੀ ਲਾਹ ਦਿਤੀ, ਰਾਈਫਲ ਹੱਥ 'ਚ ਫੜ ਲਈ, ਲੈਫਟ-ਰਾਈਟ ਕਰਨ ਲੱਗ ਗਿਆ; ਪਹਿਰਾ ਦੇਂਦੈ ਓਥੇ। ਜਦ ਦੋ ਘੰਟੇ ਲੰਘ ਗਏ - ਬੀਟ ਤੇ ਘੁੰਮਦੇ ਨੂੰ, ਓਸ ਵੇਲੇ ਦੇਖਣ ਲੱਗ ਗਿਆ। ਆਪਣੇ ਵੱਲ ਦੇਖਿਆ, ਪੱਟੀਆਂ ਲਾਈਆਂ ਹੋਈਐਂ, ਓਧਰ ਦੇਖਿਆ; ਵਰਦੀ ਵੱਲ ਦੇਖਿਆ। ਗਲ 'ਚ ਬੰਡੋਲੀਅਰ ਪਾਇਆ ਹੋਇਐ, ਉਹਨੂੰ ਦੇਖਿਆ; ਹੱਥ 'ਚ ਰਾਈਫਲ ਫੜੀ ਐ, ਉਹ ਦੇਖੀ; ਆਲੇ-ਦੁਆਲੇ ਦੇਖਣ ਲੱਗ ਗਿਆ। ਵਜ਼ੀਰ ਨੇ ਸਮਝ ਲਿਆ ਕਿ ਹੁਣ ਹੋਸ਼ ਆ ਗਈ। ਉਸੇ ਵੇਲੇ ਵਜ਼ੀਰ ਆਇਆ। ਆ ਕੇ ਉਸਨੇ ਝੁੱਕ ਕੇ ਪ੍ਰਣਾਮ ਕਰੀ ਕਿ ਮਹਾਰਾਜ, ਕਿਰਪਾ ਕਰੋ, ਆਪ ਰਾਈਫਲ ਦੇ ਦਿਓ; ਆਪ ਸਿਪਾਹੀ ਨਹੀਂ ਹੋ, ਆਪ ਤਾਂ ਬਾਦਸ਼ਾਹ ਹੋ; ਆਪਣੀ ਬਾਦਸ਼ਾਹੀ ਕਪੜੇ ਪਹਿਨੋਂ ਤੇ ਕਿਰਪਾ ਕਰੋ ਤੇ ਤੁਸੀਂ ਇਹ ਵਰਦੀ ਲਾਹ ਦਿਓ। ਹੋਸ਼ ਆ ਚੁੱਕੀ ਸੀ, ਉਸੇ ਵੇਲੇ ਵਰਦੀ ਲਾਹ ਦਿਤੀ ਤੇ ਉਸੇ ਵੇਲੇ ਆਪਣੇ ਬਸਤਰ ਪਹਿਨ ਕੇ ਬੜਾ ਸ਼ਰਮਿੰਦਾ ਹੋਇਆ। ਕਹਿਣ ਲੱਗਾ, ਵਜ਼ੀਰ ਸਾਹਿਬ ਇਹ ਗੱਲ ਹੋਈ ਕਿਵੇਂ? ਕਹਿਣ ਲੱਗੇ, ਬਾਦਸ਼ਾਹ ਸਲਾਮਤ, ਨਸ਼ਾ ਤੁਸੀਂ ਜ਼ਿਆਦੇ ਪੀ ਬੈਠੇ। ਨਸ਼ੇ ਦਾ ਸੁਭਾਅ ਇਹ ਐ ਕਿ ਭੁਲਾ ਦੇਂਦੈ - ਬੰਦੇ ਨੂੰ, ਯਾਦ ਕੁਛ ਨਹੀਂ ਰਹਿੰਦਾ -

***ਆਪਣਾ ਪਰਾਇਆ ਨ ਪਛਾਣਈ***
***ਖਸਮਹੁ ਧਕੇ ਖਾਇ॥*** ***ਅੰਗ - 554***

ਨਾ ਆਪਣਾ ਦਿਸਦੈ, ਨਾ ਪਰਾਇਆ ਦਿਸਦੈ। ਦਰ ਦਰਗਾਹ 'ਚੋਂ ਧੱਕੇ ਮਿਲਦੇ ਨੇ। ਸੋ ਹਜ਼ੂਰ, ਉਸ ਵੇਲੇ ਮੈਂ ਆਪ ਨੂੰ ਲੈ ਆਇਆ ਸੀ। ਏਥੇ ਆਪ ਨੇ ਕਿਹਾ ਕਿ ਮੈਂ ਪਹਿਰਾ ਦੇਣੈ। ਅਸੀਂ ਆਪ ਦੀ ਹੁਕਮ ਅਦੂਲੀ ਕਰ ਨਹੀਂ ਸਕਦੇ। ਬੜੀਆਂ ਬੇਨਤੀਆਂ ਕਰੀਆਂ ਕਿ ਮਹਾਰਾਜ ਤੁਸੀਂ ਬਾਦਸ਼ਾਹ ਹੋ। ਤੁਹਾਡੇ ਸਿਪਾਹੀ ਪਹਿਰੇ ਉਤੇ ਖੜ੍ਹੇ ਨੇ। ਪਰ ਤੁਸੀਂ ਜਦ ਜ਼ਿਆਦੇ ਹੱਠ ਕਰਿਆ, ਇਹ ਵਰਦੀ ਲਿਆ ਦਿਤੀ ਤੇ ਤੁਸੀਂ ਪਹਿਨ ਲਈ। ਹੁਣ ਤੁਸੀਂ ਇਹ ਵਰਦੀ ਉਤਾਰ ਦਿਉ। ਕਹਿਣ ਲੱਗੇ, ਬੜਾ ਭੁੱਲਿਆ ਮੈਂ, ਯਾਦ ਚਿਤ ਹੀ ਨੀਂ ਰਿਹਾ। ਮਹਾਰਾਜ ਜੀ ਕਹਿੰਦੇ, ਏਸ ਤਰ੍ਹਾਂ ਜਿਹੜਾ ਜੀਵ ਐ, ਇਹ ਤਾਂ ਆਤਮ ਸਹਿਜ਼ਾਦਾ ਹੈ, ਇਹ ਵਾਹਿਗੁਰੂ ਦੀ ਅੰਸ ਹੈ -

***ਮਨ ਤੂੰ ਜੋਤਿ ਸਰੂਪੁ ਹੈ***
***ਆਪਣਾ ਮੂਲੁ ਪਛਾਣੁ॥*** ***ਅੰਗ - 441***

ਪਰ ਇਹ ਐਨਾ ਜ਼ਬਰਦਸਤ ਭੁੱਲ ਵਿਚ ਪੈ ਗਿਆ ਕਿ ਆਪਣੇ ਸਰੂਪ ਨੂੰ ਭੁੱਲ ਕੇ ਆਹੀ ਕਹਿੰਦੈ ਕਿ ਮੈਂ ਸਰੀਰ ਆਂ, ਮੈਂ ਸਰੀਰ ਆਂ, ਮੈਂ ਆਹ ਸਾਹਮਣੇ ਖੜ੍ਹਾਂ ਤੁਹਾਡੇ। ਇਹ ਕਦੇ ਨਹੀਂ ਮੰਨਦਾ ਕਿ ਮੈਂ ਕੀ ਆਂ? ਇਹ ਤਾਂ ਪ੍ਰਮੇਸ਼ਰ ਦੀ ਅੰਸ਼ ਐ, ਪ੍ਰਮੇਸ਼ਵਰ ਦੀ ਜ਼ਾਤ-ਏ-ਖਾਸ ਐ; ਐਂ ਸਮਝ ਲਓ ਜਿਵੇਂ ਲਹਿਰ ਤੇ ਸਮੁੰਦਰ ਐ। ਲਹਿਰ, ਸਮੁੰਦਰ ਦਾ ਹੀ ਰੂਪ ਹੁੰਦੀ ਐ। ਵਾਹਿਗੁਰੂ ਦਾ ਰੂਪ ਹੋ ਕੇ, ਮਾਇਆ ਦੀ ਠੱਗੀ ਵਿਚ ਆ ਗਿਆ, ਉਹਦੀ ਜ਼ਹਿਰ ਚੜ੍ਹ ਗਈ ਇਸਨੂੰ; ਬੇਸੁੱਧ ਹੋ ਗਿਆ। ਏਸ ਤਰ੍ਹਾਂ ਫੁਰਮਾਨ ਕਰਦੇ ਨੇ-

*ਧਾਰਨਾ - ਮਾਇਆ ਹੋ ਕੇ ਨਾਗਣੀ ਲੜ ਗਈ,*
*ਮਨਮੁਖ ਬੰਦਿਆਂ ਦੇ - 2, 2.*

*ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥*
*ਇਸ ਕੀ ਸੇਵਾ ਜੋ ਕਰੇ*
*ਤਿਸ ਹੀ ਕਉ ਫਿਰਿ ਖਾਇ॥*
*ਗੁਰਮੁਖਿ ਕੋਈ ਗਾਰੜੂ*
*ਤਿਨਿ ਮਲਿ ਦਲਿ ਲਾਈ ਪਾਇ॥*
*ਨਾਨਕ ਸੇਈ ਉਬਰੇ*
*ਜਿ ਸਚਿ ਰਹੇ ਲਿਵ ਲਾਇ॥* *ਅੰਗ - 510*

ਬਾਕੀਆਂ ਨੂੰ ਤਾਂ ਇਹਨੇ ਖਾਣਾ ਹੀ ਖਾਣੈ। ਕਹਿੰਦੇ, ਗੁਰਮੁਖ ਦੇ ਰਾਹੀਂ ਜਿਹਨੂੰ ਨਾਮ ਦੀ ਦਾਤ ਪ੍ਰਾਪਤ ਹੋ ਗਈ, ਗਿਆਨ ਦੇ ਮੰਡਲ 'ਚ ਪਹੁੰਚ ਗਿਆ, ਉਨ੍ਹਾਂ ਨੇ ਦਲ ਮਲ ਕੇ ਚਰਨਾਂ ਨਾਲ ਲਾ ਲਈ; ਉਹ ਨਹੀਂ ਮੋਹੇ ਜਾਂਦੇ - ਏਹਤੋਂ। ਉਹੀ ਉਭਰਦੇ ਨੇ - ***'ਨਾਨਕ ਸੇਈ ਉਬਰੇ ਜਿ ਸਚਿ ਰਹੇ ਲਿਵਲਾਇ॥'***

ਬਾਕੀਆਂ ਨੂੰ ਤਾਂ -

***ਗਿਲੀ ਗਿਲੀ ਰੋਡੜੀ ਭਉਦੀ***
***ਭਵਿ ਭਵਿ ਆਇ॥*** ***ਅੰਗ - 1097***

ਗੁੜ ਪਿਐ ਢਿੱਲਾ; ਉਹਦੇ ਉਤੇ ਉਡ-ਉਡ ਕੇ ਮੱਖੀ ਬਾਰ-ਬਾਰ ਆਈ ਜਾਂਦੀ ਐ -

***ਜੋ ਬੈਠੇ ਸੇ ਫਾਥਿਆ ਉਬਰੇ ਭਾਗ ਮਥਾਇ॥***
***ਅੰਗ - 1097***

ਜਿਹੜਾ ਬਹਿ ਗਿਆ ਇਹਦੇ ਤੇ, ਉਹ ਤਾਂ ਫਸ ਗਿਆ, ਉਹ ਨਹੀਂ ਨਿਕਲ ਸਕਦਾ। ਉਹਦੇ ਫੰਘਾਂ ਨਾਲ ਗੁੜ ਲਗ ਜਾਣੈ, ਫੇਰ ਕਿੱਥੇ ਉਡਣੈ? ਕਹਿੰਦੇ, ਮਾਇਆ ਦੇ ਉਤੇ ਜਿਹੜਾ ਬੈਠ ਗਿਆ, ਜਿਹਨੇ ਮਾਇਆ ਦੇ ਨਾਲ

ਮਨ ਲਾ ਲਿਆ ਪਿਆਰਿਓ! ਮੁੜ ਕੇ ਉਹਨੂੰ ਔਖਾ ਹੋ ਜਾਣੈ। ਕੋਈ ਸਾਧੂ ਕੱਢ ਦੇਵੇ ਤਾਂ ਕੱਢ ਦੇਵੇ, ਨਹੀਂ ਤਾਂ ਜੀਵ ਦੇ ਆਪਣੇ ਵਸ ਵਿਚ ਨੀਂ ਐ। ਸੋ ਏਸ ਕਰਕੇ ਜੀਵ, ਮਾਇਆ ਦੀ ਉਪਾਧੀ ਕਰਕੇ ਦੁਖੀ ਹੋਇਆ ਫਿਰਦੈ। ਇਹਨੂੰ ਤਿੰਨ ਦੁੱਖ ਲਗਦੇ ਨੇ –

ਆਧ, ਬਿਆਧ, ਉਪਾਧ। ਆਦਮੀ ਦੁੱਖੀ ਐ, ਤਿੰਨ ਵੱਡੇ ਦੁਖ ਨੇ – ਅਧਿਆਤਮਕ ਦੁੱਖ ਐ, ਅਧਿਭੂਤਕ ਦੁੱਖ ਐ, ਅਧਿਵੈਦਕ ਦੁਖ ਐ। ਆਧੀ ਹੁੰਦੀ ਐ – ਮਨ ਦੇ ਦੁੱਖ; ਬਿਆਧੀ ਹੁੰਦੀ ਐ – ਸਰੀਰ ਦੇ ਦੁੱਖ; ਉਪਾਧੀ ਹੁੰਦੀ ਐ – ਆਪੇ ਕਿਸੇ ਨਾਲ ਝਗੜਾ ਕਰ ਲੈਣਾ, ਮੁਕਦਮੇ ਬਾਜ਼ੀ ਕਰ ਲੈਣੀ, ਰੌਲਾ-ਰੱਪਾ ਪਾ ਲੈਣਾ; ਆਪੇ ਦੁੱਖੀ ਹੋ ਜਾਂਦੈ। ਸੋ ਇਹਨੂੰ ਪੰਜ ਚੋਰ ਦਿਨ ਰਾਤ ਲੁੱਟਦੇ ਨੇ –

***ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ***
***ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥***
***ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ***
***ਕੋਇ ਨ ਸੁਣੈ ਪੂਕਾਰਾ॥ ਅੰਗ – 600***

ਨਾਮ ਤਕ ਜਾਣ ਹੀ ਨਹੀਂ ਦਿੰਦੇ। ਐਡੀ ਦੌਲਤ ਅੰਦਰ ਪਈ ਐ, ਸੱਚਾ ਧਨ ਪਿਐ, ਉਥੇ ਤਾਂਈ ਪਹੁੰਚਣ ਹੀ ਨਹੀਂ ਦਿੰਦੇ। ਉਹ ਲੁੱਟਦੇ ਤੁਰੇ ਜਾਂਦੇ ਨੇ –

***ਸਗਲ ਸਹੇਲੀ ਅਪਨੈ ਰਸ ਮਾਤੀ॥***
***ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ॥***
***ਮੁਸਨਹਾਰ ਪੰਚ ਬਟਵਾਰੇ॥***
***ਸੂਨੇ ਨਗਰਿ ਪਰੇ ਠਗਹਾਰੇ॥***
***ਉਨ ਤੇ ਰਾਖੈ ਬਾਪੁ ਨ ਮਾਈ॥***
***ਉਨ ਤੇ ਰਾਖੈ ਮੀਤੁ ਨ ਭਾਈ॥***
***ਦਰਬਿ ਸਿਆਣਪ ਨਾ ਓਇ ਰਹਤੇ॥***
***ਸਾਧਸੰਗਿ ਓਇ ਦੁਸਟ ਵਸਿ ਹੋਤੇ॥***
***ਅੰਗ – 182***

ਸਾਧੂ ਦੀ ਸੰਗਤ ਮਿਲ ਜਾਵੇ, ਉਹਦੇ ਨਾਲ ਇਹ ਦੁਸ਼ਟ ਵਸ ਵਿਚ ਹੋ ਜਾਂਦੇ ਨੇ। ਸੋ ਸੰਸਾਰ ਦੇ ਵਿਚ ਪੰਜ ਵਿਸ਼ੇ ਇਹਨੂੰ ਤੰਗ ਕਰ ਰਹੇ ਨੇ – ਸ਼ਬਦ, ਸਪਰਸ਼, ਰੂਪ, ਰਸ, ਗੰਧ; ਪੰਜ ਠੱਗ ਇਹਨੂੰ ਚਿੰਬੜੇ ਹੋਏ ਨੇ – ਰਾਜ, ਮਾਲ, ਰੂਪ, ਜਾਤ, ਜੋਬਨ; ਦੋ ਡੈਣਾਂ ਆਸਾ ਤੇ ਅੰਦੇਸ਼ਾ ਇਹਨੂੰ ਖਾ ਰਹੀਆਂ ਨੇ – ਦਿਨ ਰਾਤ; ਪੰਜ ਕਲੇਸ਼ ਇਸਨੂੰ ਦੁੱਖ 'ਚ ਪਾ ਰਹੇ ਨੇ, ਕਦੇ ਸੁੱਖ ਦਾ ਸਾਹ ਨਹੀਂ ਆਉਂਦਾ। ਸੋ ਇਕ ਨਹੀਂ, ਸਾਰਾ ਈ ਸੰਸਾਰ ਜਿੰਨਾਂ ਹੈ, ਇਹਨਾਂ ਦੇ ਕਾਬੂ ਵਿਚ ਆਇਆ ਹਾਏ-ਵਰਲਾਪ ਕਰ ਰਿਹੈ –

***ਧਾਰਨਾ – ਦੂਖੀਆ ਸਭ ਸੰਸਾਰ,***
***ਨਾਨਕ ਦੁਖੀਆ,***
***ਨਾਨਕ ਦੁਖੀਆ – 2, 2.***

***ਸਹੰਸਰ ਦਾਨ ਦੇ ਇੰਦ੍ਰੁ ਰੋਆਇਆ॥***
***ਪਰਸ ਰਾਮੁ ਰੋਵੈ ਘਰਿ ਆਇਆ॥***

ਵੱਡਿਆਂ-ਵੱਡਿਆਂ ਨੂੰ ਗਿਣਿਐ ਮਹਾਰਾਜ ਨੇ –

***ਅਜੈ ਸੁ ਰੋਵੈ ਭੀਖਿਆ ਖਾਇ॥***
***ਐਸੀ ਦਰਗਹਿ ਮਿਲੈ ਸਜਾਇ॥***
***ਰੋਵੈ ਰਾਮੁ ਨਿਕਾਲਾ ਭਇਆ॥***
***ਸੀਤਾ ਲਖਮਣੁ ਵਿਛੁੜਿ ਗਇਆ॥***
***ਰੋਵੈ ਦਹਸਿਰੁ ਲੰਕ ਗਵਾਇ॥***
***ਜਿਨਿ ਸੀਤਾ ਆਦੀ ਡਉਰੂ ਵਾਇ॥***
***ਰੋਵਹਿ ਪਾਂਡਵ ਭਏ ਮਜੂਰ॥***
***ਜਿਨ ਕੈ ਸੁਆਮੀ ਰਹਤ ਹਦੂਰਿ॥***
***ਰੋਵੈ ਜਨਮੇਜਾ ਖੁਇ ਗਇਆ॥***
***ਏਹ ਕੀ ਕਾਰਣਿ ਪਾਪੀ ਭਇਆ॥***
***ਰੋਵਹਿ ਸੇਖ ਮਸਾਇਕ ਪੀਰ॥***
***ਅੰਤਿ ਕਾਲਿ ਮਤੁ ਲਾਗੈ ਭੀੜ॥***
***ਰੋਵਹਿ ਰਾਜੇ ਕੰਨ ਪੜਾਇ॥***
***ਘਰਿ ਘਰਿ ਮਾਗਹਿ ਭੀਖਿਆ ਜਾਇ॥***
***ਰੋਵਹਿ ਕਿਰਪਨ ਸੰਚਹਿ ਧਨੁ ਜਾਇ॥***
***ਪੰਡਿਤ ਰੋਵਹਿ ਗਿਆਨੁ ਗਵਾਇ॥***
***ਬਾਲੀ ਰੋਵੈ ਨਾਹਿ ਭਤਾਰੁ॥***
***ਨਾਨਕ ਦੁਖੀਆ ਸਭੁ ਸੰਸਾਰੁ॥***

ਹੁਣ ਸੁਖੀਆ ਕੌਣ ਐਂ? ਮਹਾਰਾਜ ਕਹਿੰਦੇ –

***ਮੰਨੇ ਨਾਉ ਸੋਈ ਜਿਣਿ ਜਾਏ॥***
***ਅੰਗ – 953-54***

ਮਹਾਰਾਜ ਨੇ ਸਾਰੇ ਦੁਖਾਂ ਦਾ ਇਲਾਜ ਦੱਸ ਦਿਤਾ। ਜਿਹੜੇ ਬਚਨ ਸ਼ੁਰੂ 'ਚ ਕਹੇ ਸੀ ਨਾ, ਕਿ –

***ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥***
***ਅੰਗ – 463***

ਜਿਹੜਾ ਉਸ ਨਾਮ ਨੂੰ ਮੰਨ ਲੈਂਦੈ, ਉਹ ਜਿੱਤ ਗਿਆ –

***ਮੰਨੇ ਨਾਉ ਸੋਈ ਜਿਣਿ ਜਾਇ॥***
***ਅਉਰੀ ਕਰਮ ਨ ਲੇਖੈ ਲਾਇ॥ ਅੰਗ – 954***

ਬਾਕੀ ਹਾਰ ਕੇ ਸੰਸਾਰ ਤੋਂ ਚਲੇ ਜਾਂਦੇ ਨੇ। ਸੋ ਇਸ ਕਰਕੇ ਮਹਾਰਾਜ ਸਾਨੂੰ ਕਹਿੰਦੇ ਨੇ, ਪਿਆਰਿਓ! ਇਨ੍ਹਾਂ ਕਲੇਸ਼ਾਂ ਦੇ ਵਿਚ ਪਏ ਹੋਏ ਓਂ ਤੁਸੀਂ – ਅਵਿਦਿਆ, ਅਸਿਮਤਾ, ਅਭੀਨਿਵੇਸ਼, ਰਾਗ, ਦਵੈਸ਼ ਆਦਿ ਵਿਚ। ਸਰੀਰ ਛੁੱਟ ਜਾਣੇ ਨੇ, ਮੁੜ ਕੇ ਜੂਨਾਂ 'ਚ ਘੁੰਮਦੇ ਫਿਰਾਂਗੇ; ਕਿਤੇ ਕੁੱਤੇ ਬਣ ਕੇ ਫਿਰਦੇ ਆਂ – ਪਟਾ ਪੁਆਈ ਗਲ ਵਿਚ, ਕਿਤੇ ਬਲਦ ਬਣ ਕੇ ਸੋਟੀਆਂ ਖਾ ਰਹੇ ਆਂ, ਕਿਤੇ ਘੋੜਾ ਬਣ ਕੇ ਸਵਾਰੀ ਪਿੱਠ ਤੇ ਚੱਕੀ ਫਿਰਦੇ ਆਂ – ਬੰਦੇ ਦੀ। ਕਹਿੰਦੇ, ਸਮਝ ਲਓ ਇਹਨੂੰ; ਸਮਝ ਕੇ, ਜਿਸ

ਕੰਮ ਵਾਸਤੇ ਆਏਂ ਓਂ, ਉਸਨੂੰ ਕਰੋ –

***ਧਾਰਨਾ – ਇਹੋ ਤੇਰੀ ਵਾਰੀ ਐ,***
***ਗੋਬਿੰਦ ਮਿਲਣੇ ਦੀ – 2, 2.***

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ॥***
***ਸਰੰਜਾਮਿ ਲਾਗੁ ਭਵਜਲ ਤਰਨ ਕੈ॥***
***ਅੰਗ– 12***

ਕਹਿੰਦੇ, ਜੀ ਇਹ ਤਾਂ ਅਸੀਂ ਰੋਜ਼ ਪੜ੍ਹਦੇ ਆਂ। ਫੇਰ ਤਾਂ ਢੀਠ ਹੋ ਗਿਆ ਤੂੰ, ਉਪਦੇਸ਼ ਅੰਦਰ ਜਾਂਦਾ ਈ ਨਹੀਂ, ਕਦੇ ਹੌਲ ਨਹੀਂ ਪੈਂਦਾ, ਕਦੇ ਤੈਨੂੰ ਫਿਕਰ ਨਹੀਂ ਆਉਂਦਾ; ਦਿਨ ਤਾਂ ਲੰਘਦੇ ਜਾਂਦੇ ਨੇ –

***ਦਿਨ ਤੇ ਪਹਰ ਪਹਰ ਤੇ ਘਰੀਆਂ***
***ਆਵ ਘਟੈ ਤਨੁ ਛੀਜੈ॥***
***ਕਾਲੁ ਅਹੇਰੀ ਫਿਰੈ ਬਧਿਕ ਜਿਉ***
***ਕਹਹੁ ਕਵਨ ਬਿਧਿ ਕੀਜੈ॥ ਅੰਗ – 691***

ਉਹ ਤਾਂ ਦਿਨ ਨੇੜੇ ਆ ਗਿਆ ਤੇ ਅਜੇ ਬਣਿਆ ਕੁਛ ਨਹੀਂ; ਕੀ ਕਰੇਂਗਾ ਫੇਰ? ਫੇਰ ਅਗਲਾ ਜਨਮ ਧਾਰ ਕੇ ਕਰੇਂਗਾ? ਜੇ ਹੁਣ ਨਹੀਂ ਕਰ ਸਕਿਆ, ਫੇਰ ਕੀ ਕਰੇਂਗਾ?

***ਜੋ ਕਿਛੁ ਕਰਹਿ ਸੋਈ ਅਬ ਸਾਰੁ॥***
***ਫਿਰਿ ਪਛਤਾਹੁ ਨ ਪਾਵਹੁ ਪਾਰੁ॥***
***ਅੰਗ – 1159***

ਜਿਹੜਾ ਕੁਛ ਕਰਨੈ, ਹੁਣੇ ਕਰ ਲੈ। ਕਹਿੰਦੇ, ਜੀ ਸਮਾਂ ਥੋੜਾ ਰਹਿ ਗਿਆ। ਕਹਿੰਦੇ, ਸਮੇਂ ਦੀ ਗੱਲ ਨੀਂ ਹੈ – ਇਹਦੇ ਵਿਚ। ਜੇ ਤੈਨੂੰ ਨੇਹਚਾ ਆ ਜਾਵੇ ਨਾ! ਤੇਰਾ ਮਨ ਮੰਨ ਜਾਵੇ – 'ਮੰਨੇ ਨਾਉ ਸੋਈ ਜਿਣਿ ਜਾਇ॥' ਤੈਨੂੰ ਨਾਮ ਤੇ ਵਿਸ਼ਵਾਸ਼ ਆ ਜਾਏ, ਫੇਰ ਬਾਜੀ ਜਿੱਤ ਜਾਏਂਗਾ। ਨਾਮ ਪਰੀਪੂਰਨ ਐ, ਨਾਮ ਤੇਰੇ ਅੰਦਰ ਐ, ਨਾਮ ਤੇਰੇ ਬਾਹਰ ਐ; ਸਭ ਕੁਛ ਨਾਮ ਤੋਂ ਹੀ ਹੋਇਐ; ਜੋ ਕੁਛ ਤੂੰ ਦੇਖਦੈਂ, ਉਹ ਵਾਹਿਗੁਰੂ ਦੀ ਓਸ ਨਾਮ ਸ਼ਕਤੀ ਤੋਂ ਹੀ ਹੋਇਐ। ਨਾਮ ਸ਼ਕਤੀ ਪਰੀਪੂਰਨ ਹੈ, ਉਸ ਸ਼ਬਦ ਤਕ ਪਹੁੰਚ। ਸੁਰਤ ਤੇਰੀ ਓਥੇ ਲਗੀ ਰਹੇ। ਸ਼ਬਦ ਦੇ ਉਪਰਲੇ ਪਾਸੇ '੧ਓ' ਐ। ਉਹ '੧ਓ' ਤੇ ਨਿਗ੍ਹਾ ਰੱਖ ਕੇ ਬਾਣੀ ਪੜ੍ਹ, ਨਿਗ੍ਹਾ ਰੱਖ ਕੇ ਭਜਨ ਕਰ। ਤੂੰ ਪ੍ਰਮੇਸ਼ਰ ਦਾ ਰੂਪ ਐਂ, ਪ੍ਰਮੇਸ਼ਰ 'ਚੋਂ ਆਇਐਂ, ਪ੍ਰਮੇਸ਼ਰ ਵਿਚ ਲੀਨ ਹੋ ਜਾਣੈ। ਵਿਚਾਲੇ-ਵਿਚਾਲੇ ਜਿਹੜਾ ਦੁਖ ਪਾਉਨੈ, ਇਹ ਆਪਣੀ ਮਾਇਆ ਦੀ ਮਨੌਤ ਕਰਕੇ ਪਾ ਰਿਹੈਂ –

***ਬਰਨੁ ਚਿਹਨੁ ਨਾਹੀ ਕਿਛੁ ਰਚਨਾ***
***ਮਿਥਿਆ ਸਗਲ ਪਸਾਰਾ॥ ਅੰਗ – 999***

ਮਹਾਰਾਜ ਤਾਂ ਭੇਤ ਦੀ ਗੱਲ ਦੱਸ ਰਹੇ ਨੇ। ਕਹਿੰਦੇ, ਜਿਹੜਾ ਪਸਾਰਾ ਦੇਖਦੈਂ ਨਾ, ਇਹ ਸਾਰਾ ਮਿਥਿਆ ਹੈ; ਹੈ ਨਹੀਂ ਕੁਛ ਵੀ, ਭੁਲੇਖਾ ਐ ਇਹ –

***ਭਣਤਿ ਨਾਨਕੁ ਜਬ ਖੇਲੁ ਉਝਾਰੈ***
***ਤਬ ਏਕੈ ਏਕੰਕਾਰਾ॥ ਅੰਗ – 999***

ਜਦੋਂ ਖੇਲ ਬੰਦ ਕਰ ਲਈ –

***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ॥***
***ਜਾਪੁ ਸਾਹਿਬ***

ਫੇਰ ਕੀ ਹੋਏਗਾ? ਬੇਅੰਤ ਦੁਨੀਆਂ ਬਣ ਗਈ – ਕੋਈ ਨਰਕ ਨੂੰ ਜਾ ਰਿਹੈ, ਕੋਈ ਸੁਰਗ ਨੂੰ ਜਾ ਰਿਹੈ; ਕਰਮ ਦਾ ਗੇੜ ਚਲ ਪਿਆ, ਕਰਮਾਂ ਦਾ ਬੰਨ੍ਹਿਆਂ ਹੋਇਆ ਤੁਰਿਆ ਫਿਰਦੈ –

***ਵਾਸ਼ਨਾ ਬਧਾ ਆਵੈ ਜਾਇ॥***

ਵਾਸ਼ਨਾ ਦਾ ਬੰਨ੍ਹਿਆਂ ਹੋਇਐ, ਵਾਸ਼ਨਾ ਮਰਦੀ ਨਹੀਂ। ਇਹਦਾ ਆਉਣਾ ਜਾਣਾ ਨਹੀਂ ਹੁੰਦਾ। ਇਕ ਖੇਲ੍ਹ ਤੋਰ ਦਿਤਾ, ਗੇਂਦ ਰੋੜ੍ਹ ਦਿਤੀ; ਉਹ ਹੁਣ ਠਹਿਰਦੀਓ ਨੀਂ ਹੈ। ਏਸੇ ਤਰ੍ਹਾਂ ਜੀਵ ਰੋੜ੍ਹ ਦਿਤੇ; ਕਰਮਾਂ ਵਿਚ ਪੈ ਗਏ – ਆਪੇ ਹੀ। ਜੇ ਹਉਮੈ ਮਰ ਜਾਵੇ, ਕਰਮ ਏ ਨਹੀਂ ਹੁੰਦਾ ਫੇਰ। ਫੇਰ ਜਦੇ ਛੁਟਕਾਰਾ ਹੋ ਜਾਣੈ। ਇਹ ਹਉਮੈ ਨੇ –

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥***
***ਅੰਗ – 466***

ਆਹ ਬਣਾ ਦਿਤੇ ਜਿਹੜਾ ਅਸੀਂ ਕਹਿਨੇ ਆਂ ਕਿ ਮੈਂ ਫਲਾਣਾ ਸਿੰਘ, ਮੈਂ ਫਲਾਣਾ। ਦਰਅਸਲ ਪਛਾਣਦਾ ਨੀਂ ਹੈ, ਇਹ ਕਦੇ ਵੀ ਨਹੀਂ ਕਹਿੰਦਾ ਕਿ ਮੈਂ ਤਾਂ ਵਾਹਿਗੁਰੂ ਦੀ ਜੋਤ ਆਂ; ਮੈਂ ਸਰੀਰ ਨੀਂ ਹਾਂ; ਮੈਂ ਪ੍ਰਾਣ ਨੀਂ ਹਾਂ, ਮੈਂ ਮਨ ਨੀਂ ਹਾਂ, ਮੈਂ ਬੁੱਧੀ ਨੀਂ ਹਾਂ, ਮੈਂ ਅੰਤਸ਼ਕਰਣ ਨੀਂ ਹਾਂ, ਮੈਂ 'ਮੈਂ' ਨਹੀਂ ਹਾਂ। ਫੇਰ ਜੇ ਤੂੰ ਮੈਂ ਨੀਂ ਹੈਂ, ਫੇਰ ਕੀ ਐਂ? ਕਹਿੰਦਾ, ਮੈਂ ਕੁਛ ਵੀ ਨਹੀਂ ਆਂ –

***ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥***
***ਈਘੈ ਨਿਰਗੁਨ ਊਘੈ ਸਰਗੁਨ***
***ਕੇਲ ਕਰਤ ਬਿਚਿ ਸੁਆਮੀ ਮੇਰਾ॥***
***ਨਗਰ ਮਹਿ ਆਪਿ ਬਾਹਰਿ ਫੁਨਿ ਆਪਨ***
***ਪ੍ਰਭ ਮੇਰੇ ਕੋ ਸਗਲ ਬਸੇਰਾ॥***
***ਆਪੇ ਹੀ ਰਾਜਨੁ ਆਪੇ ਹੀ ਰਾਇਆ***
***ਕਹ ਕਹ ਠਾਕੁਰੁ ਕਹ ਕਹ ਚੇਰਾ॥***
***ਅੰਗ – 827***

ਇਹ ਧਿਆਨ ਜੇ ਤੇਰੇ ਹਿਰਦੇ 'ਚ ਨ ਵਸਿਆ, ਜੰਮਦਾ ਮਰਦਾ ਫਿਰੀ ਜਾਏਂਗਾ। ਹਿਰਦੇ 'ਚ ਵਸਣਾ ਚਾਹੀਦੈ, ਪ੍ਰਤੱਖ ਰੂਪ ਦੇ ਵਿਚ ਨਾਮ ਦੇ ਵਿਚ ਜੁੜਿਆ ਰਹਿਣਾ ਚਾਹੀਦੈ; ਬਾਹਰ ਵੱਖਰਾ ਹੋ ਕੇ ਹੋਰ ਹੋਂਦ ਨਾ ਬਣਾ। ਤੇਰਾ ਤੇ ਪ੍ਰਮੇਸ਼ਰ ਦਾ ਕੋਈ ਫਰਕ ਨੀਂ ਹੈ। ਤੂੰ ਪ੍ਰਮੇਸ਼ਰ 'ਚ ਐਂ, ਪ੍ਰਮੇਸ਼ਰ ਤੇਰੇ ਵਿਚ ਐ –

***ਮਨ ਮਹਿ ਆਪਿ ਮਨ ਅਪੁਨੇ ਮਾਹਿ॥***
***ਅੰਗ – 279***

ਮਨ ਵਿਚ ਵਾਹਿਗੁਰੂ ਹੈ, ਵਾਹਿਗੁਰੂ ਵਿਚ ਮਨ ਐ; ਫੇਰ ਬਾਹਰ ਕੀ ਰਹਿ ਗਿਆ? ਉਹ ਭੁੱਲ ਪਈ ਹੋਈ ਐ – ਮਾਇਆ ਦੀ, ਧੋਖੇ ਦੀ; ਉਹਨੇ ਇਹਨੂੰ ਤੋੜ ਕੇ ਰੱਖ ਦਿਤਾ –

***ਮਾਇਆ ਕਾ ਮਾਰਨ ਹਰਿਨਾਮ ਹੈ॥***

ਉਹਨੂੰ ਮਾਰਨ ਵਾਲਾ ਨਾਮ ਐ। ਜੇ ਨਾਮ ਦੀ ਸੋਝੀ ਆ ਜਾਵੇ – ਸਾਨੂੰ ਨਾਮ ਦਾ ਨਹੀਂ ਪਤਾ ਲਗਦਾ; ਨਾਮ ਗੁਰਮੰਤਰ, ਸ਼ਬਦ ਐ। ਸ਼ਬਦ ਦੇ ਨਾਲ ਅਸੀਂ ਪਹੁੰਚਦੇ ਆਂ ਉਥੇ। ਉਹਦੀ ਸਾਧਨਾ ਕਰਕੇ ਅਸੀਂ ਉਸ ਨਾਮ ਤਕ ਪਹੁੰਚਦੇ ਆਂ, ਜਿਹੜਾ ਹਰੇਕ ਦੇ ਅੰਦਰ ਪਰੀਪੂਰਨ ਐ, ਜਿਹਦੇ ਕਰਕੇ ਸਾਰੇ ਖੰਡ-ਬ੍ਰਹਿਮੰਡ ਤੁਹਾਨੂੰ ਨਜ਼ਰ ਆ ਰਹੇ ਨੇ। ਮਹਾਰਾਜ ਕਹਿੰਦੇ ਨੇ ਕਿ ਉਹ ਨਾਮ ਐ 'ਸਤਿ' ਦਾ, 'ਸਤਿ' ਐ ਵਾਹਿਗੁਰੂ। ਸੋ ਨਾਮ ਵੀ ਵਾਹਿਗੁਰੂ ਐ, 'ਸਤਿ' ਵੀ ਵਾਹਿਗੁਰੂ ਐ ਤੇ ਜਿਹੜੀ ਰਚਨਾ ਇਹ ਉਹਦੀ ਖੇਡ ਐ, ਉਹ ਆਪੇ ਈ ਖੇਡਦੈ – ਅਨੇਕਾਂ ਰੰਗਾਂ 'ਚ ਹੋ ਕੇ –

***ਪਾਰਬ੍ਰਹਮ ਕੇ ਸਗਲੇ ਠਾਉ॥***
***ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ॥***
***ਅੰਗ – 275***

ਸਭ ਕੁਛ ਆਪੇ ਈ ਕਰਦੈ –

***ਆਪੇ ਕਰਨ ਕਰਾਵਨ ਜੋਗੁ॥***
***ਪ੍ਰਭ ਭਾਵੈ ਸੋਈ ਫੁਨਿ ਹੋਗੁ॥***
***ਪਸਰਿਓ ਆਪਿ ਹੋਇ ਅਨਤ ਤਰੰਗ॥***
***ਅੰਗ – 275***

ਅਨੇਕਾਂ ਤਰੰਗਾਂ ਦੇ ਵਿਚ, ਅਨੇਕਾਂ ਜੀਵ ਜੰਤੂਆਂ ਦੇ ਰੂਪ 'ਚ ਪਸਰ ਗਿਆ।

***ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥***
***ਜੈਸੀ ਮਤਿ ਦੇਇ ਤੈਸਾ ਪਰਗਾਸ॥***
***ਪਾਰਬ੍ਰਹਮ ਕਰਤਾ ਅਬਿਨਾਸ॥ ਅੰਗ – 275***

ਹੁਣ ਇਹ ਸਰੀਰਾਂ 'ਚ ਮਤਿ ਜਿਹੜੀ ਐ – ਕਿਸੇ ਦੀ ਤਮੋ ਗੁਣ ਦੀ, ਕਿਸੇ ਦੀ ਸਤੋ ਗੁਣ ਦੀ, ਕਿਸੇ ਦੀ ਰਜੋ ਗੁਣ ਦੀ, ਕਿਸੇ ਦੀ ਤ੍ਰਿਗੁਣ ਅਤੀਤ ਦੀ ਐ। ਕਹਿੰਦੇ, ਵਾਹਿਗੁਰੂ ਜਿਹੜਾ ਹੈ, ਉਹ ਦੋਖੀ ਨੀਂ ਹੈ –

***ਸਦਾ ਸਦਾ ਸਦਾ ਦਇਆਲ॥***
***ਸਿਮਰਿ ਸਿਮਰਿ ਨਾਨਕ ਭਏ ਨਿਹਾਲ॥***
***ਅੰਗ – 275***

ਤੂੰ ਉਹਨੂੰ ਯਾਦ ਰੱਖ, ਏਥੇ ਪਹੁੰਚ; ਏਸ ਅਸਥਾਨ ਤੇ ਜਦ ਵਸੇਂਗਾ, ਇਹਨੂੰ ਸੁਖ ਦਾ ਘਰ ਕਹਿੰਦੇ ਨੇ, 'ਸੋ ਘਰ' ਕਹਿੰਦੇ ਨੇ –

***ਸਬਦੁ ਖੋਜਿ ਇਹੁ ਘਰੁ ਲਹੈ***
***ਨਾਨਕੁ ਤਾ ਕਾ ਦਾਸੁ॥ ਅੰਗ – 1291***

ਜਿਹੜਾ ਸ਼ਬਦ ਦੀ ਖੋਜ ਕਰਕੇ ਏਸ ਘਰ ਦੇ ਵਿਚ ਆ ਜਾਵੇ ਜਿਸਨੂੰ 'ਸੋ ਘਰ' ਕਹਿੰਦੇ ਨੇ –

***ਘਰ ਮਹਿ ਘਰੁ ਦੇਖਾਇ ਦੇਇ***
***ਸੋ ਸਤਿਗੁਰੁ ਪੁਰਖੁ ਸੁਜਾਣੁ॥ ਅੰਗ – 1290***

ਏਥੇ ਜਿਹਦਾ ਵਾਸਾ ਹੋ ਜਾਵੇ ਸਾਧਸੰਗਤ ਜੀ, ਉਹ ਪ੍ਰਮੇਸ਼ਰ ਬਣ ਜਾਂਦੈ –

***ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥***
***ਅੰਗ – 397***

***ਮਨਿ ਸਾਚਾ ਮੁਖਿ ਸਾਚਾ ਸੋਇ॥***
***ਅਵਰੁ ਨ ਪੇਖੈ ਏਕਸੁ ਬਿਨੁ ਕੋਇ॥***
***ਨਾਨਕ ਇਹ ਲਛਣ ਬ੍ਰਹਮਗਿਆਨੀ ਹੋਇ॥***
***ਅੰਗ – 272***

***ਬ੍ਰਹਮਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮਗਿਆਨੀ ਆਪਿ ਪਰਮੇਸੁਰ॥***
***ਅੰਗ – 272***

ਸੋ ਅਸੀਂ ਤਾਂ ਵਾਹਿਗੁਰੂ ਦੇ ਸ਼ਹਿਜ਼ਾਦੇ ਸੀ। ਐ ਮਾਇਆ ਨਾਲ ਰਲ ਕੇ ਜੀਵ ਬਣ ਕੇ, ਕਿੰਨਾ ਦੁੱਖ ਪਾ ਰਹੇ ਆਂ, ਕਿੰਨੇ ਔਖੇ ਹੋ ਰਹੇ ਆਂ, ਕਿਵੇਂ ਜੂਨਾਂ 'ਚ ਘੁੰਮ ਰਹੇ ਆਂ। ਮਹਾਰਾਜ ਕਹਿੰਦੇ, ਯਾਦ ਕਰ–

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ॥***
***ਅੰਗ – 12***

ਸਾਧੂਆਂ ਦੀ ਸੰਗਤ 'ਚ ਆਓ, ਨਾਮ ਜਪੋ –

***ਸਰੰਜਾਮਿ ਲਾਗੁ ਭਵਜਲ ਤਰਨ ਕੈ॥***
***ਅੰਗ – 12***

ਏਵੇਂ ਨਾ ਕਰ, ਸਿੱਥਲ ਇਰਾਦੇ ਨਾ ਕਰ; ਪੱਕਾ ਇਰਾਦਾ, ਦ੍ਰਿੜ੍ਹ ਇਰਾਦਾ ਕਰ ਲੈ ਕਿ ਮੈਂ ਤਰਨਾ ਈ ਤਰਨੈਂ–

***ਸਰੰਜਾਮਿ ਲਾਗੁ ਭਵਜਲ ਤਰਨ ਕੈ।***
***ਜਨਮੁ ਬਿਰਥਾ ਜਾਤ ਰੰਗਿ ਮਾਇਆ ਕੈ॥***
***ਅੰਗ – 12***

ਮਾਇਆ ਦੇ ਪਿਆਰ 'ਚ ਤੇਰਾ ਜਨਮ ਲੰਘਿਆ ਜਾ ਰਿਹੈ। ਫੇਰ ਬਣਨਾ ਕੁਛ ਨਹੀਂ।

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ।

# ਚਉਥੈ ਪਹਰਿ ਸਬਾਹ ਕੈ
## ਸੁਰਤਿਆ ਉਪਜੈ ਚਾਉ
### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ*

ਅੰਮ੍ਰਿਤ ਵੇਲੇ ਤੋਂ ਆਪ ਨੇ ਠੰਢੇ ਮੌਸਮ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਗੁਰੂ ਦਰਬਾਰ ਵਿਚ ਆ ਕੇ ਦੋ ਵਜੇ ਸਵੇਰ ਤੋਂ ਪੰਜ ਵਜੇ ਤੀਕਰ ਆਸਾ ਜੀ ਦੀ ਵਾਰ ਦਾ ਕੀਰਤਨ ਸਰਵਣ ਕਰਿਆ, ਕੀਰਤਨ ਵਿਚ ਸਾਰੇ ਪ੍ਰੇਮੀ ਭਾਗ ਲੈ ਰਹੇ ਹੋਂ, ਬਹੁਤ ਸਾਰਿਆਂ ਦੇ ਆਸਾ ਜੀ ਦੀ ਵਾਰ ਕੰਠ ਹੋਣ ਕਰਕੇ, ਜ਼ੁਬਾਨੀ ਕੀਰਤਨ ਕਰ ਰਹੇ ਹੋਂ। ਬਹੁਤ ਸਾਰੇ ਪ੍ਰੇਮੀ ਆਸਾ ਜੀ ਦੀ ਵਾਰ ਦੇ ਕੀਰਤਨੀ ਗੁਟਕੇ ਲੈ ਕੇ ਸ਼ਬਦ ਕੀਰਤਨ ਵਿਚ ਭਾਗ ਲੈ ਰਹੇ ਹੋਂ। ਜਦੋਂ ਮੈਂ ਅਜੇ ਇਸ ਗ੍ਰਹਿ ਵਿਚ ਪ੍ਰਵੇਸ਼ ਨਹੀਂ ਸੀ ਕੀਤਾ ਤਾਂ ਮੈਂ ਆਪਣੀ ਗੱਡੀ ਵਿਚੋਂ ਉਤਰ ਕੇ ਕੀਰਤਨ ਦੀਆਂ ਧੁਨਾਂ ਸੁਣੀਆਂ ਜੋ ਬਾਹਰ ਸੁਣਾਈ ਦੇ ਰਹੀਆਂ ਸਨ, ਬਹੁਤ ਹੀ ਖਿੱਚ ਪਾਉਣ ਵਾਲੀਆਂ ਸਨ ਅਤੇ ਮੇਰੇ ਮਨ ਵਿਚ ਆ ਰਿਹਾ ਸੀ ਕਿ ਮੈਂ ਸਾਰਾ ਕੀਰਤਨ ਸ਼ੁਰੂ ਤੋਂ ਹੀ ਆ ਕੇ ਸਰਵਣ ਕਰਦਾ ਤਾਂ ਪੂਰਾ-ਪੂਰਾ ਲਾਭ ਪ੍ਰਾਪਤ ਹੁੰਦਾ, ਕਿਉਂਕਿ ਕਲਜੁੱਗ ਦੇ ਸਮੇਂ ਵਿਚ ਵਾਹਿਗੁਰੂ ਜੀ ਦੀ ਕੀਰਤਨ ਭਗਤੀ ਪ੍ਰਧਾਨ ਹੈ, ਭਗਤੀ ਤੋਂ ਰਹਿਤ ਗਿਆਨ ਫਲੀਭੂਤ ਨਹੀਂ ਹੁੰਦਾ ਕਿਉਂਕਿ ਕਲਜੁੱਗ ਦੇ ਮਨੁੱਖ ਵਿਚ ਤਰਕ ਵਿਤਰਕ ਬਹੁਤ ਹੀ ਜ਼ਿਆਦਾ ਹੈ। ਗਿਆਨ ਦਾ ਸ੍ਰੇਸ਼ਟ ਵਾਕ 'ਅਹੰ ਬ੍ਰਹਮ ਅਸਮੀ' ਕਲਜੁੱਗ ਦੇ ਅੰਦਰ ਸਾਧਨਾ ਵਿਹੂਣੇ ਸਾਧਕ ਵਿਚ ਸਾਧਕ ਨੂੰ ਕੁਰਾਹੇ ਪਾ ਦਿੰਦਾ ਹੈ ਅਤੇ ਉਹ ਅਗਿਆਨਮਈ ਹੁੰਦਾ ਹੋਇਆ ਇਹ ਬਚਨ ਉਚਾਰਦਾ ਹੈ, ਉਸ ਦਾ ਹੀ ਚਿੰਤਨ ਕਰਦਾ, ਆਪਣੇ ਹਉਮੈ ਭਾਵ ਵਿਚੋਂ ਉਚਾ ਨਹੀਂ ਉਠ ਸਕਦਾ। ਆਤਮ ਮਾਰਗ ਕਰਨੀ ਕਮਾਈ ਦਾ ਮਾਰਗ ਹੈ, ਇਹ ਗੱਲਾਂ ਬਾਤਾਂ, ਲੈਕਚਰਾਂ ਆਦਿ ਦਾ ਮਾਰਗ ਨਹੀਂ ਹੈ ਇਹ ਜੀਵਾਂ ਜਨਮਾਂ ਜਨਮਾਂਤਰਾਂ ਤੋਂ 84 ਲੱਖ ਜੂਨਾਂ ਵਿਚ ਭਟਕਦਾ ਦੁਖੀ ਹੋ ਰਿਹਾ ਹੈ ਅਤੇ ਮਨੁੱਖ ਜੂਨੀ ਪ੍ਰਾਪਤ ਕਰਕੇ ਹਉਮੈ ਦੇ ਅਧੀਨ ਹੋਇਆ ਕਰਮ ਕਰਦਾ ਹੈ, ਕਰਮਾਂ ਦੀ ਮੈਲ ਇਸ ਦੇ ਅੰਤਸ਼ਕਰਣ ਵਿਚ ਪ੍ਰਵੇਸ਼ ਕਰਕੇ ਅੰਤਸ਼ਕਰਣ ਦੇ ਸੀਸ਼ੇ ਨੂੰ ਪ੍ਰਕਾਸ਼ ਹੀਣਾ ਕਰ ਦਿੰਦੀ ਹੈ, ਉਸ ਵਿਚੀਂ ਆਪਣਾ ਮੂੰਹ ਦਿਸਦਾ ਨਹੀਂ ਹੈ, ਇਸ ਮੈਲ ਬਾਰੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥***
***ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥*** *ਅੰਗ – 651*

ਸੰਤ ਮਹਾਰਾਜ (ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ) ਦਸਿਆ ਕਰਦੇ ਸਨ ਕਿ ਸਤਿਜੁਗ ਵਿਚ ਰੂਹਾਨੀ ਖੇਤੀ ਇਸ ਤਰ੍ਹਾਂ ਦੀ ਸੀ ਕਿ ਜੇ ਇਕ ਵਾਰੀ ਵਰਸ਼ਾ ਹੋ ਜਾਵੇ ਤਾਂ ਉਹ ਫਲ ਲੈ ਆਇਆ ਕਰਦੀ ਸੀ ਜਿਵੇਂ ਛੋਲਿਆਂ ਦੀ ਖੇਤੀ ਨੂੰ ਹਲਕੀ ਜਿਹੀ ਬਾਰਸ਼ ਦੀ ਹੀ ਜ਼ਰੂਰਤ ਹੁੰਦੀ ਹੈ, ਉਸਦੀਆਂ ਜੜ੍ਹਾਂ ਵਿਚ ਜੇ ਪਾਣੀ ਰੁਕ ਜਾਵੇ ਜਾਂ ਬਿਜਲੀ ਦੀ ਲਿਸ਼ਕ ਉਸ ਵਿਚ ਪੈ ਜਾਵੇ ਤਾਂ ਉਹ ਖੇਤ ਉਕਲ ਜਾਇਆ ਕਰਦਾ ਹੈ ਅਤੇ ਫਲ ਹੱਥ ਨਹੀਂ ਸੀ ਆਇਆ ਕਰਦਾ। ਸੋ ਇਸ ਕਰਕੇ ਉਸ ਖੇਤੀ ਨੂੰ ਇਕੋ ਬਾਰਸ਼ ਦੀ ਲੋੜ ਸੀ, ਕਣਕ ਦੀ ਖੇਤੀ ਨੂੰ ਜੇ ਸਰਦੀਆਂ ਵਿਚ ਤਿੰਨ ਬਾਰਸ਼ਾਂ ਹੋ ਜਾਣ ਬਹੁਤ ਹੁੰਦੀਆਂ ਹਨ, ਉਹ ਬੱਲੀ ਲੈ ਆਇਆ ਕਰਦੀ ਹੈ। ਗੰਨੇ ਦੇ ਖੇਤ ਨੂੰ 10-12 ਪਾਣੀ ਸਮੇਂ-ਸਮੇਂ ਸਿਰ ਲਗਦੇ ਹਨ ਕਿਉਂਕਿ ਉਹ ਸਖਤ ਗਰਮੀਆਂ ਦਾ ਮੁਕਾਬਲਾ ਕਰਦਾ ਹੈ, ਉਸਦੀਆਂ ਜੜ੍ਹਾਂ ਵਿਚ ਪਾਣੀ ਖੜ੍ਹਾਉਣ ਦੀ ਕੋਈ ਲੋੜ ਨਹੀਂ ਹੁੰਦੀ। ਪਰ ਇਸ ਸਭ ਕੁਝ ਦੇ ਵਿਪਰੀਤ ਧਾਨਾਂ ਦੀ ਖੇਤੀ ਐਸੀ ਹੈ ਕਿ ਉਸ ਵਿਚ ਹਰ ਸਮੇਂ ਪਾਣੀ ਜਮ੍ਹਾਂ ਰਖਣਾ ਪੈਂਦਾ ਹੈ, ਧਾਨ ਦੇ ਖੇਤ ਦੀ ਕਰੜੀ ਜ਼ਮੀਨ ਵਿਚੋਂ ਜੇ ਪਾਣੀ ਇਕ ਵਾਰੀ ਵੀ ਸੁਕ ਜਾਵੇ ਤਾਂ ਉਸ ਵਿਚ ਬਹੁਤ ਗਹਿਰੀਆਂ ਤਰੇੜਾਂ ਫਟ ਜਾਇਆ ਕਰਦੀਆਂ ਹਨ। ਫਿਰ ਇਕ ਹਲਟ ਦੇ ਪਾਣੀ ਨਾਲ ਉਸਦੀਆਂ ਤ੍ਰੇੜਾਂ ਨਹੀਂ ਭਰਦੀਆਂ ਅਤੇ ਪਾਣੀ ਨਾਲ ਦੀ ਨਾਲ ਸੁਕ ਜਾਇਆ ਕਰਦਾ ਹੈ ਪਰ ਜੇ ਉਸ ਹਲਟ ਦੇ ਨਾਲ ਹੋਰ ਖੂਹ ਵੀ ਲਾ ਦਿਤਾ ਜਾਵੇ ਜਾਂ ਦੋ ਟਿਊਬਵੈਲਾਂ ਦਾ ਪਾਣੀ ਲਾ ਦਿਤਾ ਜਾਵੇ ਤਾਂ ਉਹ ਤ੍ਰੇੜਾਂ ਮਿੱਟੀ ਨੂੰ ਨਰਮ ਕਰਕੇ ਤ੍ਰੇੜਾਂ ਭਰ ਦਿੰਦਾ ਹੈ। ਸੋ ਇਸ ਤਰ੍ਹਾਂ ਧਾਨਾਂ ਦੀ ਖੇਤੀ ਵਿਚ ਜੇ ਪਾਣੀ ਹਰ ਸਮੇਂ ਖੇਤ ਵਿਚ ਰਹੇ ਤਾਂ ਫਸਲ ਹੱਥ ਵਿਚ ਆਉਂਦੀ ਹੈ ਅਤੇ ਆਪ ਇਹ ਦਸਿਆ ਕਰਦੇ ਸੀ ਕਿ ਸਤਿਜੁਗ ਵਿਚ ਮਹਾਂਪੁਰਸ਼ ਜੋ ਇਕੋ ਵਾਰੀ ਉਪਦੇਸ਼ ਦੇ

ਦਿੰਦੇ ਸੀ ਉਸ ਨੂੰ ਸਾਧਕ ਕਮਾਈ ਕਰਕੇ ਫਲੀਭੂਤ ਕਰ ਲਿਆ ਕਰਦੇ ਸਨ। ਤ੍ਰੇਤੇ ਯੁੱਗ ਦੇ ਅੰਦਰ ਨਾਮ ਸਿਮਰਨ ਦੇ ਨਾਲ ਬਹੁਤ ਕਿਸਮ ਦੇ ਯੱਗ ਵੀ ਕੀਤੇ ਜਾਇਆ ਕਰਦੇ ਸੀ, ਕਾਫੀ ਮਿਹਨਤ ਕਰਨੀ ਪੈਂਦੀ ਸੀ, ਫੇਰ ਜਾ ਕੇ ਗਿਆਨ ਦੀ ਅਵਸਥਾ ਤਕ ਪਹੁੰਚਿਆ ਕਰਦਾ ਸੀ, ਦੁਆਪਰ ਯੁੱਗ ਵਿਚ ਦਾਨ, ਯੱਗ ਦੇ ਨਾਲ ਹੀ ਉਪਾਸ਼ਨਾ ਕਰਨ ਦਾ ਵਿਧਾਨ ਸੀ, ਪੂਜਾ ਕਰਨ ਲਈ ਬਹੁਤ ਸਾਰੇ ਕਰਮ ਕਾਂਡ ਮਿਥੇ ਹੋਇਆ ਕਰਦੇ ਸਨ ਜਿਸ ਕਰਕੇ ਸਾਧਕ ਆਪਣੇ ਲਕਸ਼ ਨੂੰ ਪ੍ਰਾਪਤ ਕਰ ਲਿਆ ਕਰਦਾ ਸੀ, ਪਰ ਕਲਜੁੱਗ ਵਿਚ ਉਪਰ ਦਸੇ ਹੋਏ ਸਾਧਨ ਕੁਝ ਵੀ ਨਹੀਂ ਕਰਦੇ, ਇਸ ਵਿਚ ਧਾਨਾਂ ਦੀ ਖੇਤੀ ਵਿਚ ਜਿਵੇਂ ਹਰ ਸਮੇਂ ਪਾਣੀ ਰਖਣਾ ਪੈਂਦਾ ਹੈ ਇਸੇ ਤਰ੍ਹਾਂ ਹਰ ਸਮੇਂ ਪ੍ਰਮੇਸ਼ਰ ਨੂੰ ਯਾਦ ਰੱਖਣ ਨਾਲ ਹੀ ਕੋਈ ਫਲ ਪ੍ਰਾਪਤ ਹੁੰਦਾ ਹੈ। ਗੁਰੂ ਮਹਾਰਾਜ ਜੀ ਬਾਰ-ਬਾਰ ਅਸਾਨੂੰ ਯਾਦ ਕਰਾਉਂਦੇ ਹਨ ਕਿ ਹੁਣ ਦੂਜਿਆਂ ਕਰਮਾਂ ਵਿਚ ਸਮਾਂ ਨਸ਼ਟ ਕਰਨ ਦੀ ਲੋੜ ਨਹੀਂ ਹੈ, ਕਲਜੁੱਗ ਭਗਤੀ ਕਰਨ ਦਾ ਯੁੱਗ ਹੈ, ਨਾਮ ਜਪਣ ਦਾ ਜੁੱਗ ਹੈ ਕਿਉਂਕਿ ਆਦਮੀ ਦੇ ਅੰਦਰ ਹਉਮੈ ਐਨੇ ਬਲ ਨਾਲ ਹੋਂਦ ਵਿਚ ਪ੍ਰਵਿਰਤ ਹੋ ਰਹੀ ਹੈ ਕਿ ਉਸ ਦਾ ਕਿਸੇ ਹੋਰ ਸਾਧਨ ਨਾਲ ਨਾਸ਼ ਨਹੀਂ ਹੁੰਦਾ, ਭਗਤੀ ਵਿਚੋਂ ਸਭ ਤੋਂ ਸ੍ਰੇਸ਼ਟ ਕਰਮ ਹਰੀ ਦਾ ਕੀਰਤਨ ਹੈ, ਨਿਸ਼ਕਾਮ ਕੀਰਤਨ ਹੈ, ਮਸਤ ਹੋ ਕੇ ਸ਼ਬਦ ਦੀ ਭਾਵਨਾ ਵਿਚ ਆਪਣੇ ਆਪ ਨੂੰ ਲੀਨ ਕਰਕੇ ਵਾਹਿਗੁਰੂ ਜੀ ਦੇ ਗੁਣ ਗਾਉਣੇ, ਸ੍ਰੇਸ਼ਟ ਸਾਧਨ ਹੈ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ-

***ਕਲਜੁਗ ਮਹਿ ਕੀਰਤਨੁ ਪਰਧਾਨਾ॥***
***ਗੁਰਮੁਖਿ ਜਪੀਐ ਲਾਇ ਧਿਆਨਾ॥***
***ਆਪਿ ਤਰੈ ਸਗਲੇ ਕੁਲ ਤਾਰੇ***
***ਹਰਿ ਦਰਗਹ ਪਤਿ ਸਿਉ ਜਾਇਦਾ॥ ਅੰਗ - 1076***

ਕੀਰਤਨ ਭਗਤੀ ਨੂੰ ਸ੍ਰੇਸ਼ਟ ਪਦਵੀ ਦਿਤੀ ਹੈ, ਕਿਉਂਕਿ ਮਨ ਦੇ ਅੰਦਰ ਹਜ਼ਾਰਾਂ ਲਹਿਰਾਂ ਸੰਸਕਾਰਾਂ ਦੀਆਂ ਜਵਾਰਭਾਟਾ ਲਿਆਈ ਜਾਂਦੀਆਂ ਹਨ ਅਤੇ ਮਨ ਕਿਸੇ ਸਾਧਨ ਨਾਲ ਟਿਕਣ ਵਿਚ ਨਹੀਂ ਆਉਂਦਾ। ਵਾਹਿਗੁਰੂ ਜੀ ਦਾ ਨਿਸ਼ਕਾਮ ਕੀਰਤਨ ਇਨ੍ਹਾਂ ਅੰਤਸ਼ਕਰਣ ਦੀਆਂ ਲਹਿਰਾਂ ਨੂੰ ਰੋੜ੍ਹ ਕੇ ਲੈ ਜਾਂਦਾ ਹੈ ਅਤੇ ਹਿਰਦੇ ਵਿਚ ਪਿਆਰ ਪ੍ਰਵੇਸ਼ ਕਰ ਜਾਂਦਾ ਹੈ ਜਿਸ ਰਾਹੀਂ ਅਸੀਂ ਵਾਹਿਗੁਰੂ ਜੀ ਦਾ ਸਿਮਰਨ ਕਰਕੇ ਉਸ ਤਕ ਪਹੁੰਚਣ ਦਾ ਯਤਨ ਕਰਦੇ ਹਾਂ ਇਹ ਸਾਰੇ ਕਰਮਾਂ ਤੋਂ ਸ੍ਰੇਸ਼ਟ ਕਰਮ ਹੈ -

***ਸਰਬ ਧਰਮ ਮਹਿ ਸ੍ਰੇਸਟ ਧਰਮੁ॥***
***ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥***
***ਅੰਗ - 266***

ਸਿਮਰਨ ਭਗਤੀ, ਸਰਵਣ ਭਗਤੀ, ਕੀਰਤਨ ਭਗਤੀ ਬਹੁਤ ਹੀ ਸ੍ਰੇਸ਼ਟ ਸਾਧਨ ਹਨ, ਵਾਹਿਗੁਰੂ ਜੀ ਨੇ ਆਪਾਂ ਸਾਰਿਆਂ ਉਪਰ ਬਖਸ਼ਿਸ਼ ਕੀਤੀ ਹੋਈ ਹੈ ਕਿ ਤੁਸੀਂ ਅੰਮ੍ਰਿਤ ਵੇਲੇ ਉਠ ਕੇ ਨੀਂਦ ਦੀ ਪ੍ਰਵਾਹ ਨਾ ਕਰਦੇ ਹੋਏ ਠੀਕ ਦੋ ਵਜੇ, ਦੂਰ ਦੁਰਾਡੇ ਤੋਂ ਚਲ ਕੇ ਸਤਿਸੰਗ ਵਿਚ ਆ ਜਾਂਦੇ ਹੋਂ, ਹੈਰਾਨੀ ਵਾਲੀ ਗੱਲ ਇਹ ਹੈ ਕਿ ਤੁਸੀਂ ਹਨ੍ਹੇਰੀਆਂ ਗਲੀਆਂ ਵਿਚ ਘਰ ਟੋਲ੍ਹ ਲੈਂਦੇ ਹੋਂ ਅਤੇ ਪੂਰੇ ਤਿੰਨ ਘੰਟੇ ਅੰਮ੍ਰਿਤ ਵਰਸ਼ਾ ਦਾ ਆਨੰਦ ਮਾਣਦੇ ਰਹੇ ਹੋਂ ਅਤੇ ਜਦੋਂ ਮੈਂ ਇਸ ਸਤਿਸੰਗ ਮੰਡਲ ਵਿਚ ਪ੍ਰਵੇਸ਼ ਕਰਦਾ ਹਾਂ ਤਾਂ ਮਨ ਨੂੰ ਸ਼ਾਂਤੀ ਦੀਆਂ ਲਹਿਰਾਂ ਜੋ ਆਪ ਦੇ ਟਿਕੇ ਹੋਏ ਮਨ ਵਿਚੋਂ ਨਿਕਲ ਰਹੀਆਂ ਹਨ ਉਹ ਮਹਿਸੂਸ ਹੁੰਦੀਆਂ ਹਨ। ਇਹ ਸਾਧਨ ਗੁਰੂ ਮਹਾਰਾਜ ਜੀ ਨੇ ਕਲਜੁਗੀ ਜੀਵਾਂ ਦੇ ਉਧਾਰ ਲਈ ਸ੍ਰੇਸ਼ਟਤਾ ਦੇ ਕੇ ਪ੍ਰਵਾਨ ਕੀਤਾ ਹੈ। ਇਸ ਨਾਲ ਅੰਦਰ ਦੀ ਮੈਲ ਲਹਿਣੀ ਸ਼ੁਰੂ ਹੋ ਜਾਂਦੀ ਹੈ, ਕੀਰਤਨ ਮੈਲ ਨੂੰ ਲਾਹੁਣ ਦੀ ਸਮਰਥਾ ਰਖਦਾ ਹੈ।

ਆਪ ਸਾਰਿਆਂ ਨੇ ਭੋਗ ਉਪਰੰਤ ਟਿਕੇ ਹੋਏ ਮਨ ਨਾਲ ਗੁਰੂ ਮਹਾਰਾਜ ਦਾ ਹੁਕਮਨਾਮਾ ਸਰਵਣ ਕੀਤਾ ਜਿਸ ਵਿਚ ਕਰਮਾਂ ਬਾਰੇ ਇਸ਼ਾਰਾ ਕੀਤਾ ਗਿਆ ਹੈ ਅਤੇ ਫੁਰਮਾਨ ਕੀਤਾ ਹੈ ਕਿ ਇਹ ਜੀਵ ਕਿਰਤ ਕਰਮਾਂ ਦਾ ਬੰਨ੍ਹਿਆ ਹੋਇਆ ਸੁਭਾਵ ਦੇ ਮੁਤਾਬਿਕ ਰਜੋ ਗੁਣ, ਤਮੋ ਗੁਣ, ਸਤੋ ਗੁਣ ਦੇ ਪ੍ਰਭਾਵ ਹੇਠ ਪਿਛਲੇ ਜਨਮਾਂ ਦੇ ਵਿਚ ਕੀਤੇ ਹੋਏ ਕਰਮਾਂ ਦਾ ਫਲ ਭੋਗਦਾ ਹੈ ਅਤੇ ਹੁਣ ਬਿਨਾਂ ਵਿਚਾਰੇ ਹੀ ਕਰਮ ਕਰਦਾ ਹੈ ਅਤੇ ਬੰਨ੍ਹਿਆ ਜਾ ਰਿਹਾ ਹੈ। ਕਰਮ ਇਕ ਬਹੁਤ ਹੀ ਗਹਿਨ ਵਿਸ਼ਾ ਹੈ ਜੋ ਅਸਾਡੀ ਸਮਝ ਵਿਚ ਨਹੀਂ ਆਉਂਦਾ ਕਿਉਂਕਿ ਕਰਮ ਤੇ ਕਿਰਤ ਬਹੁਤ ਹੀ ਗੁੰਝਲਦਾਰ ਵਿਸ਼ੇ ਦੇ ਅਧੀਨ ਹਨ। ਕਰਮਾਂ ਦੀ ਜੇ ਅਸੀਂ ਵੰਡ ਕਰੀਏ ਤਾਂ ਇਹ ਕਈ ਕਿਸਮ ਦੇ ਹਨ - ਪਹਿਲੇ ਜ਼ਰੂਰੀ ਕਰਮ ਜੋ ਆਦਮੀ ਨੂੰ ਕਰਨੇ ਪੈਂਦੇ ਹਨ ਉਹ ਆਪਣੇ ਸਰੀਰ ਨਾਲ ਸਬੰਧ ਰਖਦੇ ਹਨ, ਉਨ੍ਹਾਂ ਨੂੰ 'ਕਾਇਕ ਕਰਮ' ਆਖਦੇ ਹਨ। ਉਸ ਵਿਚ ਅੰਮ੍ਰਿਤ ਵੇਲੇ ਆਲਸ ਦਾ ਤਿਆਗ ਕਰਕੇ ਉਠਣਾ ਅਤੇ ਆਪਣੇ ਸਰੀਰ ਦੀ ਕ੍ਰਿਆ ਕਰਕੇ ਦੰਦਾਂ ਦੀ ਸਫਾਈ ਵਾਸਤੇ ਬੁਰਸ਼ ਆਦਿ ਕਰਨਾ, ਇਸ਼ਨਾਨ ਨਾਲ ਸਰੀਰ ਦੀ ਸੁਸਤੀ ਨੂੰ ਦੂਰ ਕਰਨ ਲਈ ਖੁਲ੍ਹੇ ਪਾਣੀ ਵਿਚ ਇਸ਼ਨਾਨ ਕਰਨਾ, ਉਸ ਪਿਛੋਂ ਵਸਤਰ ਪਹਿਨ ਕੇ ਮੌਸਮ ਦੇ ਹਿਸਾਬ

ਨਾਲ ਕਿਸੇ ਸਵੱਛ ਥਾਂ ਉਪਰ, ਕਿਸੇ ਚੌਕੀਂ ਉਪਰ ਬੰਦਗੀ ਕਰਨ ਲਈ ਸੋਹਣਾ ਆਸਣ ਵਿਛਾ ਕੇ ਇਕਾਂਤ ਥਾਂ ਤੇ ਬੈਠਣਾ, ਹਿੰਮਤ ਧਾਰ ਕੇ ਸਤਿਸੰਗ ਕਰਨਾ, ਸਤਿਗੁਰੂ ਦੀ ਸੇਵਾ ਪੂਰੇ ਪਿਆਰ ਵਿਚ ਆ ਕੇ, ਪੂਰੀ ਨਿਮਰਤਾ, ਦਿਖਾਵੇ ਤੋਂ ਰਹਿਤ ਹੋ ਕੇ ਗੁਰੂ ਨੂੰ ਪ੍ਰਮੇਸ਼ਰ ਰੂਪ ਜਾਣ ਕੇ ਕਰਨੀ, ਤੱਤ ਬੇਤੇ ਮਹਾਂਪੁਰਸ਼ ਜਿਨ੍ਹਾਂ ਨੇ ਪੂਰਨ ਰੂਪ ਵਿਚ ਆਪਣਾ ਆਪਾ ਪ੍ਰਭੂ ਵਿਚ ਲੀਨ ਕਰ ਦਿਤਾ ਹੋਵੇ ਉਸ ਨਾਲ ਪਿਆਰ ਕਰਨਾ ਅਤੇ ਉਸ ਦੀ ਆਗਿਆ ਦਾ ਪਾਲਣ ਕਰਨਾ, ਬਾਰ-ਬਾਰ ਉਸ ਦੇ ਦਰਸ਼ਨ ਕਰਨਾ, ਚਕੋਰ ਤੇ ਚੰਦ ਵਾਲੀ ਭਾਵਨਾ ਅੰਦਰ ਪੈਦਾ ਕਰਨੀ, ਇਹ ਕਾਇਕ ਕਰਮ ਹੋਇਆ ਕਰਦੇ ਹਨ। ਦੂਸਰੇ ਵਾਚਕ ਕਰਮ ਉਹ ਹੁੰਦੇ ਹਨ, ਜਿਸ ਵਿਚ ਸਦਾ ਹੀ ਸੱਚ ਬੋਲਣਾ ਅਤੇ ਕੂੜ ਦਾ ਸਪਰਸ਼ ਆਪਣੀ ਰਸਨਾ ਨਾਲ ਨਾ ਹੋਣ ਦੇਣਾ, ਬਚਨ ਦੇ ਤੌਰ ਤੇ ਅਤੇ ਮਾਨਸਿਕ ਤੌਰ ਤੇ ਫੁਰਨਿਆਂ ਨੂੰ ਰੋਕਣਾ ਅਤੇ ਆਪਣੇ ਆਪ ਨੂੰ ਮੋਨ ਵਿਚ ਰੱਖਣ ਦੀ ਕੋਸ਼ਿਸ਼ ਕਰਨੀ, ਸਤਿਗੁਰੂ ਵਲੋਂ ਦਿਤੇ ਹੋਏ ਮੰਤਰ ਦਾ ਜਾਪ ਕਰਨਾ, ਪੂਰੇ ਪਿਆਰ ਨਾਲ ਹਰੀ ਦਾ ਕੀਰਤਨ ਕਰਨਾ, ਜੇ ਵਾਹਿਗੁਰੂ ਜੀ ਨੇ ਸਮਰਥਾ ਦਿਤੀ ਹੋਵੇ ਤਾਂ ਵਾਹਿਗੁਰੂ ਜੀ ਦਾ ਕਥਾ ਰਾਹੀਂ ਜਸ ਕਰਨਾ। ਤੀਸਰੀ ਕਿਸਮ ਦੇ ਕਰਮ ਜਿਨ੍ਹਾਂ ਨੂੰ ਮਾਨਸ ਕਰਮ ਕਹਿੰਦੇ ਹਨ ਇਹ ਕਰਮ ਆਦਮੀ ਦੇ ਮਨ ਨਾਲ ਸਬੰਧ ਰਖਦੇ ਹਨ ਉਸ ਵਿਚ ਧਰਮ ਦੇ ਦਸ ਗੁਣ ਦਇਆ, ਖਿਮਾ, ਧੀਰਜ, ਸੀਲ, ਮਨ ਦੀ ਪਵਿੱਤਰਤਾ, ਸੰਤੋਖ, ਦਾਨ, ਸੇਵਾ, 'ਏਕਾ ਨਾਰੀ ਜਤੀ ਹੋਇ' ਦੇ ਭਾਵ ਨਾਲ ਬ੍ਰਹਮਚਰੀਅ ਰਖਣਾ, ਮਿਹਨਤ ਕਰਨੀ ਅਤੇ ਜੋ ਕੁਝ ਪ੍ਰਾਪਤ ਹੋ ਗਿਆ ਉਸ ਉਪਰ ਸੰਤੋਖ ਧਾਰਨ ਕਰਨਾ ਇਹ ਮਾਨਸਿਕ ਕਰਮ ਹੋਇਆ ਕਰਦੇ ਹਨ। ਇਨ੍ਹਾਂ ਕਰਮਾਂ ਨੂੰ ਕਰਕੇ ਅੰਤਸ਼ਕਰਣ ਵਿਚੋਂ ਮੈਲ ਦੂਰ ਕਰਨੀ। ਇਨ੍ਹਾਂ ਤਿੰਨਾਂ ਕਿਸਮਾਂ ਦੇ ਕਰਮਾਂ ਦਾ ਸੁਭਾਵਕ ਫਲ ਅੰਤਸ਼ਕਰਣ ਵਿਚੋਂ ਮਲ, ਦੋਸ਼ ਨੂੰ ਦੂਰ ਕਰਨਾ ਹੋਇਆ ਕਰਦਾ ਹੈ। ਇਨ੍ਹਾਂ ਲਈ ਮਾਨਸ ਕਰਮਾਂ ਨਾਲ ਕਾਇਕ ਅਤੇ ਵਾਚਕ ਕਰਮ ਕਰਨੇ ਭੀ ਜ਼ਰੂਰੀ ਹਨ ਪਰ ਸਭ ਤੋਂ ਜ਼ਰੂਰੀ ਮਾਨਸਿਕ ਕਰਮ ਜੋ ਮਨ ਨਾਲ ਕੀਤੇ ਜਾਂਦੇ ਹਨ ਉਹ ਨਿਸ਼ਕਾਮ ਤੌਰ ਤੇ ਕਰਕੇ ਅੰਤਸ਼ਕਰਣ ਦੀ ਸ਼ੁਧਤਾ ਲਈ ਉਦਮ ਕਰਨਾ, ਅੰਤਸ਼ਕਰਣ ਦੀ ਸ਼ੁਧਤਾ ਨਿਸ਼ਕਾਮ ਕਰਮ ਕਰਕੇ ਹੋਇਆ ਕਰਦੀ ਹੈ। ਕਰਮ ਕਰਨ ਉਪਰੰਤ ਮਨੋਂ, ਚਿਤੋਂ ਅਰਦਾਸ ਕਰਨੀ ਕਿ ਹੇ ਪ੍ਰਭੂ! ਇਹ ਜੋ ਇਸ ਸਰੀਰ ਰਾਹੀਂ ਕਰਮ ਹੋਏ ਹਨ ਉਹ ਤੇਰੀ ਕ੍ਰਿਪਾ ਨਾਲ ਹੀ ਹੋਏ ਹਨ, ਇਸ ਦਾ ਫਲ ਮੈਂ ਤੇਰੇ ਚਰਨਾਂ ਵਿਚ ਹੀ ਅਰਪਣ ਕਰਦਾ ਹਾਂ। ਇਸ ਨੂੰ ਨਿਸ਼ਕਾਮ ਕਰਮ ਕਹਿੰਦੇ ਹਨ। ਇਹ ਨਿਸ਼ਕਾਮ ਕਰਮ ਜਨਮਾਂ ਜਨਮਾਂਤਰਾਂ ਦੀ ਲੱਗੀ ਮੈਲ ਨੂੰ ਦੂਰ ਕਰਨ ਲਈ ਸ੍ਰੇਸ਼ਟ ਸਾਧਨ ਹਨ। ਹੰਗਤਾ ਧਾਰ ਕੇ ਕੀਤੇ ਹੋਏ ਕਰਮ ਅੰਤਸ਼ਕਰਣ ਵਿਚ ਜਮ੍ਹਾਂ ਹੋ ਜਾਂਦੇ ਹਨ। ਚੰਗੇ ਅਤੇ ਮੰਦੇ ਫਲ ਦਿੰਦੇ ਹੀ ਰਹਿੰਦੇ ਹਨ।



ਸੱਚਖੰਡ ਵਾਸੀ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ

ਇਕ ਵਾਰੀ ਗੁਰੂ ਦਸ਼ਮੇਸ਼ ਪਿਤਾ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦੇ ਦਰਬਾਰ ਵਿਚ ਸੰਗਤ ਨੇ ਬੇਨਤੀ ਕੀਤੀ ਕਿ ਹੇ ਸਤਿਗੁਰੂ ਜੀ! ਇਹ ਪ੍ਰਾਣੀ ਭਿਆਨਕ ਕਰਮਾਂ ਦੇ ਬੰਧਨਾਂ ਵਿਚ ਪਿਆ ਹੋਇਆ ਜੰਮਦਾ ਮਰਦਾ ਹੈ, ਅਸਾਨੂੰ ਪਤਾ ਨਹੀਂ ਲਗਦਾ ਕਿ ਉਹ ਕਿਹੜੇ ਕਰਮ ਹਨ ਜਿਨ੍ਹਾਂ ਦੇ ਕਰਨ ਕਰਕੇ ਸਾਡੀ ਕਲਿਆਣ ਹੋਵੇ, ਗੁਰੂ ਦਸ਼ਮੇਸ਼ ਪਿਤਾ ਜੀ ਨੇ ਉਸ ਸਮੇਂ ਸੰਗਤ ਵਿਚ ਬੈਠੇ ਭਾਈ ਦਇਆ

ਸਿੰਘ ਜੀ ਜੋ ਪੰਜ ਪਿਆਰਿਆਂ ਦੇ ਜਥੇਦਾਰ ਸਨ, ਵਲ ਆਪਣੀ ਦ੍ਰਿਸ਼ਟੀ ਕੀਤੀ ਅਤੇ ਸੰਗਤ ਨੂੰ ਕਿਹਾ ਕਿ ਭਾਈ ਦਇਆ ਸਿੰਘ ਜੀ ਅਤੇ ਮੇਰੇ ਵਿਚ ਕੋਈ ਵੀ ਭੇਦ ਨਹੀਂ ਹੈ। ਉਨ੍ਹਾਂ ਨੇ ਪੂਰਨ ਖਾਲਸਾ ਪਦ ਪ੍ਰਾਪਤ ਕੀਤਾ ਹੋਇਆ ਹੈ, ਉਹ ਆਤਮ ਰਸੀਏ ਹਨ, ਆਤਮ ਵਿਚ ਸਥਿਤ ਹਨ, ਇਸ ਕਰਕੇ ਮੇਰਾ ਹੀ ਰੂਪ ਹਨ ਜਿਵੇਂ ਕਿ –

*ਆਤਮ ਰਸ ਜਿਹ ਜਾਨਹੀ*
*ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ,*
*ਤਾਸ ਮਹਿ,*
*ਰੰਚਕ ਨਾਹਨ ਭੇਵ॥*
*ਸਰਬ ਲੋਹ ਗ੍ਰੰਥ 'ਚੋਂ*

ਤੁਸੀਂ ਇਨ੍ਹਾਂ ਤੋਂ ਕਰਮਾਂ ਬਾਰੇ ਵਿਸਥਾਰ ਨਾਲ ਸਰਵਣ ਕਰੋ, ਇਹ ਬਚਨ ਸੁਣ ਕੇ ਭਾਈ ਦਇਆ ਸਿੰਘ ਜੀ ਨੇ ਉਠ ਕੇ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਅਤਿ ਨਿਮਰ ਭਾਵਨਾ ਨਾਲ ਬੇਨਤੀ ਕੀਤੀ ਕਿ ਪਾਤਸ਼ਾਹ! ਮੈਂ ਤਾਂ ਕੁਝ ਵੀ ਨਹੀਂ, ਮੈਂ ਤਾਂ ਆਪ ਦੇ ਹੱਥ ਵਿਚ ਪੁਤਲੀ ਹਾਂ ਜਿਵੇਂ ਤੁਸੀਂ ਨਚਾਉਂਦੇ ਹੋ ਇਹ ਸਰੀਰ ਨਚਦਾ ਹੈ। ਪਾਤਸ਼ਾਹ! ਤੁਸੀਂ ਤਾਂ ਸਰਬੱਗ ਹੋਂ, ਅਸੀਂ ਤਾਂ ਤੁਹਾਡੇ ਸਾਮ੍ਹਣੇ ਅਲਪੱਗ ਜੀਵ ਹਾਂ ਜਿਵੇਂ ਤੁਸੀਂ ਬੁਲਾਉਣਾ ਹੈ, ਬੁਲਾ ਲੈਣਾ। ਗੁਰੂ ਮਹਾਰਾਜ ਜੀ ਸਿੰਘਾਸਨ ਤੋਂ ਉਠ ਕੇ ਅੰਦਰ ਚਲੇ ਗਏ। ਉਸ ਵੇਲੇ ਭਾਈ ਦਇਆ ਸਿੰਘ ਜੀ ਨੇ ਸੰਗਤ ਵਲ ਦੇਖ ਕੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਅਤੇ ਕਹਿਣ ਲੱਗੇ ਕਿ ਸਾਧਸੰਗਤ ਜੀ! ਜੀਵ ਦੀ ਕੀ ਸਮਰੱਥਾ ਹੈ ਕਿ ਉਹ ਕੋਈ ਬਚਨ ਕਰੇ, ਇਹ ਤਾਂ ਗੁਰੂ ਮਹਾਰਾਜ ਜੀ ਜਿਵੇਂ ਬੁਲਾਉਂਦੇ ਹਨ ਉਵੇਂ ਹੀ ਬੋਲਦਾ ਹੈ।

ਹੁਣ ਮੈਂ ਬੇਨਤੀ ਕਰਦਾ ਹਾਂ ਕਿ ਆਪ ਕਰਮਾਂ ਬਾਰੇ ਵਿਚਾਰ ਸਰਵਣ ਕਰੋ। ਇਹ ਨਰਕ ਸੁਰਗ ਵਿਚ ਕਿਸ ਤਰ੍ਹਾਂ ਦੇ ਨਾਲ ਵਾਸਾ ਕਰਾਉਂਦੇ ਹਨ। ਤਿੰਨ ਕਿਸਮ ਦੇ ਕਰਮ ਹੁੰਦੇ ਹਨ। ਜੋ ਜੀਵ ਦੇ ਨਾਲ ਸਦਾ ਹੀ ਚਿੰਬੜੇ ਰਹਿੰਦੇ ਹਨ ਇਕ ਕਰਮ ਨੂੰ ਸੰਚਤ ਕਰਮ ਕਹੀਦਾ ਹੈ ਦੂਸਰੇ ਨੂੰ ਪ੍ਰਾਲਬਧ, ਤੀਸਰੇ ਜੋ ਅਸੀਂ ਹਰ ਰੋਜ਼ ਕਰਦੇ ਹਾਂ ਇਨ੍ਹਾਂ ਨੂੰ ਕ੍ਰਿਆਮਾਨ ਕਰਮ ਕਹਿੰਦੇ ਹਨ। ਐਉਂ ਸਮਝੋ ਕਿ ਅੰਤਸ਼ਕਰਣ ਰੂਪੀ ਭੱਥੇ ਵਿਚ ਇਹ ਤਿੰਨ ਕਿਸਮ ਦੇ ਬਾਣ ਵਸ ਰਹੇ ਹਨ। ਚੇਤਨ ਆਤਮਾ ਦੀ ਜੋ ਸਤਾ, ਅਭਾਸ (ਆਲਸ ਛਾਇਆ) ਅੰਤਸ਼ਕਰਣ ਵਿਚ ਪੈਂਦੀ ਹੈ ਉਹ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਸੂਰਜ ਦਾ ਪਰਛਾਵਾਂ ਜਾਂ ਚੰਦਰਮਾ ਦਾ ਪਰਛਾਵਾਂ ਪਾਣੀ ਨਾਲ ਭਰੇ ਹੋਏ ਬਰਤਨਾਂ ਵਿਚ ਪੈਂਦਾ ਹੈ, ਸੋ ਆਤਮ ਸੱਤਾ ਦੀ ਛਾਇਆ ਜਦੋਂ ਅੰਤਸ਼ਕਰਣ ਵਿਚ ਪ੍ਰਤੀਬਿੰਬਤ ਹੁੰਦੀ ਹੈ ਉਸ ਸਮੇਂ ਇਸ ਜੜ੍ਹ ਅੰਤਸ਼ਕਰਣ ਵਿਚ ਚੇਤਨਤਾ ਉਪਜਦੀ ਹੈ। ਅੰਤਸ਼ਕਰਣ ਵਿਚ ਮਨ, ਬੁੱਧੀ, ਚਿਤ ਅਤੇ ਅਗਿਆਨਤਾ (ਹੰਗਤਾ, ਮਮਤਾ, ਹਉਮੈ) ਦਾ ਵਾਸਾ ਹੋਇਆ ਕਰਦਾ ਹੈ, ਇਨ੍ਹਾਂ ਤਿੰਨਾਂ ਦੇ ਸਾਮੁਦਾਇ ਵਿਚ ਕਰਮਾਂ ਦੇ ਬੀਜ ਟਿਕੇ ਰਹਿੰਦੇ ਹਨ। ਅੰਤਸ਼ਕਰਣ ਆਪ ਜੜ੍ਹ ਹੈ, ਜਿੰਨੀ ਦੇਰ ਤਕ ਚੇਤਨ ਦਾ ਅਕਸ਼ (ਪਰਛਾਵਾਂ) ਇਸ ਉਪਰ ਨਹੀਂ ਪੈਂਦਾ, ਇਸ ਵਿਚ ਕੋਈ ਕਰਮ ਕਰਨ ਦੀ ਸੱਤਾ ਨਹੀਂ ਹੋਇਆ ਕਰਦੀ, ਨਾ ਹੀ ਕਰਮ ਕੋਈ ਫਲ ਦਿੰਦੇ ਹਨ। ਜਦੋਂ ਤਕ ਇਸ ਵਿਚ ਚੇਤਨ ਦੀ ਸੱਤਾ ਪ੍ਰਵੇਸ਼ ਨਹੀਂ ਕਰਦੀ, ਇਹ ਆਪਣੇ ਵਿਚ ਕਰਮ ਧਾਰਨ ਨੂੰ ਸਮਰੱਥ ਨਹੀਂ ਹੈ ਚੇਤਨ ਦੀ ਛਾਇਆ (ਅਭਾਸ) ਪੈਣ ਨਾਲ ਇਸ ਦੀ ਜੜ੍ਹਤਾ ਦੂਰ ਹੋ ਕੇ ਚੇਤਨਤਾ ਆਉਂਦੀ ਹੈ, ਪਰ ਇਕ ਗੱਲ ਸਮਝਣ ਵਾਲੀ



ਸੱਚਖੰਡ ਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ

ਹੈ ਕਿ ਅੰਤਸ਼ਕਰਣ ਵਿਚ ਪਿਆ ਅਗਿਆਨ ਹੰਗਤਾ ਤੇ ਮਮਤਾ ਇਸ ਨੂੰ ਕਰਮ ਧਾਰਨ ਕਰਨ ਦੀ ਸਮਰਥਾ ਦਿੰਦਾ ਹੈ। ਜੇ ਅੰਤਸ਼ਕਰਣ ਵਿਚ ਅਗਿਆਨ ਨਾ ਹੋਵੇ, ਇਸ ਦੇ ਵਿਪਰੀਤ ਗਿਆਨ ਹੋਵੇ ਤਾਂ ਚੰਗੇ ਮੰਦੇ ਕਰਮਾਂ ਨੂੰ ਇਹ ਧਾਰ ਨਹੀਂ ਸਕਦਾ, ਸੋ ਬਿਨਾਂ ਅਗਿਆਨ ਤੋਂ ਕਰਮ ਧਾਰਿਆ ਨਹੀਂ ਜਾਂਦਾ। ਸੋ ਇਸ ਤਰ੍ਹਾਂ ਨਾਲ ਤਿੰਨ ਚੀਜ਼ਾਂ ਹੋਈਆਂ, ਇਕ ਅੰਤਸ਼ਕਰਣ ਹੋਇਆ, ਦੂਸਰਾ ਅਗਿਆਨ ਅਤੇ ਚੇਤਨ ਆਤਮਾ। ਇਹ ਜਦੋਂ ਤਿੰਨ ਇਕੱਠੇ ਹੁੰਦੇ ਹਨ, ਫੇਰ ਇਹ ਜੀਵ ਕਰਮ ਧਾਰਨ ਕਰਦਾ ਹੈ। ਜੇ ਇਨ੍ਹਾਂ ਵਿਚੋਂ ਇਕ ਚੀਜ਼ ਨਾ ਹੋਵੇ ਤਾਂ ਇਹ ਕੋਈ ਵੀ ਕਰਮ ਧਾਰਨ ਨਹੀਂ ਕਰਦਾ।



**ਸੱਚਖੰਡ ਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਅਤੇ ਨਾਲ ਸੰਤ ਮਾਤਾ ਰਣਜੀਤ ਕੌਰ ਜੀ ਇੱਕ ਅਭੁੱਲ ਯਾਦ**

ਇਕ ਹੋਰ ਦ੍ਰਿਸ਼ਟਾਂਤ ਦੇ ਨਾਲ ਸਮਝਣ ਦਾ ਜਤਨ ਕਰੋ, ਸਤੋ ਗੁਣ ਰੂਪੀ ਅੰਤਸ਼ਕਰਣ ਨੂੰ ਮਿੱਟੀ ਜਾਣੋ, ਯਾਨਿ ਕਿ ਸਤੋ ਗੁਣ (ਅੰਤਸ਼ਕਰਣ) ਨੂੰ ਮਿੱਟੀ ਦਾ ਇਕ ਡਲਾ (ਢੇਲਾ) ਜਾਣੋ। ਜੋ ਚੇਤਨ ਆਤਮਾ ਹੈ, ਉਹ ਅਕਾਸ਼ ਹੈ, ਖਾਲੀ ਥਾਂ ਹੈ; ਜੋ ਅਗਿਆਨ ਹੈ ਉਹ ਜਲ ਹੈ, ਜਦੋਂ ਮਿੱਟੀ (ਅੰਤਸ਼ਕਰਣ) ਤੇ ਪਾਣੀ (ਅਗਿਆਨ) ਇਕੱਠੇ ਹੋ ਕੇ ਮਿੱਟੀ ਗੁੰਨੀ ਜਾਂਦੀ ਹੈ ਉਸ ਵੇਲੇ ਕੋਈ ਭਾਂਡਾ ਬਣਨ ਦੀ ਇਸ ਵਿਚ ਸਮਰਥਾ ਆਉਂਦੀ ਹੈ, ਫੇਰ ਇਸ ਗੁੰਨੀ ਹੋਈ ਮਿੱਟੀ ਤੋਂ ਘੁਮਿਆਰ ਚੱਕ ਤੇ ਚਾੜ੍ਹ ਕੇ ਘੜਾ ਬਣਾਉਂਦਾ ਹੈ ਜਾਂ ਕਈ ਬਰਤਨ ਬਣਾਉਂਦਾ ਹੈ, ਹੁਣ ਘੜੇ ਵਿਚ ਜੋ ਖਾਲੀ ਥਾਂ ਹੈ ਉਸ ਨੂੰ ਤੁਸੀਂ ਆਤਮ ਸੱਤਾ ਸਮਝੋ, ਅਗਿਆਨ ਦਾ ਜਲ ਅਤੇ ਅੰਤਸ਼ਕਰਣ ਦੀ ਮਿੱਟੀ ਨੇ ਮਿਲ ਕੇ ਘੜਾ ਬਣਾਇਆ ਹੁਣ ਉਸ ਉਤੇ ਕਰਮ ਰੂਪੀ ਅਨਾਜ ਭਰਿਆ ਜਾਂਦਾ ਹੈ ਇਹ ਤਿੰਨੋ ਮਿਲ ਕੇ ਅਨਾਜ ਨੂੰ ਸੰਭਾਲਣ ਦੀ ਸਮਰਥਾ ਰਖਦੇ ਹਨ ਜੇ ਇਹ ਤਿੰਨੋ ਅੱਡ ਰਹਿਣ ਯਾਨਿ ਅਗਿਆਨ (ਪਾਣੀ) ਅੰਤਸ਼ਕਰਣ (ਮਿੱਟੀ) ਅਤੇ ਆਤਮ ਸੱਤਾ (ਖਾਲੀ ਥਾਂ); ਤਾਂ ਅੰਤਸ਼ਕਰਣ ਰੂਪੀ ਘੜਾ ਬਣਦਾ ਹੀ ਨਹੀਂ। ਇਸੇ ਤਰ੍ਹਾਂ ਨਾਲ ਜੇ ਇਕੱਲੀ ਆਤਮਾ ਹੈ ਉਹ ਕਰਮ ਧਾਰਨ ਨਹੀਂ ਕਰ ਸਕਦੀ, ਜਿਹੜਾ ਅਗਿਆਨ ਹੈ ਜੇ ਉਹ ਵੀ ਇਕੱਲਾ ਹੋਵੇ ਉਹ ਵੀ ਕਰਮ ਧਾਰਨ ਨਹੀਂ ਕਰਦਾ ਅਤੇ ਅੰਤਸ਼ਕਰਣ ਵਿਚ ਸੱਤਾ ਹੀ ਨਹੀਂ ਹੈ ਕਿਉਂਕਿ ਉਹ ਜੜ੍ਹ ਹੈ ਜਦੋਂ ਤਿੰਨਾਂ ਦਾ ਸੰਯੋਗ ਹੋ ਜਾਂਦਾ ਹੈ ਤਾਂ ਕਰਮ ਧਾਰਨ ਨੂੰ ਸਮਰੱਥ ਹੋ ਜਾਂਦੇ ਹਨ। ਅੰਤਸ਼ਕਰਣ ਰੂਪੀ ਤਰਕਸ਼ (ਤੀਰ ਰੱਖਣ ਵਾਲਾ ਭੱਥਾ) ਦੇ ਵਿਚ ਕਰਮਾਂ ਦੇ ਬਾਣ ਰੱਖੇ ਜਾਂਦੇ ਹਨ, ਇਸ ਤਰਕਸ਼ ਵਿਚੋਂ ਜਦੋਂ ਧਨੁਖ ਦੇ ਉਤੇ ਤੀਰ ਚਾੜ੍ਹ ਲਿਆ ਅਤੇ ਚਲ ਕੇ ਜਦੋਂ ਉਹ ਕਿਸੇ ਧੇਅ ਨੂੰ ਵਿੰਨ੍ਹ ਕੇ ਧਰਤੀ ਉਤੇ ਗਿਰ ਪਿਆ ਫੇਰ ਉਹ ਤੀਰ ਨਿਸਫਲ ਹੋ ਜਾਂਦਾ ਹੈ, ਇਸ ਦਾ ਨਾਮ ਪ੍ਰਾਲਬਧ ਕਰਮ ਹੈ ਇਹ ਆਪਣਾ ਫਲ ਦੇ ਕੇ ਖਤਮ ਹੋ ਜਾਂਦਾ ਹੈ ਅਤੇ ਇਹ ਤੀਰ ਹੋਰ ਫਲ ਦੇਣ ਦੀ ਸਮਰਥਾ ਨਹੀਂ ਰਖਦਾ। ਜਿਹੜੇ ਤੀਰ ਅਜੇ ਭੱਥੇ ਵਿਚ ਪਏ ਹਨ ਜਿਨ੍ਹਾਂ ਨੂੰ ਧਨੁੱਖ ਦੇ ਵਿਚ ਨਹੀਂ ਚਾੜ੍ਹਿਆ ਉਨ੍ਹਾਂ ਨੇ ਅਜੇ ਆਪਣਾ ਫਲ ਨਹੀਂ ਦਿਤਾ, ਉਨ੍ਹਾਂ ਕਰਮਾਂ ਨੂੰ ਸੰਚਤ ਕਰਮ ਕਿਹਾ ਜਾਂਦਾ ਹੈ। ਐਉਂ ਸਮਝ ਲਓ ਜਿਵੇਂ ਕੋਈ ਚੀਜ਼ ਸਟੋਰ ਵਿਚ ਪਈ ਹੋਵੇ। ਇਸੇ ਤਰ੍ਹਾਂ ਨਾਲ ਜਿਨ੍ਹਾਂ ਕਰਮਾਂ ਨੇ ਅਜੇ ਫਲ ਨਹੀਂ ਦਿਤਾ ਉਹ ਸੰਚਤ ਕਰਮ ਹੋਇਆ ਕਰਦੇ ਹਨ ਮਤਲਬ

ਕਿ ਜਮ੍ਹਾਂ ਹੋਏ ਹੋਏ ਜਿਨ੍ਹਾਂ ਨੇ ਅਜੇ ਫਲ ਦੇਣਾ ਹੈ। ਇਹ ਸੰਚਤ ਕਰਮ ਫੇਰ ਧਨੁੱਖ ਤੇ ਚੜ੍ਹਦੇ ਹਨ ਜਦੋਂ ਧਨੁਖ ਤੋਂ ਚਲ ਜਾਂਦੇ ਹਨ ਤਾਂ ਇਨ੍ਹਾਂ ਨੂੰ ਪ੍ਰਾਲਬਧ ਕਰਮ ਕਿਹਾ ਜਾਂਦਾ ਹੈ। ਇਹ ਕਈ ਪ੍ਰਕਾਰ ਦੇ ਹੁੰਦੇ ਹਨ। ਇਸੇ ਤਰ੍ਹਾਂ ਨਾਲ ਜੋ ਕਰਮ ਅਸੀਂ ਹਰ ਰੋਜ਼ ਕਰਦੇ ਹਾਂ ਉਹ ਅਗਿਆਨ ਵਸ ਕਰਦੇ ਹਾਂ, ਅਸੀਂ ਇਸ ਭਾਵਨਾ ਵਿਚ ਆ ਜਾਂਦੇ ਹਾਂ ਕਿ ਇਹ ਕਰਮ ਮੈਂ ਕਰਿਆ ਹੈ, ਇਨ੍ਹਾਂ ਕਰਮਾਂ ਨੂੰ ਕ੍ਰਿਆਮਾਨ ਕਰਮ ਕਹਿੰਦੇ ਹਨ। ਹੁਣ ਇਸ ਤਰ੍ਹਾਂ ਨਾਲ ਸਮਝ ਲਓ ਕਿ ਪਹਿਲਾਂ ਕ੍ਰਿਆਮਾਨ ਕਰਮ ਜੀਵ ਦੇ ਨਾਲ ਚਿੰਬੜਦੇ ਹਨ, ਦੂਜੀ ਅਵਸਥਾ ਵਿਚ ਜਾ ਕੇ ਜਦੋਂ ਜਮ੍ਹਾਂ ਹੁੰਦੇ ਹਨ ਤਾਂ ਸੰਚਤ ਕਰਮ ਕਹਾਉਂਦੇ ਹਨ ਜਦੋਂ ਜੀਵ ਨੂੰ ਫਲ ਦੇਣ ਦੇ ਸਮਰੱਥ ਹੁੰਦੇ ਹਨ, ਕਮਾਣ ਉਪਰ ਚਿਲਾ ਚਾੜ੍ਹ ਕੇ ਛੱਡ ਦਿਤੇ ਜਾਂਦੇ ਹਨ ਉਨ੍ਹਾਂ ਨੂੰ ਪ੍ਰਾਲਬਧ ਕਰਮ ਕਿਹਾ ਜਾਂਦਾ ਹੈ ਜਿਸ ਤਰ੍ਹਾਂ ਇਕ ਕਾਲ ਨੂੰ ਭਵਿੱਖ ਕਾਲ ਅਤੇ ਦੂਜੇ ਨੂੰ ਵਰਤਮਾਨ ਅਤੇ ਤੀਸਰਾ ਜੋ ਲੰਘ ਗਿਆ ਉਸ ਨੂੰ ਭੂਤਕਾਲ ਕਹਿੰਦੇ ਹਨ। ਇਸੇ ਤਰ੍ਹਾਂ ਨਾਲ ਪ੍ਰਾਲਬਧ ਕਰਮਾਂ ਦੇ ਫਲ ਤਿੰਨ ਹਨ। ਪਹਿਲਾ ਫਲ ਹੈ ਕਿ ਇਸ ਜੀਵ ਨੇ ਨਿਸ਼ਚਿਤ ਤੌਰ ਤੇ ਸੰਸਾਰ ਵਿਚ ਜਾ ਕੇ ਕਿੰਨੀ ਦੇਰ ਉਥੇ ਰਹਿਣਾ ਹੈ, ਦੂਸਰਾ ਕਿਸ ਖਾਨਦਾਨ, ਕਿਸ ਜਾਤੀ ਵਿਚ ਪੈਦਾ ਹੋਏਗਾ ਅਤੇ ਇਸ ਨੂੰ ਕਿਹੜੇ-ਕਿਹੜੇ ਭੋਗ ਪ੍ਰਾਪਤ ਹੋਣਗੇ, ਜਾਤੀ ਤੋਂ ਇਹ ਭਾਵ ਹੈ ਕਿ ਕਿਸ ਜਿਨਸ ਵਿਚ ਜਨਮ ਲਏਗਾ, ਕਿਸ ਖਾਣੀ ਵਿਚ ਜਨਮ ਲਵੇਗਾ, ਦਰਖਤ ਬਣੇਗਾ ਜਾਂ ਪਸ਼ੂ ਬਣੇਗਾ ਜਾਂ ਸੱਪ ਆਦਿ ਬਣੇਗਾ ਜਾਂ ਮਨੁੱਖ ਬਣੇਗਾ, ਮਨੁੱਖਾਂ ਵਿਚੋਂ ਕੰਗਾਲ ਬਣੇਗਾ ਜਾਂ ਅਮੀਰ ਬਣੇਗਾ, ਦੁਖੀ ਹੋਵੇਗਾ ਜਾਂ ਸੁਖੀ ਹੋਵੇਗਾ ਜਾਂ ਸਾਰੀ ਜ਼ਿੰਦਗੀ ਚਿੰਤਾ ਵਿਚ ਰਹੇਗਾ, ਜਾਂ ਧਨੀ ਹੋਵੇਗਾ, ਬੱਚੇ ਕਿਸ ਕਿਸਮ ਦੇ ਹੋਣਗੇ, ਜੋ ਸਾਥ ਮਿਲਣਾ ਹੈ ਵਿਆਹ ਆਦਿ ਦਾ ਉਹ ਸਾਰੇ ਸੰਜੋਗ ਤੇ ਵਿਜੋਗ ਕਿਹੋ ਜਿਹੇ ਹੋਣਗੇ, ਜੋ ਵਿਦਿਆ ਹਾਸਲ ਕਰਨੀ ਹੈ, ਬਾਹਰਲੇ ਦੇਸ਼ਾਂ ਵਿਚ ਜਾ ਕੇ ਬਿਜ਼ਨਸ, ਵਪਾਰ ਕਰਨਾ ਹੈ। ਉਹ ਦੇਵਤੇ ਦਾ ਸਰੀਰ ਧਾਰਨ ਕਰੇਗਾ ਜਾਂ ਕੋਈ ਜੜ੍ਹ ਸਰੀਰ ਪ੍ਰਾਪਤ ਕਰੇਗਾ ਜਿਸ ਤਰ੍ਹਾਂ ਪੱਥਰ ਆਦਿ ਹੁੰਦੇ ਹਨ। ਜਿਵੇਂ ਗੁਰੂ ਮਹਾਰਾਜ ਜੀ ਨੇ ਵੀ ਫੁਰਮਾਨ ਕੀਤਾ ਹੈ-

***ਕਈ ਜਨਮ ਸੈਲ ਗਿਰਿ ਕਰਿਆ॥***
***ਕਈ ਜਨਮ ਗਰਭ ਹਿਰਿ ਖਰਿਆ॥***
***ਕਈ ਜਨਮ ਸਾਖ ਕਰਿ ਉਪਾਇਆ॥***
***ਲਖ ਚਉਰਾਸੀਹ ਜੋਨਿ ਭ੍ਰਮਾਇਆ॥*** ***ਅੰਗ - 176***



ਸੱਚਖੰਡ ਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਦਾ ਭੈਣੀ ਸਾਹਿਬ ਵਿਖੇ ਨਾਮਧਾਰੀ ਸੰਪ੍ਰਦਾਇ ਵੱਲੋਂ ਨਿੱਘਾ ਸਵਾਗਤ 'ਬੀਤ ਚੁੱਕੇ ਸਮੇਂ ਦੀ ਇੱਕ ਅਭੁੱਲ ਯਾਦ

ਇਹ ਸਾਰੀਆਂ ਚੀਜ਼ਾਂ ਪ੍ਰਾਲਬਧ ਦੇ ਮੁਤਾਬਿਕ ਹੁੰਦੀਆਂ ਹਨ, ਉਤਮ, ਮੱਧਮ ਅਤੇ ਅੱਧਮ ਹਾਲਾਤ ਵਿਚ ਰਹੇਗਾ, ਜਾਤੀ ਦੀਆਂ ਬਹੁਤ ਕਿਸਮਾਂ ਹਨ। ਸੋ ਜਾਤੀ ਰੂਪ ਫਲ ਦੱਸੇ ਗਏ ਹਨ। ਪ੍ਰਾਲਬਧ ਅਨੁਸਾਰ ਹੀ ਆਰਬਲਾ ਮਿੱਥੀ ਜਾਂਦੀ ਹੈ, ਆਰਬਲਾ ਵਿਚ ਮਿੱਥ ਕੇ ਭੇਜਿਆ ਜਾਂਦਾ ਹੈ ਕਿ ਕੀ ਇਹ ਜੰਮਦਾ ਹੀ ਮਰ ਜਾਵੇਗਾ ਜਾਂ ਗਰਭ ਵਿਚ ਹੀ ਖਿਰ ਜਾਵੇਗਾ, ਕੁਝ ਮਹੀਨਿਆਂ ਕੁਝ ਸਾਲਾਂ ਦਾ ਹੋ ਕੇ ਮਰ ਜਾਵੇਗਾ ਜਾਂ ਭਰਪੂਰ ਜਵਾਨੀ ਜਾਂ ਬੁਢੇਪੇ ਵਿਚ ਜਾ ਕੇ ਦੁਖ ਸੁਖ ਭੋਗ ਕੇ ਮਰੇਗਾ ਅਤੇ ਇਸ ਉਮਰ ਵਿਚ ਕਿਸ ਕਿਸਮ ਦੇ ਫਲ ਇਸ ਨੂੰ ਪ੍ਰਾਪਤ ਹੋਣਗੇ। ਰਿਸ਼ਤੇਦਾਰ ਸੁਖ ਦੇਣ ਵਾਲੇ ਮਿਲਣਗੇ ਜਾਂ ਦੁਖ ਦੇਣ ਵਾਲੇ ਮਿਲਣਗੇ। ਇਸ ਨੂੰ ਮਾਣ ਪ੍ਰਾਪਤ ਹੋਵੇਗਾ ਜਾਂ ਬੇਮਾਨਾ ਹੀ ਤੁਰਿਆ ਫਿਰੇਗਾ। ਇਸ ਦਾ ਸਰੀਰ ਸੁੰਦਰ

ਹੋਵੇਗਾ ਜਾਂ ਕੋਹਝਾ ਹੋਵੇਗਾ, ਇਸ ਦੇ ਸਰੀਰ ਦਾ ਰੰਗ ਕਿਹੋ ਜਿਹਾ ਹੋਵੇਗਾ, ਇਹ ਬੁੱਧੀਵਾਨ ਭੋਗ ਕਹਾਉਂਦਾ ਹੈ। ਇਹ ਵੀ ਪ੍ਰਾਲਬਧ ਵਿਚ ਹੀ ਆਉਂਦਾ ਹੈ ਕਿ ਇਸ ਨੂੰ ਕਿਸ ਕਿਸਮ ਦੀ ਸੰਗਤ ਪ੍ਰਾਪਤ ਹੋਵੇਗੀ, ਕੀ ਇਸ ਨੂੰ ਤੱਤ ਬੇਤਾ ਮਹਾਂਪੁਰਸ਼ ਮਿਲੇਗਾ, ਕੋਈ ਸਮਰੱਥ ਸਤਿਗੁਰੂ ਇਸ ਦੇ ਮਿਲਾਪ ਵਿਚ ਆਵੇਗਾ ਕਿਉਂਕਿ ਐਸਾ ਫੁਰਮਾਨ ਆਉਂਦਾ ਹੈ -

***ਜਿਨ ਮਸਤਕਿ ਧੁਰਿ ਹਰਿ ਲਿਖਿਆ***
***ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ॥***

***ਅੰਗ - 450***

***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ॥ ਅੰਗ - 204***

ਇਹ ਕੀਤੇ ਹੋਏ ਕਰਮ ਭੋਗਣੇ ਹੀ ਪੈਂਦੇ ਹਨ ਜਿਵੇਂ ਕਿ ਮਹਾਂਪੁਰਸ਼ਾਂ ਦੀ ਕਹਾਵਤ ਹੈ -

***ਭੋਗੇ ਬਿਨ ਭਾਗੇ ਨਹੀ ਕਰਮ ਗਤੀ ਬਲਵਾਨ।***

ਜੋ ਪਰਾਲਬਧ ਦਾ ਬਾਣ ਛੁਟ ਗਿਆ ਉਸ ਦਾ ਨਾਸ਼ ਕਰਨ ਨੂੰ ਕੋਈ ਵੀ ਸਮਰੱਥ ਨਹੀਂ ਹੁੰਦਾ। ਇਨ੍ਹਾਂ ਪਰਾਲਬਧ ਕਰਮਾਂ ਨੂੰ ਲੇਖ ਵੀ ਕਿਹਾ ਜਾਂਦਾ ਹੈ, ਕਰਮਾਂ ਦੇ ਅਨੁਸਾਰ ਹੀ ਆਦਮੀ ਦਾ ਸੁਭਾਅ ਬਣਦਾ ਹੈ, ਜਿਸ ਨੂੰ ਕਿਰਤ ਆਖਿਆ ਜਾਂਦਾ ਹੈ, ਜੋ ਪ੍ਰਾਲਬਧ ਕਰਮ ਹਨ ਦੁਖ ਸੁਖ ਅਨੁਭਵ ਕਰਨਾ ਆਦਿ ਉਹ ਦੇਵਤਿਆਂ ਤਕ ਵੀ ਭੋਗਣੇ ਪੈਂਦੇ ਹਨ। 14 ਲੋਕਾਂ 'ਚ ਕਿਸੇ ਲੋਕ ਵਿਚ ਵੀ ਜਾ ਕੇ ਪੈਦਾ ਹੋ ਜਾਵੇ ਪ੍ਰਾਲਬਧ ਕਰਮ ਉਸ ਜੀਵ ਨੂੰ ਤਲਾਸ਼ ਕਰ ਲੈਂਦੇ ਹਨ ਕਿਉਂਕਿ ਪ੍ਰਾਲਬਧ ਕਰਮ ਭੱਥੇ ਵਿਚੋਂ ਨਿਕਲ ਕੇ ਧਨੁਖ ਉਤੇ ਚੜ੍ਹ ਚੁਕੇ ਹੁੰਦੇ ਹਨ ਅਤੇ ਆਪਣੇ ਸਮੇਂ-ਸਮੇਂ ਸਿਰ ਚਲਦੇ ਰਹਿੰਦੇ ਹਨ। ਦੂਜੇ ਜਿਹੜੇ ਸੰਚਤ ਅਤੇ ਕ੍ਰਿਆਮਾਨ ਕਰਮ ਹਨ ਇਨ੍ਹਾਂ ਵਿਚੋਂ ਸੰਚਤ ਕਰਮ ਜੀਵ ਦੀ ਆਯੂ ਤੋਂ ਭੋਗੇ ਬਗੈਰ ਬਚ ਰਹਿੰਦੇ ਹਨ ਉਨ੍ਹਾਂ ਸੰਚਤ ਕਰਮਾਂ ਵਿਚ ਜੀਵ ਨੇ ਆਰਬਲਾ ਵਿਚ ਸਰੀਰਧਾਰੀ ਹੋ ਕੇ ਜੋ ਕਰਮ ਕੀਤੇ ਉਨ੍ਹਾਂ ਵਿਚੋਂ ਬਹੁਤ ਸਾਰਿਆਂ ਦਾ ਫਲ ਤਾਂ ਇਥੇ ਵੀ ਭੋਗ ਲੈਂਦੇ ਹਾਂ ਅਤੇ ਜੋ ਭੋਗਣੋਂ ਬਚ ਜਾਂਦੇ ਹਨ ਉਹ ਸੰਚਤ ਕਰਮ ਬਣ ਕੇ ਜਮ੍ਹਾਂ ਹੋ ਜਾਂਦੇ ਹਨ ਅਤੇ ਅਗਲਾ ਸਰੀਰ ਜਦੋਂ ਧਾਰਨ ਕਰਦਾ ਹੈ ਉਸ ਵੇਲੇ ਉਹ ਪ੍ਰਾਲਬਧ ਕਰਮ ਬਣਦੇ ਹਨ ਅਤੇ ਉਸ ਨੂੰ ਫੇਰ ਭੋਗਣੇ ਪੈਂਦੇ ਹਨ। ਇਨ੍ਹਾਂ ਵਿਚ ਜਿਹੜੇ ਕ੍ਰਿਆਮਾਨ ਕਰਮ ਅਤੇ ਸੰਚਤ ਕਰਮ ਹਨ ਇਨ੍ਹਾਂ ਬਾਰੇ ਹੈ ਕਿ ਸਰੀਰਧਾਰੀ ਹੋ ਕੇ ਭਜਨ ਬੰਦਗੀ ਐਨੀ ਕਰਦਾ ਹੈ ਕਿ ਉਸ ਨੂੰ ਬ੍ਰਹਮਗਿਆਨ ਦੀ ਪ੍ਰਾਪਤੀ ਹੋ ਜਾਵੇ, ਉਸ ਵੇਲੇ ਨਾ ਤਾਂ ਕ੍ਰਿਆਮਾਨ ਕਰਮ ਹੀ ਫਲ ਦਿੰਦੇ ਹਨ, ਸੰਚਤ ਕਰਮ ਵੀ ਫਲ ਦੇਣੋਂ ਅਸਮਰਥ ਹੋ ਜਾਂਦੇ ਹਨ। ਇਸ ਤਰ੍ਹਾਂ ਨਾਲ ਜਿਸ ਨੇ ਨਾਮ ਦੀ ਪ੍ਰਾਪਤੀ ਕਰ ਲਈ ਜਿਸ ਨੇ ਹਰ ਥਾਂ ਉਪਰ ਸਮਰੱਥ ਪਸਾਰੇ ਨੂੰ ਦੇਖ ਕੇ ਆਪਣੀ ਹਉਂ ਦਾ ਨਾਸ਼ ਕਰ ਲਿਆ ਉਸ ਦੇ ਸਾਰੇ ਕਰਮ ਨਾਸ਼ ਹੋ ਜਾਂਦੇ ਹਨ -

***ਗੁਰ ਕਾ ਸਬਦੁ ਕਾਟੈ ਕੋਟਿ ਕਰਮ॥***

***ਅੰਗ - 1195***

ਸਭ ਨੂੰ ਪ੍ਰਾਲਬਧ ਕਰਮ ਭੋਗਣੇ ਪੈਂਦੇ ਹਨ ਕਿਉਂਕਿ ਪ੍ਰਾਲਬਧ ਕਰਮ ਧਨੁੱਖ ਦੇ ਚਿਲੇ ਤੋਂ ਚਲ ਚੁਕੇ ਹਨ ਉਨ੍ਹਾਂ ਨੂੰ ਕੋਈ ਰੋਕ ਨਹੀਂ ਸਕਦਾ ਜਿਸ ਕਰਕੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

***ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥ ਅੰਗ - 937***

ਸੋ ਇਸ ਤਰ੍ਹਾਂ ਦੇ ਨਾਲ ਭੱਥੇ ਵਿਚ ਪਏ ਹੋਏ ਕਰਮਾਂ ਰੂਪੀ ਬਾਣ ਰੋਕੇ ਜਾ ਸਕਦੇ ਹਨ ਅਤੇ ਜਿਸ ਕਰਮ ਦਾ ਧਨੁੱਖ ਬਾਣ ਉਤੇ ਚਿਲ੍ਹਾ ਚੜ੍ਹਾ ਲਿਆ ਹੈ ਉਹ ਵੀ ਰੋਕਿਆ ਜਾ ਸਕਦਾ ਹੈ ਕਿਉਂਕਿ ਅਜੇ ਛੁਟਿਆ ਨਹੀਂ। ਪ੍ਰਾਲਬਧ ਕਰਮ ਛੁਟੇ ਹੋਏ ਬਾਣ ਵਾਂਗੂੰ ਹਨ ਜਿਸਨੂੰ ਕੋਈ ਟਾਲ ਨਹੀਂ ਸਕਦਾ। ਗੁਰੂ, ਪੀਰ, ਸਮਰੱਥ ਪੁਰਸ਼ ਉਨ੍ਹਾਂ ਦੇ ਮੰਦੇ ਫਲਾਂ ਨੂੰ ਸੂਲੀ ਨੂੰ ਸੂਲ ਬਨਾਉਣ ਵਾਂਗੂੰ ਘਟਾ ਦਿੰਦੇ ਹਨ ਜਾਂ ਆਪਣੀ ਪ੍ਰਬਲ ਮਾਇਆ ਨਾਲ ਉਹ ਐਸਾ ਵਾਤਾਰਵਣ ਪੈਦਾ ਕਰ ਦਿੰਦੇ ਹਨ ਜਿਥੇ ਉਹ ਸੁਪਨੇ ਦੇ ਵਿਚ ਸੂਖਸ਼ਮ ਸਰੀਰ ਰਾਹੀਂ ਕਰਮ ਭੋਗਦਾ ਹੈ। ਇਹ ਖਾਸ ਸ਼ਕਤੀ ਪ੍ਰਭੂ ਨੇ ਆਪਣੇ ਪਿਆਰਿਆਂ ਨੂੰ ਦਿਤੀ ਹੋਈ ਹੈ। ਇਨ੍ਹਾਂ ਪ੍ਰਾਲਬਧ ਕਰਮਾਂ ਨੂੰ ਭੋਗਣ ਵਿਚ ਗਿਆਨ ਅਤੇ ਅਗਿਆਨ ਦਾ ਫਰਕ ਨਹੀਂ ਹੈ। ਦੋਹਾਂ ਨੂੰ ਪ੍ਰਾਲਬਧ ਕਰਮ ਇਕੋ ਜਿਹਾ ਫਲ ਦਿੰਦੇ ਹਨ। ਜੋ ਗਿਆਨਵਾਨ ਹੋਇਆ ਕਰਦੇ ਹਨ ਜਿਸ ਨੂੰ ਮਾਇਆ ਮੰਡਲ ਤੋਂ ਜਾਗ ਆ ਚੁਕੀ ਹੈ, ਜਿਸ ਨੇ ਤੱਤ ਨੂੰ ਪੂਰਨ ਰੂਪ ਵਿਚ ਅਨੁਭਵ ਕਰ ਲਿਆ ਹੈ ਉਹ ਸੰਚਤ ਕਰਮਾਂ ਦਾ ਨਾਸ਼ ਕਰ ਦਿੰਦਾ ਹੈ। ਉਹ ਇਸੇ ਤਰ੍ਹਾਂ ਹੈ ਜਿਵੇਂ ਕਿਸੇ ਸਟੋਰ ਵਿਚ ਅਨਾਜ ਪਿਆ ਹੋਵੇ, ਉਸ ਨੂੰ ਜੇ ਅੱਗ ਲਾ ਦੇਈਏ ਤਾਂ ਅਨਾਜ ਵੀ ਜਲ ਜਾਂਦਾ ਹੈ, ਉਹ ਸੜਿਆ ਹੋਇਆ ਅਨਾਜ ਦੁਬਾਰਾ ਉਗਦਾ ਨਹੀਂ ਹੈ, ਉਸ ਅਨਾਜ ਵਿਚੋਂ ਕੋਈ ਅੰਕੁਰ ਨਹੀਂ ਫੁਟਦਾ ਹੈ। ਇਸੇ ਤਰ੍ਹਾਂ ਸੰਚਤ ਕਰਮ ਜੋ ਅੰਤਸ਼ਕਰਣ ਵਿਚ ਪਏ ਹਨ, ਉਹ ਗਿਆਨ ਅਗਨ ਕਰਕੇ ਨਾਸ਼ ਹੋ ਜਾਂਦੇ ਹਨ, ਚਿਤ ਸਤਿ ਸਰੂਪ ਹੋ ਕੇ ਸ਼ਾਂਤ ਹੋ

ਜਾਂਦਾ ਹੈ, ਮਨ ਅਮਨ ਹੋ ਜਾਂਦਾ ਹੈ, ਵਾਸ਼ਨਾ ਖ੍ਰੈ ਹੋ ਜਾਂਦੀ ਹੈ, ਕਰਮ ਨਿਸ਼ਕਾਮ ਹੋ ਜਾਂਦੇ ਹਨ, ਉਹ ਕੋਈ ਫਲ ਨਹੀਂ ਦਿੰਦੇ, ਜਿਸ ਤਰ੍ਹਾਂ ਅੰਦਰ ਅਨਾਤਮ ਬੁੱਧੀ ਆਤਮ ਬੁਧੀ ਹੋ ਜਾਂਦੀ ਹੈ ਇਸੇ ਤਰ੍ਹਾਂ ਅਸਤਿ ਜਗਤ ਵਿਚ ਸਤਿ ਦੀ ਸੋਝੀ ਹੋ ਕੇ ਸਤਿ ਅਤੇ ਅਸਤਿ ਦੀ ਨਿਰਣੇਪੂਰਵਕ ਪਛਾਣ ਹੋ ਜਾਂਦੀ ਹੈ। ਜਦੋਂ ਆਤਮ ਗਿਆਨ ਪ੍ਰਾਪਤ ਹੋ ਜਾਂਦਾ ਹੈ ਉਸ ਵੇਲੇ ਅਨਾਤਮ ਬੁੱਧੀ ਦਾ ਵੀ ਨਾਸ਼ ਹੋ ਜਾਂਦਾ ਹੈ, ਉਸ ਸਮੇਂ ਪਰਤੱਖ ਰੂਪ ਵਿਚ ਆਤਮਾ ਆਤਮਾ ਹੀ ਦਿਸਦਾ ਹੈ ਅਤੇ ਸਾਰੀਆਂ ਅਨਾਤਮ ਵਸਤੂਆਂ ਅਨਾਤਮ ਦਿਸਦੀਆਂ ਹਨ। ਜਦੋਂ ਚਿੱਤ ਇਸ ਸਤਿ ਦੇ ਪ੍ਰਕਾਸ਼ ਵਿਚ ਆ ਜਾਵੇ ਤਾਂ ਮਨ, ਬੁੱਧੀ ਅਤੇ ਅਨਾਤਮ ਚਿਤ ਸਮੇਤ ਸੰਚਤ ਕਰਮ ਵੀ ਜਲ ਜਾਇਆ ਕਰਦੇ ਹਨ। ਜਿਵੇਂ ਘਰ ਵਿਚ ਰੱਖਿਆ ਹੋਇਆ ਅਨਾਜ ਅੱਗ ਲੱਗਣ ਨਾਲ ਜਲ ਜਾਇਆ ਕਰਦਾ ਹੈ ਫੇਰ ਕੁਝ ਵੀ ਪੈਦਾ ਨਹੀਂ ਹੋਇਆ ਕਰਦਾ। ਕ੍ਰਿਆਮਾਨ ਕਰਮ ਉਹ ਹਨ ਜੋ ਸਵੇਰੇ ਤੋਂ ਲੈ ਕੇ ਸ਼ਾਮ ਤਕ ਅਸੀਂ ਜਿਨ੍ਹਾਂ ਚਿਰ ਜਾਗਦੇ ਹਾਂ, ਕਰਦੇ ਰਹਿੰਦੇ ਹਾਂ ਕਿਉਂਕਿ ਉਹ ਅਗਿਆਨ ਅਵਸਥਾ ਵਿਚ ਕੀਤੇ ਜਾ ਰਹੇ ਹਨ ਇਸ ਕਰਕੇ ਉਨ੍ਹਾਂ ਦੇ ਚੰਗੇ ਤੇ ਮੰਦੇ ਫਲ ਜਮ੍ਹਾਂ ਹੋ ਰਹੇ ਹਨ। ਇਹੀ ਕ੍ਰਿਆਮਾਨ ਕਰਮ ਗਿਆਨਵਾਨ ਪੁਰਸ਼ ਨਾਲ ਚਿੰਬੜਦੇ ਨਹੀਂ ਕਿਉਂਕਿ ਉਸਦੇ ਅੰਦਰ ਆਤਮ ਅਨਾਤਮ ਦੀ ਸੋਝੀ ਹੈ, ਦੂਜਾ ਹੋਰ ਸੂਖਸ਼ਮ ਸਮਝਣ ਲਈ ਜੋ ਪ੍ਰਾਣੀ ਆਪਣੇ ਆਪ ਨੂੰ ਦੇਹ ਸਮਝਦਾ ਹੈ, ਦੇਹੀ ਦੇ ਸਬੰਧੀਆਂ ਨੂੰ ਆਪਣੇ ਮੰਨਦਾ ਹੈ, ਦੇਹੀ ਦੀ ਜਾਤ ਨੂੰ ਆਪਣੇ ਮੰਨਦਾ ਹੈ, ਦੇਹ ਦੇ ਦੁਖਾਂ ਸੁਖਾਂ ਨੂੰ ਆਪਣੇ ਸਮਝਦਾ ਹੈ ਉਹ ਅਭਿਮਾਨ ਦੇ ਮੰਡਲ ਵਿਚ ਹੈ, ਹੰਗਤਾ ਹੋਣ ਕਰਕੇ ਜੋ ਵੀ ਕਰਮ ਕਰਦਾ ਹੈ ਉਹ ਉਸ ਨੂੰ ਚੰਗਾ ਤੇ ਮੰਦਾ ਫਲ ਦੇਣਹਾਰ ਬਣ ਜਾਂਦੇ ਹਨ, ਭਾਵ ਇਹ ਹੈ ਕਿ ਜੋ ਕਰਮ ਅਸੀਂ ਦੇਹ ਅਭਿਮਾਨ ਸਹਿਤ ਕਰ ਰਹੇ ਹਾਂ ਉਸ ਦਾ ਫਲ ਸਾਨੂੰ ਮਿਲਣਾ ਹੀ ਹੈ। ਗਿਆਨੀ ਪੁਰਸ਼ ਜੋ ਪ੍ਰਾਲਬਧ ਅਨੁਸਾਰ ਕਰਮ ਕਰਦਾ ਹੈ, ਉਹ ਸਾਰੇ ਕਰਮਾਂ ਨੂੰ ਅਨਾਤਮ ਜਾਣਦਾ, ਪ੍ਰਾਲਬਧ ਕਰਮ ਭੋਗਦਾ ਹੈ, ਉਹ ਸਾਰੇ ਬਿਰਥੇ ਹੋ ਜਾਂਦੇ ਹਨ, ਪਾਪ ਤੇ ਪੁੰਨ ਦਾ ਉਸਨੂੰ ਲੇਪ ਨਹੀਂ ਲਗਦਾ। ਅਗਿਆਨੀ ਪੁਰਸ਼ ਦੇ ਕ੍ਰਿਆਮਾਨ ਕਰਮ ਸਮੇਂ ਅਨੁਸਾਰ ਰੂਪ ਬਦਲ ਜਾਂਦੇ ਹਨ, ਪਹਿਲਾਂ ਉਹ ਸੰਚਤ ਕਰਮ ਬਣ ਜਾਂਦੇ ਹਨ, ਫੇਰ ਪ੍ਰਾਲਬਧ ਕਰਮਾਂ ਦਾ ਰੂਪ ਬਣ ਕੇ ਭੋਗਣੇ ਪੈਂਦੇ ਹਨ। ਗਿਆਨ ਵਾਨ ਪੁਰਸ਼ ਦੇ ਸੰਚਤ ਕਰਮ ਅਭਿਮਾਨ ਰਹਿਤ ਹੋਣ ਕਰਕੇ ਕ੍ਰਿਆਹੀਨ ਹੋ ਜਾਂਦੇ ਹਨ, ਉਸ ਦੇ ਕਰਮ ਕੋਈ ਫਲ ਦੇਣ ਲਈ ਉਪਜਦੇ ਹੀ ਨਹੀਂ ਹਨ। ਇਸ ਨੂੰ ਹੋਰ ਤਰ੍ਹਾਂ ਵੀ ਸਮਝਿਆ ਜਾ ਸਕਦਾ ਹੈ ਜਿਵੇਂ ਅਸੀਂ ਭੋਜਨ ਛਕਦੇ ਹਾਂ। ਇਸ ਕਰਮ ਨੂੰ ਪ੍ਰਾਲਬਧ ਕਰਮ ਸਮਝੋ, ਭੋਜਨ ਕਰਨ ਉਪਰੰਤ ਭੋਜਨ ਦੇ ਤੱਤਾਂ ਨਾਲ ਜਦੋਂ ਪੁਸ਼ਟੀ ਹੁੰਦੀ ਹੈ ਉਨ੍ਹਾਂ ਨੂੰ ਕ੍ਰਿਆਮਾਨ ਕਰਮ ਪਛਾਣੋ। ਜਿਹੜੀ ਦੇਹੀ ਬਿਮਾਰ ਹੁੰਦੀ ਹੈ ਉਸ ਨੂੰ ਇਹ ਭੋਜਨ ਦੇ ਅੰਸ ਕੋਈ ਸ਼ਕਤੀ ਨਹੀਂ ਦਿੰਦੇ। ਜਿਹੜਾ ਅਰੋਗ ਹੈ ਉਸੇ ਦੀ ਦੇਹ ਨੂੰ ਭੋਜਨ ਦੇ ਅੰਗ ਪੁਸ਼ਟ ਕਰਦੇ ਹਨ ਅਗਿਆਨੀ ਦੇਹ ਹੰਗਤਾ ਸਹਿਤ ਕਰਮ ਕਰਕੇ ਆਪਣੇ ਆਪ ਨੂੰ ਬੰਧਾਏਮਾਨ ਕਰਦਾ ਹੈ ਜਿਵੇਂ ਰੋਗੀ ਦੇਹ ਨੂੰ ਭੋਜਨ ਦੇ ਅੰਸ ਤਕੜੇ ਨਹੀਂ ਕਰਦਾ। ਇਸੇ ਤਰ੍ਹਾਂ ਨਾਲ ਜੋ ਗਿਆਨਵਾਨ ਹੈ ਉਸ ਨੂੰ ਕਰਮਾਂ ਦਾ ਕੋਈ ਅਸਰ ਹੁੰਦਾ ਹੀ ਨਹੀਂ ਕਿਉਂਕਿ ਗਿਆਨਵਾਨ ਪੁਰਸ਼ ਕਰਮਾਂ ਦਾ ਅਭਿਮਾਨ ਨਹੀਂ ਧਾਰਦਾ। ਇਸ ਕਰਕੇ ਕਰਮਾਂ ਦਾ ਫਲ ਉਸ ਨੂੰ ਨਹੀਂ ਮਿਲਦਾ। ਨਹੀਂ ਤਾਂ ਕਰਮਾਂ ਦੀ ਮਾਲਾ ਪਤਾ ਨਹੀਂ ਕਿੰਨਿਆਂ ਕੁ ਮਣਕਿਆਂ ਦੀ ਹੋਵੇ, ਉਹ ਗਲ ਵਿਚ ਪੈ ਜਾਂਦੀ ਹੈ। ਪਰ ਜਿਨ੍ਹਾਂ ਨੇ ਤਨ ਹੰਗਤਾ ਛਡ ਦਿਤੀ ਉਨ੍ਹਾਂ ਦੇ ਗਲਾਂ ਵਿਚ ਕਰਮਾਂ ਦੀ ਮਾਲਾ ਨਹੀਂ ਪੈਂਦੀ ਉਹ ਮਾਲਾ ਨੂੰ ਲਾਹ ਕੇ ਸੁੱਟ ਦਿੰਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਮਹਾਰਾਜ ਜੀ ਨੇ ਬਾਰ-ਬਾਰ ਦਸਿਆ ਹੈ ਕਿ ਜੋ ਪੁਰਸ਼ ਹਉਮੈ ਦੇ ਰੋਗ ਕਰਕੇ ਰੋਗੀ ਹੈ, ਜਿਸ ਦੇ ਅੰਦਰ ਤਨ ਅਭਿਮਾਨ ਹੈ, ਆਪਣੀ ਵਿਦਿਆ, ਜਾਤੀ, ਆਪਣੇ ਪੈਸੇ ਟਕੇ ਦਾ ਅਭਿਮਾਨ ਹੈ ਉਹ ਪੁਰਸ਼ ਹਉਮੈ ਦੇ ਅਧੀਨ ਹੈ, ਜੰਮਣਾ ਮਰਨਾ ਉਸ ਦੇ ਗਲ ਵਿਚ ਪਿਆ ਹੀ ਰਹਿੰਦਾ ਹੈ -

***ਹਉ ਵਿਚਿ ਆਇਆ ਹਉ ਵਿਚਿ ਗਇਆ॥***
***ਹਉ ਵਿਚਿ ਜੰਮਿਆ ਹਉ ਵਿਚਿ ਮੁਆ॥***
***ਅੰਗ - 466***

ਇਤਿਆਦਿ। ਇਸੇ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਬਾਰ-ਬਾਰ ਤਾਕੀਦ ਕਰਦੇ ਹਨ ਕਿ ਪਿਆਰਿਓ! ਦੇਹ ਹੰਗਤਾ ਛੱਡੋ, ਤੁਸੀਂ ਦੇਹ ਨਹੀਂ ਹੋਂ, ਪ੍ਰਾਣ ਨਹੀਂ ਹੋਂ, ਮਨ ਬੁੱਧੀ ਅਤੇ ਆਪਣੀ ਹੋਂਦ ਦੇ ਅਭਿਮਾਨੀ ਨਹੀਂ ਹੋ, ਜੋ ਹੰਗਤਾ ਧਾਰ ਕੇ ਆਪਣੇ ਆਪ ਨੂੰ ਆਤਮਾ ਬਣਾਇਆ ਹੋਇਆ ਹੈ ਉਹ ਵੀ ਤੁਸੀਂ ਨਹੀਂ ਹੋ, ਤੁਸੀਂ ਜੀਵ ਆਤਮਾ ਹੋਂ, ਇਸ ਉਤੇ ਪੂਰਨ ਰੂਪ ਵਿਚ ਨਿਸ਼ਚਾ ਲਿਆਓ, ਫੇਰ ਕਰਮਾਂ ਦਾ ਨਾਸ਼ ਹੋ ਜਾਂਦਾ ਹੈ, ਨਹੀਂ ਤਾਂ ਹਉਮੈ ਦੇ ਅਧੀਨ ਇਹ ਲੱਖਾਂ ਕ੍ਰੋੜਾਂ ਜੂਨੀਆਂ ਵਿਚ ਘੁੰਮਦਾ ਰਹਿੰਦਾ ਹੈ, ਫੇਰ ਇਸ ਨੂੰ ਪਛਤਾਉਣਾ ਪੈਂਦਾ ਹੈ। ਫੇਰ ਪਤਾ ਨਹੀਂ ਕਿੰਨਿਆਂ ਕੁ ਜਨਮਾਂ ਵਿਚ ਇਸ ਨੇ ਘੁੰਮੇਟਣੀਆਂ ਲੈਂਦੇ ਰਹਿਣਾ ਹੈ। ਇਹ ਤਨ ਹੰਗਤਾ ਅਗਿਆਨ ਤੋਂ ਪੈਦਾ ਹੁੰਦੀ ਹੈ, ਤਨ ਹੰਗਤਾ ਤੋਂ ਮਮਤਾ

ਪੈਦਾ ਹੁੰਦੀ ਹੈ ਮਮਤਾ ਤੋਂ ਸਾਰੇ ਵਿਕਾਰ ਪੈਦਾ ਹੁੰਦੇ ਸਨ। ਸੋ ਸਾਰੇ ਉਪਰ ਦੱਸੇ ਦਾ ਸਾਰ ਇਹ ਹੈ ਕਿ ਸਮਰੱਥ ਸਤਿਗੁਰੂ ਨੂੰ ਮਿਲ ਕੇ ਨਾਮ ਦੀ ਕਮਾਈ ਕਰਕੇ ਨਾਮ ਧਨ ਸੰਚਤ ਕਰਨਾ ਪੈਂਦਾ ਹੈ ਅਤੇ ਇਸ ਝੂਠੀ ਮੈਂ ਨੂੰ, ਨਕਲੀ ਰੂਹ ਨੂੰ ਆਪਣਾ ਆਪ ਨਾ ਸਮਝੋ, ਸਾਡਾ ਸਰੂਪ ਆਤਮਾ ਹੈ, ਆਤਮਾ ਤੇ ਪ੍ਰਮਾਤਮਾ ਇਕੋ ਹਨ, ਓਹੋ ਆਤਮਾ ਬ੍ਰਹਮ ਹੈ, ਓਹੀ ਸਤਿ ਹੈ, ਓਹੀ ੧ਓਂ ਹੈ, ਉਸ ਨੇ ਸਾਰੇ ਸੰਸਾਰ ਵਿਚ ਪਸਾਰਾ ਕੀਤਾ ਹੋਇਆ ਹੈ।

ਅਗਿਆਨ ਕੀ ਹੈ, ਮਾਇਆ ਕੀ ਹੈ, ਅਵਿਦਿਆ ਕੀ ਹੈ, ਬੰਧਨ ਕੀ ਹੈ, ਮੌਤ ਕੀ ਹੈ, ਜਾਗ੍ਰਤ, ਸੁਪਨ, ਸਖੋਪਤ ਇਹ ਅਵਸਥਾਵਾਂ ਕੀ ਹਨ, ਮੂਰਛਾ ਕੀ ਹੈ, ਤੁਰੀਆ ਅਵਸਥਾ ਕੀ ਹੈ, ਸਾਖੀ ਕੀ ਹੈ, ਜੀਵ ਕੀ ਹੁੰਦਾ ਹੈ, ਪੰਚ ਕੋਸ਼ ਕੀ ਹੁੰਦੇ ਹਨ, ਇਹ 15 ਪ੍ਰਸ਼ਨ ਹਨ ਜਿਨ੍ਹਾਂ ਦੀ ਵਿਆਖਿਆ ਹੁਣ ਨਹੀਂ ਕੀਤੀ ਜਾ ਸਕਦੀ। ਕਦੇ ਸਮਾਂ ਮਿਲਿਆ ਤਾਂ ਇਸ ਦੀ ਵਿਆਖਿਆ ਕਰਨ ਦੀ ਗੁਰੂ ਪ੍ਰੇਰਨਾ ਅਨੁਸਾਰ ਕੋਸ਼ਿਸ਼ ਕੀਤੀ ਜਾਵੇਗੀ। ਹੁਣ ਤਾਂ ਜੋ ਗੁਰੂ ਵਾਕ ਸਰਵਣ ਕੀਤਾ ਹੈ ਉਹ ਕਰਮਾਂ ਨਾਲ ਸਬੰਧ ਰਖਦਾ ਹੈ। ਉਸ ਵਿਚ ਆਇਆ ਸੀ –

*ਤਾ ਕੀ ਰਜਾਇ ਲੇਖਿਆ ਪਾਇ*
*ਅਬ ਕਿਆ ਕੀਜੈ ਪਾਂਡੇ॥*
*ਹੁਕਮੁ ਹੋਆ ਹਾਸਲੁ ਤਦੇ ਹੋਇ*
*ਨਿਬੜਿਆ ਹੰਢਹਿ ਜੀਅ ਕਮਾਂਦੇ॥ ਅੰਗ – 653*

ਇਸਦਾ ਤਾਤਪ੍ਰਜ ਇਹ ਹੈ ਕਿ ਜੋ ਵਾਹਿਗੁਰੂ ਜੀ ਦਾ ਹੁਕਮ ਹੈ ਉਸ ਨੇ ਕਰਮਾਂ ਨੂੰ ਨਾਪ ਤੋਲ ਕੇ, ਜੋਖ ਕੇ ਸੁਖ ਅਤੇ ਦੁਖ, ਸੰਜੋਗ ਅਤੇ ਵਿਜੋਗ ਲਿਖੇ ਹਨ, ਉਨ੍ਹਾਂ ਲੇਖਾਂ ਦੇ ਮੁਤਾਬਿਕ ਹੀ ਕੁਝ ਮਿਲਦਾ ਹੈ। ਜੇ ਲੇਖ ਧੁਰ ਦਰਗਾਹ ਦੇ ਲੇਖ ਨਾ ਹੋਣ ਤਾਂ ਖਾਲੀ ਭੱਥੇ ਨੂੰ ਕੀ ਕੀਤਾ ਜਾਵੇ। ਜਦੋਂ ਵਾਹਿਗੁਰੂ ਜੀ ਦਾ ਹੁਕਮ ਮਿਲਿਆ ਤਦੇ ਹੀ ਜੋ ਕੁਝ ਹੋਣਾ ਸੀ ਸੋ ਹੋ ਚੁਕਿਆ ਹੈ, ਉਸੇ ਲੇਖੇ ਅਨੁਸਾਰ ਹੀ ਹੁਣ ਜੀਵ ਕਮਾਈ ਕਮਾਉਂਦੇ ਹਨ। ਹਰ ਇਕ ਦੇ ਨੱਕ ਵਿਚ ਹੁਕਮ ਰੂਪੀ ਨਕੇਲ ਪਈ ਹੋਈ ਹੈ। ਇਸ ਨੂੰ ਲਗਾਮ ਜਾਂ ਨਕੇਲ ਕਹੋ ਵਾਹਿਗੁਰੂ ਜੀ ਨੇ ਆਪਣੇ ਹੱਥ ਵਿਚ ਫੜੀ ਹੋਈ ਹੈ। ਕੀਤੇ ਹੋਏ ਕਰਮ ਕਿਰਤ ਬਣਦੇ ਹਨ ਯਾਨਿ ਕਰਮਾਂ ਅਨੁਸਾਰ ਆਦਮੀ ਦਾ ਸੁਭਾਅ ਬਣਦਾ ਹੈ ਜੋ ਮਨੁੱਖ ਨੂੰ ਧੱਕ ਕੇ ਚਲਾਉਂਦਾ ਹੈ। ਭਾਵ ਜੋ ਕੁਝ ਮਨੁੱਖ ਹੁਣ ਕਰਦਾ ਹੈ ਉਹ ਉਸਦੇ ਪਿਛੇ ਕੀਤੇ ਹੋਏ ਕਰਮਾਂ ਨਾਲ ਬਣੇ ਸੁਭਾਅ ਅਨੁਸਾਰ ਹੁੰਦਾ ਹੈ। ਇਸ ਨੂੰ ਸਪਸ਼ਟ ਕਰਨਾ ਬਹੁਤ ਮੁਸ਼ਕਲ ਹੈ ਕਿਉਂਕਿ ਕਈ ਲੋਕ ਜੋ ਕਰਮ ਫਿਲਾਸਫੀ ਨੂੰ ਮੰਨਦੇ ਹਨ ਅਤੇ ਕਹਿੰਦੇ ਹਨ ਕਿ ਜਿਵੇਂ ਮਨੁੱਖ ਦੇ ਕਰਮ ਹੁੰਦੇ ਹਨ ਤਿਵੇਂ ਹੀ ਉਨ੍ਹਾਂ ਦਾ ਫਲ ਮਨੁੱਖ ਆਪਣੇ ਆਪ ਭੋਗ ਲੈਂਦਾ ਹੈ। ਕਰਮ ਤੇ ਉਨ੍ਹਾਂ ਦਾ ਫਲ ਕਾਰਨ ਤੇ ਕਾਰਜ ਵਾਕਰ ਆਪੇ ਹੀ ਕੰਮ ਕਰਦੇ ਹਨ। ਇਸ ਸਿਲਸਿਲੇ ਵਿਚ ਰੱਬ ਦੇ ਦਾਖਲ ਹੋਣ ਦੀ ਗੁੰਜਾਇਸ਼ ਨਹੀਂ ਕਿਉਂਕਿ ਬੁੱਧ ਮਤ ਇਸ ਤਰ੍ਹਾਂ ਮੰਨਦਾ ਹੈ ਕਿ ਜੀਵ ਨੂੰ ਕਰਮ ਆਪਣੇ ਆਪ ਆਪਣੀ ਸ਼ਕਤੀ ਨਾਲ ਚਲਾਉਂਦੇ ਹਨ ਪਰ ਗੁਰਮਤਿ ਵਿਚ ਅਸੀਂ ਮੰਨਦੇ ਹਾਂ ਕਿ ਕਰਮਾਂ ਦਾ ਫਲ ਦੇਣਹਾਰਾ ਵਾਹਿਗੁਰੂ ਜੀ ਹੈ ਉਸ ਦੇ ਹੱਥ ਵਿਚ ਹੀ ਹੁੰਦਾ ਹੈ ਕਿ ਆਪਣੇ ਹੁਕਮ ਦੇ ਮੁਤਾਬਿਕ ਉਨ੍ਹਾਂ ਕਰਮਾਂ ਦੇ ਫਲ ਜੋ ਕ੍ਰਿਆਮਾਨ ਅਤੇ ਸੰਚਤ ਕਰਮਾਂ ਦੇ ਫਲ ਵਿਚ ਭੋਗਣਾ ਸੀ ਉਹ ਭੋਗਣਾ ਹੀ ਪੈਂਦਾ ਹੈ। ਅਸੀਂ ਮੰਨਦੇ ਹਾਂ ਕਿ ਵਾਹਿਗੁਰੂ ਜੀ ਕਰਨ ਕਾਰਣ ਸਮਰੱਥ ਹਨ, ਕਰਮ ਵਾਹਿਗੁਰੂ ਜੀ ਦੇ ਹੱਥ ਵਿਚ ਹੈ ਵਾਹਿਗੁਰੂ ਜੀ ਦੀ ਹੁਕਮ ਸ਼ਕਤੀ ਨਾਲ ਕਰਮਾਂ ਨੂੰ ਸੱਤਾ ਮਿਲਦੀ ਹੈ ਅਤੇ ਉਹ ਕਰਮ ਜੀਵ ਨੂੰ ਨਚਾਉਂਦੇ ਟਪਾਉਂਦੇ ਹਨ। ਖੁਸ਼ੀ ਤੇ ਗਮੀ ਵਿਚ ਲਿਜਾਂਦੇ ਹਨ, ਕਰਮਾਂ ਦੇ ਉਤੇ ਵਾਹਿਗੁਰੂ ਜੀ ਦਾ ਨਿਅੰਤਰਣ ਹੈ। ਮਹਾਰਾਜ ਜੀ ਦਾ ਫੁਰਮਾਨ ਹੈ –

*ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ॥*
*ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ॥*
*ਅੰਗ – 148*

ਸਾਡੇ ਕਰਮਾਂ ਦਾ ਕਾਰਨ ਹਰੀ ਆਪ ਖੜ੍ਹਾ ਕਰ ਸਕਦਾ ਹੈ ਅਤੇ ਫਿਰ ਕਰਮ ਭੀ ਆਪਣੇ ਫਲ ਆਪੇ ਹੀ ਨਹੀਂ ਪੈਦਾ ਕਰ ਸਕਦੇ। ਹਰੀ ਦੀ ਰਜ਼ਾ ਕਰਮਾਂ ਨੂੰ ਵਿਚਾਰ ਕੇ ਫਲ ਦਿੰਦੀ ਹੈ –

***ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ॥***
***ਅੰਗ – 1241***

ਹੁਕਮ ਤਾਂ ਕਰਤੇ ਦੇ ਵਸ ਹੈ ਪਰ ਉਹ ਹੁਕਮ ਕਰਦਾ ਸਾਡੇ ਕਰਮਾਂ ਨੂੰ ਵੇਖ ਕੇ ਹੈ, ਅੰਨ੍ਹੇਵਾਹ ਨਹੀਂ ਹੁਕਮ ਚਾੜ੍ਹ ਦਿੰਦਾ।

ਸਾਰੀਆਂ ਗੱਲਾਂ ਦਾ ਵਾਹਿਗੁਰੂ ਨੇ ਆਪ ਹੀ ਪ੍ਰਬੰਧ ਕੀਤਾ ਹੋਇਆ ਹੈ। ਆਪੇ ਉਸ ਨੂੰ ਪਾਲਦਾ ਹੈ, ਆਪੇ ਉਸਦਾ ਵਿਨਾਸ਼ ਕਰਦਾ ਹੈ, ਆਪੇ ਹੀ ਸਮੇਟਦਾ ਹੈ, ਆਪੇ ਹੀ ਪਾਲਦਾ ਹੈ, ਆਪਣੇ ਦਾਸਾਂ ਨੂੰ ਪਿਆਰ ਕਰਦਾ ਹੈ ਅਤੇ ਆਪੇ ਹੀ ਆਪਣੀ ਮਿਹਰ ਦੇ ਨਾਲ ਨਦਰ ਨਿਹਾਲ ਕਰਦਾ ਹੈ, ਰਾਗ, ਦ੍ਵੈਤ ਭਾਵ ਨੂੰ ਸਾੜ ਦਿੰਦਾ ਹੈ। ਜੋ ਉਸਦੀ ਭਗਤੀ ਕਰਦੇ ਹਨ ਉਨ੍ਹਾਂ ਦੇ ਅੰਦਰੋਂ ਦ੍ਵੈਤ ਨੂੰ ਵਾਹਿਗੁਰੂ ਜੀ ਪੂਰੀ ਤਰ੍ਹਾਂ ਨਾਸ਼ ਕਰ ਦਿੰਦੇ ਹਨ ਅਤੇ ਉਹ ਨਾਮ ਰੰਗ ਵਿਚ ਸਦਾ ਹੀ ਅਨੰਦ ਮਾਣਦੇ ਹਨ, ਉਹ

( ਬਾਕੀ ਪੰਨਾ 63 ਤੇ)

# ਚੌਥੇ ਰਤਨ
# ਬਾਬਾ ਬੀਰ ਸਿੰਘ ਜੀ ਨੌਰੰਗਾਬਾਦ

ਮਾਝੇ ਦੀ ਪਾਵਨ ਧਰਤੀ ਇਕ ਗੁਣ ਭਰਪੂਰ ਤੇ ਸ਼ਕਤੀਸ਼ਾਲੀ ਬੀਰ ਧਰਮ ਪੁਤਰ ਤੇ ਤਿਆਗੀ ਕਰਮਬੀਰ ਸਤਿ ਪੁਰਖਾਂ ਦੀ ਜਨਮ ਭੂਮੀ ਹੈ। ਇਸ ਧਰਤੀ ਪਰ ਹਰ ਸਮੇਂ ਹਰ ਮੋਰਚੇ ਦਾ ਮੋਹਰੀ ਤੇ ਨਵੇਂ ਸਮੇਂ ਤੇ ਨਵੇਂ ਰਾਹ ਪੈਦਾ ਕਰਨ ਵਾਲਾ ਕੋਈ ਨ ਕੋਈ ਮਰਦ ਪੈਦਾ ਹੁੰਦਾ ਰਿਹਾ ਹੈ।

ਇਸ ਧਰਤੀ ਦਾ ਚੱਪਾ-ਚੱਪਾ ਸਿਖ ਸਤਿਗੁਰਾਂ ਦੇ ਚਰਨਾਂ ਦੀ ਛੋਹ ਪ੍ਰਾਪਤ ਅਤੇ ਰਿਸ਼ੀਆਂ ਰਾਹੀਂ ਵੇਦ ਉਚਾਰਨਹਾਰਾ ਸੀ ਅਤੇ ਰਮਾਇਣ ਦੇ ਮਹਾਨ ਕਰਤਾ ਤੁਲਸੀ ਦਾਸ, ਸਈਅਦ ਬੁਲੇਸ਼ਾਹ, ਸਾਈਂ ਮੀਆਂ ਮੀਰ ਤੇ ਹੋਰ ਅਨੇਕ ਗੁਣ ਭਰਪੂਰ ਮਹਾਪੁਰਖਾਂ ਤੇ ਸ਼ਹੀਦਾਂ ਦੇ ਖ਼ੂਨ ਨਾਲ ਪਵਿਤਰ ਹੋਈ ਧਰਤੀ ਹੈ, ਜਿਸਨੇ ਕਦੇ ਵੀ ਪੰਜਾਬ ਨੂੰ ਅਗਵਾਈ ਦੇਣ ਵਿਚ ਪਿਛਾਂਹ ਕਦਮ ਨਹੀਂ ਹਟਾਏ। ਇਸੇ ਰੰਗ ਰੱਤੀ ਹੋਈ ਧਰਤੀ ਦੇ ਇਕ ਨਗਰ ਗਗੋਬੂਏ ਵਿਖੇ ਸਾਵਨ ਸੁੱਦੀ ਤੀਜ, ਦਿਨ ਬੁਧਵਾਰ ਮੁਤਾਬਕ ੧੯੨੫ ਬਿਕ੍ਰਮੀ ਨੂੰ ਸਰਦਾਰ ਸੇਵਾ ਸਿੰਘ ਦੇ ਗ੍ਰਹਿ ਵਿਖੇ ਅੰਮ੍ਰਿਤ ਵੇਲੇ ਸਵਾ ਪਹਿਰ ਰਾਤ ਰਹਿੰਦੇ ਇਕ ਅਸਚਰਜ ਬਾਲਕ ਨੇ ਜਨਮ ਲਿਆ। ਮਾਤਾ ਨੇ ਤੱਕਿਆ, ਬਾਲਕ ਦਾਈ ਦੇ ਆਉਣ ਤੋਂ ਪਹਿਲਾਂ ਹੀ ਉਸਦੀ ਗੋਦੀ ਅੰਦਰ ਖੇਲ੍ਹਣ ਲਗਾ ਤੇ ਕੋਈ ਵੀ ਨ ਸਮਝ ਸਕਿਆ। ਹੋਰ ਬੱਚਿਆਂ ਵਾਂਗ ਨ ਇਹ ਰੋਇਆ ਤੇ ਨਾ ਹੀ ਮਾਤਾ ਨੇ ਕੋਈ ਪੀੜਾਂ ਆਦਿਕ ਦੀ ਸ਼ਕਾਇਤ ਹੀ ਕੀਤੀ। ਮਾਤਾ ਪਿਤਾ ਦਾ ਕਾਲਜਾ ਮਲ੍ਹਾਰਾਂ ਨਾਲ ਬਾਹਰ ਨੂੰ ਆ ਰਿਹਾ ਸੀ। ਸਾਰਾ ਨਗਰ ਹੀ ਇਸ ਅਸਚਰਜ ਬਾਲਕ ਦੀ ਜਨਮ ਕਥਾ ਸੁਣਕੇ ਦੀਦ ਪਾਉਣ ਹਿਤ ਪੁਜ ਗਿਆ। ਸਾਰਿਆਂ ਨੇ ਇਹ ਸਮਝਕੇ ਮਾਈ ਨੂੰ ਵਧਾਈ ਦਿੱਤੀ ਕਿ ਇਹ ਬਾਲਕ ਗੁਰੂ ਹਰਿਗੋਬਿੰਦ ਸਾਹਿਬ ਦੇ, ਨਗਰ ਨੂੰ ਦਿਤੇ ਹੋਏ ਵਰ, ਕਿ "ਤੁਹਾਡੀ ਕੁਲ ਅੰਦਰ ਇਕ ਮਹਾਨ ਗੁਰਮੁਖ ਸਿਖ, ਕੁਲ ਉਧਾਰਨ ਹਿਤ ਆਵੇਗਾ, ਨਿਸ਼ਾਨੀ ਇਹ ਹੋਵੇਗੀ ਕਿ ਜਨਮ ਸਮੇਂ ਹੀ ਹੱਸੇਗਾ।" ਸੋ ਨਗਰ ਵਾਸੀ ਇਹ ਸਮਝਣ ਲਗੇ ਕਿ ਇਹ ਵੱਡਾ ਹੋ ਕੇ ਨਗਰ ਦਾ ਕਲਿਆਣ ਤੇ ਮਹਾਨ ਯਸ ਪੈਦਾ ਕਰੇਗਾ।

ਜਦੋਂ ਸਵਾ ਮਹੀਨੇ ਪਿਛੋਂ ਧਰਮਸਾਲਾ ਵਿਖੇ ਕੜਾਹ ਪ੍ਰਸ਼ਾਦਿ ਕਰਵਾ ਕੇ ਨਾਮ ਰਖਿਆ ਤਦ-

*"ਬ੍ਰਹਮੁ ਬਿੰਦੈ ਤਿਸਦਾ ਬ੍ਰਹਮਤੁ ਰਹੈ"(ਪੰਨਾ-੬੪੯)* ਦਾ ਮਹਾਂਵਾਕ ਆਇਆ ਜਿਸ ਕਰਕੇ "ਬ" ਅਖਰ ਤੋਂ ਨਾਮ ਬੀਰ ਸਿੰਘ ਰਖਿਆ ਗਿਆ। ਇਸ ਤਰ੍ਹਾਂ ਮਾਂ ਦੀ ਗੋਦੀ, ਟੱਬਰ ਦੇ ਪਿਆਰ ਤੇ ਗਵਾਂਢੀਆਂ ਦੇ ਚਾਉ ਮਲ੍ਹਾਰ ਨੇ ਬੀਰ ਸਿੰਘ ਜੀ ਨੂੰ ਪੰਜ ਸਾਲ ਦੀ ਉਮਰ ਨੂੰ ਪੁਜਾਇਆ। ਉਹ ਹੋਰਨਾਂ ਬਚਿਆਂ ਵਾਂਗ, ਖੇਡਣ ਤੋਂ ਸੰਕੋਚ ਕਰਕੇ, ਚੁਪ ਕਰਕੇ ਇਕਾਂਤ ਵਿਚ ਬੈਠੇ ਰਹਿਣਾ ਬਹੁਤ ਪਸੰਦ ਕਰਦੇ ਸਨ। ਫਿਰ ਛੋਟੀ ਅਵਸਥਾ ਵਿਚ ਹੀ ਉਨ੍ਹਾਂ ਨੂੰ ਧਰਮਸਾਲ ਵਿਚ ਪੜ੍ਹਨ ਬਿਠਾ ਦਿਤਾ। ਥੋੜ੍ਹੇ ਹੀ ਸਮੇਂ ਵਿਚ ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਗ੍ਰਹਿਣ ਕਰ ਲਈ ਤੇ ਫਿਰ ਜਿੰਨਾਂ ਕੁਝ ਹੋਰ ਵੇਦਾਂਤ ਆਦਿਕ ਗ੍ਰੰਥਾਂ ਦੀ ਸਮਝ ਡੇਰੇ ਦੇ ਬਾਬਾ ਜੀ ਪਾਸ ਸੀ, ਉਹ ਉਸਤੋਂ ਅਧਿਕ, ਕਿਤਾਬਾਂ ਤੋਂ ਲੈ ਗਏ। ਬੁੱਧੀ ਇਤਨੀ ਤੀਖਣ ਤੇ ਪ੍ਰਬਲ ਸੀ ਕਿ ਉਹ ਇਕ ਵਾਰੀ ਤੋਂ ਵੱਧ ਕੋਈ ਵੀ ਸੰਥਿਆ ਪ੍ਰਾਪਤ ਕਰਨ ਦੀ ਲੋੜ ਨਹੀਂ ਪ੍ਰਤੀਤ ਕਰਦੇ ਸਨ। ਸਾਰਉਕਤਾਵਲੀ, ਵਿਚਾਰ ਸਾਗਰ ਤੇ ਯੋਗ ਵਸ਼ਿਸ਼ਟ ਆਦਿਕ ਗ੍ਰੰਥਾਂ ਦੀ ਪੜ੍ਹਾਈ ਨੇ ਉਹਨਾਂ ਨੂੰ ਪੂਰਨ ਵੇਦਾਂਤ ਮਾਰਗੀ ਬਣਾ ਦਿੱਤਾ। ਇਸ ਤਰ੍ਹਾਂ ਉਹ ਬਗੈਰ ਕਿਤੇ ਦੂਰ ਪੜ੍ਹਨ ਜਾਣ ਦੇ ਹੀ ਇਕ ਚੰਗੇ ਵਿਦਵਾਨ ਬਣ ਗਏ। ਪਰ ਉਹ ਇਕ ਤਰ੍ਹਾਂ ਘਾਟ ਮਹਿਸੂਸ ਕਰਦੇ ਸਨ ਕਿ ਕੋਈ ਵੱਡੀ ਕਮੀ ਹੈ ਜੋ ਹਰ ਕੀਮਤ ਪਰ ਦੂਰ ਕਰਨੀ ਹੈ, ਪਰ ਉਹ ਕਮੀ ਕਿਹੜੀ ਹੈ, ਉਹ ਅਨੁਭਵ ਕਰਦੇ ਹੋਏ ਵੀ ਦਸਣ ਤੋਂ ਅਸਮਰਥ ਸਨ ਕਿਉਂਕਿ ਘਰ ਵਾਲਿਆਂ ਨੇ ਸਮਝਣਾ ਸੀ ਕਿ ਇਹ ਘਰ ਛਡ ਕੇ ਕਿਧਰੇ ਭੱਜਣ ਦੀ ਤਿਆਰੀ ਕਰ ਰਿਹਾ ਹੈ।

ਉਸ ਸਮੇਂ ਫੌਜੀ ਨੌਕਰੀ ਇਕ ਤਰ੍ਹਾਂ ਖਾਨਦਾਨੀ ਪੇਸ਼ਾ ਹੀ ਸੀ। ਬੀਰ ਸਿੰਘ ਜੀ ਦੇ ਪਿਤਾ ਸਰਦਾਰ ਸੇਵਾ ਸਿੰਘ ਜੀ ਵੀ ਪਲਟਨ ਵਿਚ ਸਨ। ਜਦੋਂ ਉਹ ਮੁਲਤਾਨ ਦੀ ਲੜਾਈ ਅੰਦਰ ਸ਼ਹੀਦ ਹੋ ਗਏ ਤਦ ਫਿਰ ਉਹਨਾਂ ਦੀ ਜਗ੍ਹਾ ਲਈ ਆਪ ਨੂੰ ਸੱਦਾ ਦਿਤਾ ਗਿਆ। ਸਿਪਾਹੀਗਿਰੀ ਵਿਚ ਉਸ ਸਮੇਂ ਇਜ਼ਤ ਵੀ ਸੀ ਤੇ ਆਮ ਘਰਾਂ ਲਈ ਆਮਦਨੀ ਦਾ ਜ਼ਰੀਆ ਵੀ ਸੀ। ਸੋ ਘਰਦਿਆਂ ਨੇ ਖੁਸ਼ੀ ਨਾਲ ਹੀ ਇਹ ਗੱਲ ਪ੍ਰਵਾਨ ਕਰ ਲਈ ਤੇ ਬੀਰ ਸਿੰਘ ਜੀ ਨੇ ਅਪਣੇ ਅੰਦਰ ਜੋ ਘਾਟ ਮਹਿਸੂਸ ਕੀਤੀ ਸੀ, ਇਹ ਵੀ ਪੂਰੀ ਹੋਣ ਲਈ ਸਮਾਂ ਮਿਲਦਾ ਨਜ਼ਰ ਆਇਆ। ਸੋ ਆਪ ਜੀ ਘੋੜ ਚੜ੍ਹੇ ਸਵਾਰਾਂ ਅੰਦਰ ਸ਼ਾਮਲ ਹੋ ਗਏ।

ਬੀਰ ਸਿੰਘ ਜੀ ਬਾਣੀ ਘਰੋਂ ਹੀ ਸਿਖ ਕੇ ਤੇ ਯਾਦ ਕਰਕੇ ਲਿਆਏ ਸਨ ਜੋ ਹਰ ਸਮੇਂ ਪਾਠ ਅੰਦਰ ਮਸਤ ਡਿਊਟੀ ਦੇ ਕੇ, ਹਰ ਮੋਰਚੇ ਸਮੇਂ ਆਪ, ਸਾਹਵੇਂ ਡਟਕੇ

ਮੁਕਾਬਲਾ ਕਰਦੇ। ਸੋ ਆਪ ਜੀ ਨੇ ਆਪਦੇ ਮਾਲਕ ਦਰਬਾਰੀ ਤੇ ਹੋਰ ਸਾਥੀ ਸਿਪਾਹੀਆਂ ਪਰ ਧਾਰਮਿਕ ਵਡੱਪਣ ਦੀ ਮੋਹਰ ਛਾਪ ਲਗਾ ਦਿਤੀ। ਅਸਲ ਵਿਚ ਸਫਲ ਮਨੁੱਖ ਉਹੀ ਹੈ ਜੋ ਕਿ ਹਰ ਮਹਾਜ਼ ਵਿੱਚ ਸਫਲ ਹੈ। ਜੋ ਇਕ ਜਗ੍ਹਾ ਸਫਲ ਨਹੀਂ, ਉਹ ਦੂਸਰੀ ਜਗ੍ਹਾ ਸਫਲਤਾ ਦੀ ਘਟ ਹੀ ਆਸ ਰੱਖ ਸਕਦਾ ਹੈ। ਬਾਬਾ ਬੀਰ ਸਿੰਘ ਜੀ ਦੇ ਨਗਰ ਦਾ ਇਕ ਹੋਰ ਸਿਪਾਹੀ ਵੀ ਏਸੇ ਹੀ ਜਗ੍ਹਾ ਪਲਟਨ ਵਿਚ ਸੀ। ਇਹ ਸਤਸੰਗੀ, ਅਭਿਆਸੀ ਤੇ ਉਚੇ ਵਿਚਾਰਾਂ ਦਾ ਗੁਰਸਿੱਖ ਸੀ। ਉਸਦੀ ਰੁਚੀ, ਬੋਲ ਚਾਲ ਤੇ ਜੀਵਨ ਦਾ ਚੱਜ ਆਚਾਰ ਹਰ ਕਿਸੇ ਨੂੰ ਹੀ ਪ੍ਰਭਾਵਿਤ ਕਰਦਾ ਸੀ। ਬਾਬਾ ਬੀਰ ਸਿੰਘ ਜੀ ਨੇ ਇਸ ਨਾਲ ਸਹਿਚਾਰ ਵਧਾਇਆ ਤੇ ਉਹਨਾਂ ਦੇ ਅੰਦਰੋਂ ਹੀ ਕਿਸੇ ਖੂੰਜੇ ਵਿਚੋਂ ਇਹ ਅਵਾਜ਼ ਨਿਕਲੀ ਕਿ ਇਹੀ ਤੇਰੇ ਅੰਦਰ ਵਸ ਰਹੀ ਘਾਟ ਨੂੰ ਦੂਰ ਕਰਨ ਲਈ ਉਪਰਾਲਾ ਪੈਦਾ ਕਰੇਗਾ। ਇਹ ਸੱਜਣ ਬਾਬਾ ਭਾਗ ਸਿੰਘ ਜੀ ਕੁਰੀ ਵਾਲਿਆਂ ਦਾ ਸੇਵਕ ਸੀ। ਸਿਮਰਨ ਦੀ ਲਗਨ ਤੇ ਭਾਗਾਂ ਦੀ ਖਿਚ ਕਰਕੇ ਇਹ ਨੌਕਰੀ ਛੱਡਕੇ ਕੁਰੀ ਸੰਤਾਂ ਪਾਸ ਹੀ ਜਾ ਟਿਕਿਆ ਸੀ। ਇਹ ਉਥੋਂ ਹੋਰ ਕਿਧਰੇ ਨਾ ਗਿਆ ਸਗੋਂ ਸਦਾ ਲਈ ਬਾਬਾ ਜੀ ਦਾ ਹੀ ਹੋ ਕੇ ਰਹਿ ਗਿਆ। ਨੌਕਰੀ ਤੋਂ ਜਾਣ ਸਮੇਂ ਇਹ ਸੰਗੀ ਸਾਥੀ ਤੇ ਉਚ ਵਿਚਾਰਵਾਨ ਹੋਣ ਕਰਕੇ ਬਾਬਾ ਬੀਰ ਸਿੰਘ ਜੀ ਨੂੰ ਇਹ ਪੱਕੀ ਕਰ ਗਿਆ ਕਿ ਜੇਕਰ ਕਦੇ ਰਾਵਲਪਿੰਡੀ ਤੋਂ ਘਰ ਨੂੰ ਵੀ ਜਾਉ, ਤਦ ਬਾਬਿਆਂ ਦੇ ਦਰਸ਼ਨ ਕੀਤੇ ਬਗੈਰ ਨਹੀਂ ਜਾਣਾ। ਉਨ੍ਹਾਂ ਭਰੋਸਾ ਦਵਾਇਆ ਸੀ ਕਿ ਦਰਸ਼ਨ ਕਰਨ ਪਿਛੋਂ ਤੁਹਾਨੂੰ ਮਾਨਸਿਕ ਤਸੱਲੀ ਤੇ ਆਤਮਿਕ ਸ਼ਾਂਤੀ ਪ੍ਰਾਪਤ ਹੋਵੇਗੀ, ਇਹ ਗੱਲ ਬਾਬਾ ਬੀਰ ਸਿੰਘ ਜੀ ਦੇ ਹਿਰਦੇ ਵਿੱਚ ਸਮਾ ਗਈ ਸੀ। ਮੇਰੀ ਜੀਵਨ ਯਾਤਰਾ ਸਫ਼ਲ ਹੀ ਉਥੇ ਜਾ ਕੇ ਹੋਣੀ ਹੈ, ਉਹੀ ਮੇਰਾ ਅਸਥਾਨ ਹੈ ਤੇ ਉਸ ਦੀ ਖੋਜ ਵਿਚ ਮੈਂ ਜੀਵਨ ਭਰ ਤੋਂ ਭਟਕਦਾ ਫਿਰ ਰਿਹਾ ਹਾਂ। ਉਹ ਬਾਣੀ ਦਾ ਪਾਠ ਕਰਦੇ ਸਨ, ਗੁਰਦਵਾਰੇ ਜਾ ਕੇ ਸੇਵਾ ਝਾੜੂ ਦੇਂਦੇ, ਗ੍ਰੰਥੀ ਦੀ ਪੂਰੀ ਸੇਵਾ ਕਰਦੇ, ਗੁਰਦਵਾਰੇ ਝਾੜੂ ਤੇ ਦਰੀਆਂ ਦੀ ਸੇਵਾ ਵਿਚ ਰਹਿੰਦੇ। ਤਨਖਾਹ ਦੇ ਜੋ ਪੈਸੇ ਬਚਦੇ ਸਨ, ਉਹ ਸਾਰੇ ਗਰੀਬ ਸਾਥੀਆਂ ਵਿਚ ਹੀ ਵੰਡ ਦੇਂਦੇ ਸਨ। ਫਿਰ ਜਦੋਂ ਉਹਨਾਂ ਨੇ ਇਹ ਫੈਸਲਾ ਕੀਤਾ ਕਿ ਨੌਕਰੀ ਛੱਡਕੇ, ਇਕ ਦਮ ਵੈਰਾਗਮਈ ਤਪੀ ਸਾਧਨ ਤੇ ਵਾਹਿਗੁਰੂ ਜੀ ਦੀ ਯਾਦ ਵਿਚ ਜੀਵਨ ਬਸਰ ਕਰਨਾ ਹੈ, ਤਦ ਇਹ ਵੀ ਨਾਲ ਹੀ ਮਨ ਵਿਚ ਸੋਚ ਲਿਆ ਕਿ ਉਹ ਇਥੋਂ ਸਿੱਧੇ ਕੁਰੀ ਹੀ ਜਾਣਗੇ ਤੇ ਜਿਸ ਤਰ੍ਹਾਂ ਵੀ ਮਹਾਂਪੁਰਖ ਉਹਨਾਂ ਨੂੰ ਆਗਿਆ ਦੇਣਗੇ, ਉਹ ਉਸੇ ਹੀ ਤਰ੍ਹਾਂ ਜੀਵਨ ਬਸਰ ਕਰਨਗੇ।

ਫਿਰ ਉਨ੍ਹਾਂ ਨੇ ਆਪਣੀ ਰਜਮੈਂਟ ਦੇ ਇੰਚਾਰਜ਼ ਨੂੰ ਕਿਹਾ ਕਿ ਉਨ੍ਹਾਂ ਨੂੰ ਪੱਕੀ ਛੁਟੀ ਦੇ ਦਿਤੀ ਜਾਵੇ। ਜਦੋਂ ਸਾਹਿਬ ਨੂੰ ਇਹ ਪਤਾ ਲਗਿਆ ਕਿ ਮਹਾਤਮਾ ਦੀ ਸੇਵਾ ਵਿਚ ਜਾ ਕੇ ਬਾਕੀ ਦਾ ਜੀਵਨ ਸਾਧੂ ਹੋ ਕੇ ਬਤੀਤ ਕਰਨਾ ਚਾਹੁੰਦੇ ਹਨ, ਤਦ ਉਸਨੇ ਪੂਰੀ ਤਰ੍ਹਾਂ ਯਤਨ ਕੀਤਾ ਕਿ ਕਿਸੇ ਤਰ੍ਹਾਂ ਉਹ ਟਲ ਜਾਣ। ਸੋ ਉਹਨਾਂ ਨੇ ਹਰ ਲਾਲਚ ਦਿਤਾ। ਅਹੁਦਾ ਵਧਾਉਣ, ਡਿਊਟੀ ਮੁਆਫ ਤੇ ਹੋਰ ਸਹੂਲਤਾਂ ਦੇਣ ਦੀ ਵੀ ਛੋਟ ਦੇਣੀ ਚਾਹੀ ਪਰ ਬਾਬਾ ਬੀਰ ਸਿੰਘ ਜੀ ਨੇ ਇਕੋ ਗੱਲ ਕਹੀ ਕਿ ਹੁਣ ਨੌਕਰੀ ਸੱਚੇ ਦਰਬਾਰ ਦੀ ਕਰਨੀ ਹੈ। ਆਖਰ, ਅਫਸਰ ਜਦੋਂ ਕਿਸੇ ਵੀ ਤਰ੍ਹਾਂ ਨ ਮੰਨਿਆ, ਤਦ ਆਪਨੇ ਕਿਹਾ, "ਅੱਛਾ ਭਾਈ! ਅਸੀਂ ਤੁਹਾਡੇ ਨੌਕਰ ਹੀ ਨਹੀਂ ਫਿਰ ਨਾਮ ਕਿਸ ਤੋਂ ਕਟੌਣਾ ਹੈ।" ਉਨ੍ਹਾਂ ਦਫ਼ਤਰ ਦੇ ਸਾਰੇ ਹੀ ਕਾਗਜ਼ ਫੋਲ ਮਾਰੇ ਪਰ ਕਿਧਰੋਂ ਕੋਈ ਥਾਂ ਪਤਾ ਨਾ ਲਗਾ। ਆਖਰ, ਗਲ ਪੱਲਾ ਪਾ ਕੇ ਉਨ੍ਹਾਂ ਬਾਬਾ ਜੀ ਨੂੰ ਕਿਹਾ ਕਿ ਉਹ ਉਨ੍ਹਾਂ ਦੀ ਗਲਤੀ ਮਾਫ ਕਰਨ ਤੇ ਆਪਣਾ ਘੋੜਾ, ਕਾਠੀ, ਜੀਨ, ਸਾਮਾਨ ਤੇ ਨੌਕਰੀ ਦਾ ਰੁਪਿਆ ਲੈ ਜਾਣ। ਇਸ ਤਰ੍ਹਾਂ ਸਣੇ ਸਾਮਾਨ ਨੌਕਰੀ ਤੋਂ ਫਾਰਗ ਹੋ ਕੇ ਆਪ ਕੁਰੀ ਆਏ, ਡੇਰੇ ਤੋਂ ਬਾਹਰ ਘੋੜਾ ਬੰਨ੍ਹ ਕੇ ਆਪਣੇ ਬਾਲ ਸਖਾਈ ਮਿੱਤਰ ਤੇ ਨਗਰ ਦੇ ਸਾਥੀ ਭਾਈ ਚੰਦਾ ਸਿੰਘ ਜੀ ਨੂੰ ਮਿਲੇ। ਚੰਦਾ ਸਿੰਘ ਜੀ ਨੇ ਬਾਬਾ ਭਾਗ ਸਿੰਘ ਜੀ ਨੂੰ ਬੀਰ ਸਿੰਘ ਬਾਰੇ ਸਭੋ ਕੁਝ ਪਹਿਲਾਂ ਹੀ ਦੱਸਿਆ ਹੋਇਆ ਸੀ। ਉਹ ਡੇਰੇ ਤੋਂ ਬਾਹਰ ਹੀ ਇਸ ਆਉਣ ਵਾਲੇ ਸਮੇਂ ਦੇ ਮਹਾਨ ਤ੍ਰਿਕਾਲ ਦਰਸੀ ਤਤਵੇਤਾ ਮਹਾਨ ਪੁਰਖ ਨੂੰ ਤੱਕਣ ਤੇ ਤੋਲਣ ਨਾਪਣ ਹਿਤ ਆਏ। ਬਾਹਰ ਆ ਕੇ ਬਾਬਾ ਭਾਗ ਸਿੰਘ ਜੀ ਨੇ ਪੁਛਿਆ, "ਭਾਈ ਤੂੰ ਕੌਣ ਹੈਂ, ਕਿਥੋਂ ਆਇਆ ਹੈਂ, ਕਿਥੇ ਜਾਣਾ ਹੈ?" ਬਾਬਾ ਬੀਰ ਸਿੰਘ ਜੀ ਨੇ ਬੇਨਤੀ ਕੀਤੀ, "ਮਹਾਰਾਜ! ਮੈਂ ਅਜੇ ਤਕ ਨਹੀਂ ਜਾਣਦਾ ਮੈਂ ਕੌਣ ਹਾਂ, ਕਿਥੋਂ ਆਇਆ ਹਾਂ, ਕਿਥੇ ਜਾਣਾ ਹੈ। ਜੇਕਰ ਇਹ ਜਾਣਦਾ ਹੁੰਦਾ ਤਦ ਮੈਂ ਨੌਕਰੀ ਹੀ ਕਿਉਂ ਛਡਦਾ? ਉਥੇ ਸਫਰ ਤਾਂ ਰੋਜ਼ ਦਾ ਸੀ ਪਰ ਬਗੈਰ ਮੰਜ਼ਲ ਤੋਂ ਕਰਮ ਕਰੀਦਾ ਸੀ ਜਿਸ ਦਾ ਕੋਈ ਰੰਗ ਨਹੀਂ। ਸੋ ਮੇਹਰ ਕਰੋ, ਤਦ ਹੀ ਇਹ ਗੱਲਾਂ ਸਮਝ ਆ ਸਕਦੀਆਂ ਹਨ। ਮੈਂ ਤਾਂ ਤੁਹਾਡੀ ਕ੍ਰਿਪਾ ਦ੍ਰਿਸ਼ਟੀ ਦਾ ਪਾਤਰ ਹੀ ਬਣਨਾ ਹੈ, ਬਾਕੀ ਸਭੋ ਕੁਝ ਆਪ ਹੀ ਦਸੋ।" ਬਾਬਾ ਬੀਰ ਸਿੰਘ ਇਸ ਸਮੇਂ ਬਹੁਤ ਹੀ ਧਿਆਨ ਨਾਲ ਬਾਬਾ ਜੀ ਦਾ ਚੇਹਰਾ ਤੱਕਦੇ ਜਾ ਰਹੇ ਸਨ। ਜਿਉਂ-ਜਿਉਂ ਤੱਕਦੇ, ਅੰਦਰ ਇਕ ਰਸ ਛੋਹ ਸੁਆਦ ਵਿਸਮਾਦ ਵਧਦਾ ਜਾਂਦਾ ਸੀ। ਦ੍ਰਿਸ਼ਟ ਲਾਂਭੇ ਗਿਆਂ, ਅੰਦਰ ਪੀੜ ਤੇ ਦਰਦ ਅਨੁਭਵ ਹੁੰਦਾ ਸੀ। ਫਿਰ ਜਦੋਂ ਦ੍ਰਿਸ਼ਟ ਲਾਂਭੇ ਕਰਨ ਹੀ ਨ, ਤਦ ਬਾਬਾ ਭਾਗ ਸਿੰਘ

ਜੀ ਨੇ ਪੁਛਿਆ "ਭਾਈ ਮਝੈਲਾ! ਇਹ ਤੱਕਦਾ ਕੀ ਹੈਂ?" "ਮੈਂ ਇਸ ਤਰ੍ਹਾਂ ਪ੍ਰਤੀਤ ਕਰਦਾ ਹਾਂ ਕਿ ਮੈਂ ਤੁਹਾਨੂੰ ਚੰਗੀ ਤਰ੍ਹਾਂ ਬਹੁਤ ਨੇੜਿਉਂ ਕਈ ਦੇਰ ਤਕ ਡਿਠਾ ਹੋਇਆ ਹੈ। ਪਰ ਕਿੱਥੇ ਤੇ ਕਦੋਂ, ਇਹ ਯਾਦ ਨਹੀਂ।" ਬਾਬਾ ਬੀਰ ਸਿੰਘ ਜੀ ਨੂੰ ਕਿਹਾ –

"ਭਾਈ ਅਸੀਂ ਤੇਰੇ ਕਰਜ਼ਾਈ ਹਾਂ, ਅਸਾਂ ਤੇਰਾ ਕੁਝ ਦੇਣਾ ਹੈ; ਉਹੀ ਦੇਣ ਲਈ ਸੋਚ ਰਹੇ ਸਾਂ। ਪਰ ਹੁਣ ਤਾਂ ਆਪ ਹੀ ਆ ਪੁਜਾ ਹੈਂ, ਤਦ ਲੈ ਕੇ ਹੀ ਜਾਏਂਗਾ। ਸਮੇਂ ਤੇ ਜਨਮਾਂ ਦੀ ਦੂਰੀ ਕਰਕੇ ਤੈਨੂੰ ਭਾਉਲਾ ਪੈ ਰਿਹਾ ਹੈ। ਜਦੋਂ ਹੀ ਪਰਦਾ ਹਟ ਗਿਆ, ਸਾਰਾ ਭਰਮ ਹਟ ਜਾਏਗਾ, ਫਿਰ ਆਪ ਹੀ ਸਮਝ ਆ ਜਾਏਗੀ ਕਿ ਇਹ ਸਾਰੀ ਹੀ ਕਿਰਿਆ ਕਰਮ ਤੇ ਸਰੀਰ ਕਿਥੋਂ ਤੇ ਕਦੋਂ ਬਣਿਆ ਹੈ ਤੇ ਇਹ ਕਿਥੋਂ ਆਇਆ ਹੈ ਤੇ ਕਿਥੇ ਜਾਣਾ ਹੈ; ਇਹ ਸਭੋ ਸੋਝੀ ਹੋ ਆਵੇਗੀ। ਕਾਹਲੀ ਨ ਕਰ, ਤੇਜ਼ੀ ਅੰਦਰ ਕੰਵਲ ਦੇ ਖਿੜਨੋਂ ਪਹਿਲਾਂ ਹੀ ਮੁਰਝਾਣ ਦਾ ਡਰ ਹੁੰਦਾ ਹੈ। ਸੋ ਭਾਈ ਤੂੰ ਸਾਥੋਂ ਕੁਝ ਲੈਣਾ ਤਾਂ ਹੈ ਪਰ ਇਸ ਸਾਜ਼ ਸਮਾਨ ਤੇ ਤੋਪ ਬੰਦੂਕਾਂ ਦੀ ਛਾਂ ਹੇਠਾਂ ਘੋੜਾ ਤੇ ਸਾਮਾਨ ਕੋਲ ਲੈ ਕੇ ਆਇਆ ਹੈਂ। ਉਹ ਸੌਦਾ ਜੋ ਸਾਡੇ ਪਾਸ ਹੈ, ਉਹ ਉਸ ਬੋਝ ਤੇ ਬੰਦਸ਼ਾਂ ਅੰਦਰ ਨਹੀਂ ਮਿਲਦਾ, ਉਸ ਲਈ ਤਾਂ ਹੌਲੇ ਹੀ ਹੋਣਾ ਪਵੇਗਾ। ਜਾਹ! ਜਾ ਕੇ ਇਹ ਬੋਝ, ਘਰ ਛਡ ਆ, ਫਿਰ ਤੇਰੇ ਪਾਸ ਅਸਵਾਰੀ ਲਈ ਕੇਵਲ ਖਿਆਲ ਹੀ ਹੋਣਗੇ, ਉਨ੍ਹਾਂ ਨੂੰ ਸਹੀ ਰਾਹ ਪਰ ਤੋਰਨਾਂ ਕੋਈ ਵੀ ਮੁਸ਼ਕਲ ਨਹੀਂ। ਫਿਰ ਉਸ ਪਿੱਛੋਂ ਤੈਨੂੰ ਇਹ ਸਮਝ ਵੀ ਆ ਹੀ ਜਾਏਗੀ ਕਿ ਤੂੰ ਕਦੋਂ ਦਾ ਸਾਡਾ ਵਾਕਫ ਹੈਂ, ਤੇ ਤੇਰਾ ਸਾਡਾ ਕਦੋਂ ਤੇ ਕਿਥੋਂ ਦਾ ਸੰਬੰਧ ਹੈ। ਤੇਰਾ ਤੇ ਸਾਡਾ ਅਜ ਦਾ ਨਹੀਂ, ਕਈ ਜਨਮਾਂ ਦਾ ਲੰਬਾ ਲੇਖਾ ਤੇ ਮੇਲ ਹੈ। ਤੇਰਾ ਆਵਣ ਜਾਣ ਦਾ ਹਿਸਾਬ ਵੀ ਸਮਝਾਣਾ ਹੀ ਪਵੇਗਾ, ਸੋ ਤੂੰ ਨਗਰ ਜਾ ਕੇ ਹੀ ਵਾਪਸ ਆਵੇਂਗਾ।"

ਬਾਬਾ ਬੀਰ ਸਿੰਘ ਇਸ ਨੂੰ ਆਗਿਆ ਸਮਝ ਕੇ ਨਗਰ ਆਏ। ਫਿਰ ਸਾਰਾ ਸਾਮਾਨ ਘਰਦਿਆਂ ਦੇ ਸਪੁਰਦ ਕਰ ਦਿਤਾ ਤੇ ਆਪ ਖੂਹ ਦੇ ਕੋਠੇ ਵਿਚ ਹੀ ਠਹਿਰ ਗਏ। ਇਥੇ ਕਾਫੀ ਸਮਾਂ ਲੰਘ ਗਿਆ। ਘਰ ਵਾਲੇ ਤੇ ਮਾਈ ਇਸ ਗੱਲ ਤੋਂ ਬਹੁਤ ਦੁਖੀ ਸੀ ਕਿ ਬੀਰ ਸਿੰਘ ਘਰ ਆਉਂਦੇ ਰਿਜ਼ਕ ਨੂੰ ਲੱਤ ਮਾਰ ਕੇ ਆ ਗਿਆ ਹੈ। ਉਹ ਰੋਜ਼ ਹੀ ਕਿਸੇ ਨ ਕਿਸੇ ਬਹਾਨੇ, ਤਾਹਨੇ ਮੇਹਣੇ ਦੇਂਦੇ ਹੀ ਰਹਿੰਦੇ ਸਨ। ਬਾਰਸ਼ ਇਸ ਸਾਲ ਹੋਈ ਨਾ, ਫਸਲਾਂ ਸੁੱਕ ਰਹੀਆਂ ਸਨ। ਭਰਾਵਾਂ ਨੇ ਕਿਹਾ, ਹੋਰ ਨਹੀਂ ਤਾਂ ਮਾਲੂਵਾਲ ਤੋਂ ਜਾ ਕੇ ਟਿੰਡਾਂ ਹੀ ਲੈ ਆਵੋ, ਘਰ ਵੀ ਵੇਹਲਾ ਮੱਖੀਆਂ ਮਾਰਦਾ ਹੈਂ। ਅੱਗੋਂ ਮਾਲੂਵਾਲ ਦਾ ਘੁਮਾਰ ਬਹੁਤ ਹੀ ਸਿੱਧ ਪੁਰਸ਼ ਸੀ, ਉਸਨੇ ਬਾਬਾ ਜੀ ਨੂੰ ਤੱਕ ਕੇ ਕਿਹਾ, "ਬਾਬਾ! ਕਿਉਂ ਲੋਕਾਂ ਨੂੰ ਧੋਖਾ ਦੇਂਦਾ ਫਿਰਦਾ ਹੈਂ? ਤੂੰ ਇਕ ਟਿੰਡ ਪਾਣੀ ਨਾਲ ਸਾਰੇ ਇਲਾਕੇ ਨੂੰ ਪਾਣੀ ਦੇ ਸਕਦਾ ਹੈਂ, ਫਿਰ ਇਹ ਟਿੰਡਾਂ ਦੇ ਭਾਰ ਸਾਥੋਂ ਲੈਣ ਕਿਉਂ ਆਇਆ ਹੈਂ? ਜਾਉ, ਇਹ ਭੇਟ ਇਕ ਟਿੰਡ ਲੈ ਜਾਵੋ, ਤੁਸੀਂ ਜਿੰਨੀ ਚਾਹੋਂਗੇ, ਵਰਖਾ ਹੋ ਜਾਵੇਗੀ। ਫਿਰ ਇਹ ਟਿੰਡ ਮੇਰੀ ਨਿਸ਼ਾਨੀ ਵਜੋਂ ਰਖਣੀ। ਮੈਂ ਜਦੋਂ ਚਾਹਾਂਗਾ, ਇਹ ਸੋਨੇ-ਚਾਂਦੀ ਦੀ ਭਰਕੇ ਲੈ ਲਵਾਂਗਾ।"

"ਚੰਗਾ ਭਾਈ ਫਕੀਰ ਸਾਈਂ, ਅਸੀਂ ਤਾਂ ਸਿੱਧੇ ਸਾਦੇ ਜੱਟ ਹਾਂ, ਭਰਾਵਾਂ ਭੇਜਿਆ, ਟਿੰਡਾਂ ਲੈਣ ਆ ਗਏ। ਤੂੰ ਇਕ ਟਿੰਡ ਦੇ ਕੇ ਭੇਜਦਾ ਹੈਂ, ਲੈ ਜਾਂਦੇ ਹਾਂ। ਅਗੇ ਜੋ ਕੁਝ ਦਾਤੇ ਨੂੰ ਮਨਜ਼ੂਰ ਹੈ, ਉਹ ਹੋ ਕੇ ਹੀ ਰਹੇਗਾ। ਜੇਕਰ ਕੋਈ ਹੋਰ ਸਮਾਂ ਆਇਆ, ਉਹ ਵੀ ਤੁਹਾਡੀ ਮਰਜ਼ੀ ਅਨੁਸਾਰ ਹੀ ਹੋਵੇਗਾ।" ਇਹ ਕਹਿ ਕੇ ਬਾਬਾ ਜੀ ਮਾਲੂਵਾਲ ਦੇ ਘੁਮਾਰ ਦੇ ਘਰੋਂ ਆ ਗਏ ਤੇ ਟਿੰਡ ਲਿਆ ਕੇ ਘਰ ਦਿਤੀ, ਭਰਾਵਾਂ ਨੇ ਹਾਸਾ ਉਡਾਇਆ ਕਿ ਹੁਣ ਲੋਕ ਸਾਨੂੰ ਘਰ ਵੀ ਨਹੀਂ ਵੜਨ ਦੇਣਗੇ, ਜਦੋਂ ਕਿ ਮੁੱਲ ਲੈਣ ਗਿਆਂ ਟਿੰਡਾਂ ਵੀ ਦੇਣ ਸਮੇਂ ਮਖੌਲ ਕਰਦੇ ਹਨ, ਪਰ ਇਹ ਸਾਡਾ ਸਾਧ ਭਰਾ ਪਤਾ ਨਹੀਂ ਕੀ ਸਮਝਦਾ ਹੈ? ਅਜੇ ਉਹ ਗੱਲਾਂ ਕਰਦੇ ਸਨ ਕਿ ਬਾਬਾ ਬੀਰ ਸਿੰਘ, ਟਿੰਡ ਬਾਹਰ ਲੈ ਆਏ ਤੇ ਉਚੀ ਜਗ੍ਹਾ ਰਖ ਕੇ ਕਹਿਣ ਲਗੇ, "ਹੁਣ ਇਹ ਉਸਦੇ ਨਾਮ ਨੂੰ ਲਾਜ ਹੈ, ਆਗਿਆ ਦਿਉ ਕਿ ਖ੍ਵਾਜਾ ਖਿਜ਼ਰ ਇਸ ਨੂੰ ਪਾਣੀ ਨਾਲ ਭਰ ਦੇਵੇ, ਧਰਤੀ ਦੇ ਲੋਕ ਵਸਦੇ ਹੋ ਜਾਣ।" ਇਸ ਗਲ ਵਿੱਚ ਕਿਤਨਾ ਅਸਰ ਸੀ ਕਿ ਅਚਾਨਕ ਹੀ ਇਕ ਪਾਸੇ ਤੋਂ ਕਾਲੀ ਘਟ ਚੜ੍ਹੀ, ਪਲਾਂ ਅੰਦਰ ਹੀ ਵਰਖਾ ਅਰੰਭ ਹੋ ਗਈ, ਹਰ ਪਾਸੇ ਪਾਣੀ ਹੀ ਪਾਣੀ ਦਿਸਦਾ ਸੀ। ਅਜੇ ਉਹ ਟਿੰਡ ਪਾਣੀ ਤੋਂ ਖਾਲੀ ਸੀ। ਸੋ ਸਾਰੇ ਨਗਰ ਨੇ ਮਿਲਕੇ ਬੇਨਤੀ ਕੀਤੀ ਕਿ ਬਾਬਾ ਜੀ ਹੁਣ ਇਹ ਬਰਖਾ ਬੰਦ ਕਰਾਉ, ਨਹੀਂ ਤੇ ਸਾਰਾ ਦੇਸ਼ ਤਬਾਹ ਹੋ ਜਾਏਗਾ। ਆਪਨੇ ਉਹ ਟਿੰਡ ਚੁਕ ਕੇ ਬਾਹਰੋਂ ਅੰਦਰ ਕਰ ਲਈ। ਵਰਖਾ ਰੁਕੀ ਤੇ ਲੋਕਾਂ ਸੁੱਖ ਦਾ ਸਾਹ ਲਿਆ।

ਉਸ ਸਮੇਂ ਇਕ ਹੋਰ ਭਾਣਾ ਵਰਤ ਗਿਆ। ਇਕ ਸੰਤ ਜਨਾ ਦਾ ਡੇਰਾ ਨਗਰ ਆ ਉਤਰਿਆ ਸੀ। ਉਹ ਰਾਤ ਸਮੇਂ ਸਰਦੀ ਕਰਕੇ ਤੰਗ ਹੋ ਗਏ। ਕੋਈ ਲੱਕੜੀ ਹੈ ਨਹੀਂ ਸੀ, ਬਾਬਾ ਬੀਰ ਸਿੰਘ ਜੀ ਨੇ ਕੋਠੇ ਦੇ ਤਖਤੇ ਹੀ ਲਾਹ ਕੇ ਸੰਤਾਂ ਨੂੰ ਦੇ ਦਿਤੇ। ਸੇਕ ਕੇ ਉਨ੍ਹਾਂ ਰਾਤ ਕੱਟੀ। ਸੁਬ੍ਹਾ ਇਹ ਖਬਰ ਜਦੋਂ ਘਰ ਪੁੱਜੀ, ਤਦ ਆਪ ਜੀ ਦੀ ਮਾਤਾ ਭੱਜਦੀ ਹੋਈ ਆਈ ਤੇ ਕਹਿਣ ਲਗੀ, "ਬੀਰ ਸਿੰਹਾਂ, ਤੂੰ ਸਾਨੂੰ ਕਿਹੜੀ ਕਮਾਈ ਖਵਾਣ ਲਗਾ ਹੈਂ ਜੋ ਸਾਡੇ ਇਹ ਤਖਤੇ ਵੀ ਫੂਕਣ ਨੂੰ

ਦੇ ਦਿਤੇ। ਇਥੋਂ ਜਾਹ, ਸਾਨੂੰ ਤੇਰੀ ਲੋੜ ਨਹੀਂ, ਮੁੜ ਕੇ ਇਹ ਮੂੰਹ ਸਾਨੂੰ ਨ ਵਖਾਵੀਂ।"

ਬਾਬਾ ਬੀਰ ਸਿੰਘ ਜੀ ਨੇ ਮਾਂ ਤੋਂ ਖਿਮਾਂ ਮੰਗੀ ਕਿ ਉਹ ਗਰੀਬ ਦੁਖੀ ਸਨ; ਜੇ ਅੱਗ ਨ ਮਿਲਦੀ ਤਦ ਮਰ ਜਾਂਦੇ; ਤਖਤੇ ਮੈਂ ਚੜ੍ਹਾ ਦਿਆਂਗਾ।

ਅਗੋਂ ਮਾਂ ਨੇ ਗਰਮ ਹੋ ਕੇ ਫਿਰ ਕਿਹਾ, "ਹੁਣ ਤੂੰ ਕਿਹੜੇ ਖਜ਼ਾਨੇ ਵਿਚੋਂ ਦਰਵਾਜ਼ੇ ਬਣਾਣੇ ਹਨ, ਆਪੇ ਲੋੜ ਵਾਲੇ ਬਣਾ ਲੈਣਗੇ, ਤੂੰ ਆਪਣਾ ਰਾਹ ਫੜ।" ਬਾਬਾ ਬੀਰ ਸਿੰਘ ਜੀ ਨੇ ਕਿਹਾ, "ਮਾਂ ਮੈਂ ਚਲਿਆ ਹਾਂ ਪਰ ਫਿਰ ਇਹ ਮੂੰਹ ਮੱਥਾ ਤੈਨੂੰ ਜੀਉਂਦੇ ਤੱਕਣਾ ਨਸੀਬ ਨਹੀਂ ਹੋਣਾ, ਇਹ ਯਾਦ ਰਖੀਂ।" ਮਾਂ ਨੇ ਰੋਹ ਵਿਚ ਆ ਕੇ ਕਿਹਾ, "ਤੇਰੇ ਮੱਥੇ ਦੇ ਫੁਲ ਸਾਨੂੰ ਦਿਸ ਪਏ ਹਨ, ਤੂੰ ਵਸਦਿਆਂ ਨਾਲੋਂ ਉਜੜਿਆ ਹੀ ਭਲਾ ਹੈਂ।"

ਇਹ ਸੁਣਕੇ ਬਾਬਾ ਜੀ ਨੇ ਕਮਰ ਕਸੇ ਕਰ ਲਏ ਤੇ ਉਥੋਂ ਸਿੱਧੇ ਹੀ ਘਰ ਬਾਰ ਵਲੋਂ ਬਿਲਕੁਲ ਵੇਹਲੇ ਹੋ ਕੇ ਬਾਬਾ ਜੀ ਪਾਸ ਕੁਰੀ ਪੁਜ ਗਏ। ਬਾਬਾ ਭਾਗ ਸਿੰਘ ਜੀ ਬਹੁਤ ਹੀ ਪ੍ਰਸੰਨ ਹੋਏ। ਉਨ੍ਹਾਂ ਲੰਗਰ ਦੀ ਸੇਵਾ ਸੌਂਪ ਦਿਤੀ। ਫਿਰ ਇਕ ਦਿਨ ਅਚਾਨਕ ਹੀ ਫੁਰਮਾਣ ਲੱਗੇ, "ਭਾਈ ਮਝੈਲਾ! ਸੁਣਿਆ ਹੈ ਤੂੰ ਇਕੋ ਹੀ ਮਿੱਟੀ ਦੀ ਟਿੰਡ ਲਿਆ ਕੇ ਸਾਰੇ ਪਿੰਡ ਨੂੰ ਪਾਣੀ ਦੇ ਦਿਤਾ; ਦੇਖੀਂ ਕਿਤੇ ਐਸਾ ਹੀ ਪਾਣੀ ਦਾ ਪ੍ਰਨਾਲਾ ਸਾਡੇ ਗਰੀਬਾਂ ਦੇ ਛੋਟੇ ਜੇਹੇ ਡੇਰੇ ਅੰਦਰ ਨ ਛੱਡ ਬਹੀਂ, ਅਸੀਂ ਤੇ ਭਾਈ ਸਿੱਧ ਪਧਰੇ ਸਾਧ ਮੁਰਾਦੇ ਜੰਗਲਾਂ ਦੇ ਵਾਸੀ ਫਕੀਰ ਹਾਂ, ਫਿਰ ਇਹ ਬਹੁ ਸ਼ਕਤੀ ਵਾਲੀਆਂ ਕਹਾਣੀਆਂ ਸਾਨੂੰ ਨਹੀਂ ਆਉਂਦੀਆਂ।" ਬਾਬਾ ਬੀਰ ਸਿੰਘ ਜੀ ਨੇ ਅਤੀ ਨੀਵੇਂ ਹੋ ਕੇ ਕਿਹਾ, "ਤੁਹਾਡੇ ਇਕ ਘੜੀ ਦਰਸ਼ਨ ਕਰਕੇ ਹੀ ਉਹ ਬਰਕਤ ਮਿਲੀ ਹੈ, ਵਰਨਾਂ ਹੋਰ ਵੀ ਮੇਰੇ ਵਾਂਗ ਅਰਦਾਸਾਂ ਕਰਨ ਵਾਲੇ ਭਾਈ ਉਥੇ ਬਹੁਤ ਸਨ, ਮੈਂ ਤੇ ਉਸ ਫਕੀਰ ਦਾ ਬਚਨ ਨ ਟਾਲ ਸਕਿਆ ਤੇ ਉਸੇ ਹੀ ਆਸ਼ੇ ਅਨੁਸਾਰ ਮੈਂ ਇਹ ਅਰਦਾਸ ਕੀਤੀ ਸੀ ਕਿ ਹੇ ਸਿਰਜਣਹਾਰ, ਹੇ ਦੀਨਾ ਨਾਥ, ਭਗਤ ਵਛਲ, ਪ੍ਰਮ ਪਿਤਾ, ਤੇਰਾ ਇਹ ਸੰਸਾਰ ਅਜ ਭੁਖ ਦੇ ਦੁਖ ਨਾਲ ਵਿਲਕਦਾ ਪਿਆ ਹੈ। ਮੈਂ ਵੀ ਇਕ ਬੇ-ਸਹਾਰਾ ਤੇ ਸ਼ਕਤੀਹੀਣ ਮਨੁਖ ਹਾਂ। ਜੇਕਰ ਸਮਰਥਾ ਬਖਸ਼ੋ, ਤਦ ਮੈਂ ਇਤਨਾ ਬੜਾ ਲੰਗਰ ਲਗਾਵਾਂ ਕਿ ਖਾਣ ਵਾਲੇ ਥੱਕ ਜਾਣ ਪਰ ਮੇਰਾ ਭੰਡਾਰ ਨ ਮੁਕੇ। ਪਰ ਜੇਕਰ ਇਹ ਸਮਰਥਾ ਅਜੇ ਨਹੀਂ ਬਖਸ਼ ਸਕਦਾ, ਤਦ ਇਨ੍ਹਾਂ ਦੀ ਬਹੁੜੀ ਕਰੋ, ਖਸਮਾਨਾ ਕਰੋ ਤੇ ਮੇਹਰਾਂ ਦੇ ਘਰ ਆ ਕੇ ਬਰਸੋ। ਕਿਰਪਾਧਾਰ, ਫਿਰ ਸੰਸਾਰ ਸੁਖੀ ਸਾਊ ਸੁਖਾਵਾਂ ਤੇ ਸੁਚੱਜਾ ਹੋਵੇ, ਤਾਂ ਹੀ ਅਸੀਂ ਵੀ ਸੋਚ ਤੋਂ ਬਾਹਰ ਹੋ ਕੇ ਤੇਰੀ ਭਗਤੀ ਵਿਚ ਲਗ ਸਕਦੇ ਹਾਂ। ਕਿਸਾਨ, ਜੋ ਮੇਰੇ ਦੇਸ਼ ਦੀ ਰੀੜ੍ਹ ਦੀ ਹੱਡੀ ਹੈ, ਉਹ ਰਾਜਕ ਹੋ ਕੇ ਹੋਰਨਾਂ ਨੂੰ ਖਾਣ ਨੂੰ ਦੇਂਦਾ ਹੈ, ਪਰ ਅਜ ਤਾਂ ਇਹ ਆਪ ਹੀ ਦੁਖੀ ਹੈ, ਫਿਰ ਹੋਰ ਕੌਮ ਨੂੰ ਕਿਥੋਂ ਪਾਲੇਗਾ? ਜੋ ਲੋਕਾਂ ਦਾ ਸਹਾਰਾ ਬਣੇ, ਗਰੀਬ ਨਿਵਾਜ਼ ਇਹ ਅਰਦਾਸ ਕਰਨ ਸਮੇਂ ਤੇ ਫਿਰ ਇਸ ਮਹਾਨ ਸਮੇਂ ਮੈਂ ਇਹ ਅਨੁਭਵ ਕੀਤਾ ਸੀ ਕਿ ਆਪ ਉਥੇ ਹੀ ਹਾਜ਼ਰ ਸੀ, ਫਿਰ ਇਹ ਮੇਹਰ ਦੀ ਧਾਰ ਉਹ ਲੋਕਾਂ ਪਰ ਤਰਸ ਤੇ ਸੰਸਾਰ ਦੇ ਦੁਖ ਹਰਨ ਆਪ ਕਰਦੇ ਹੋ। ਪਰ ਸਿਰਫ ਇਹ ਵਡਿਆਈ ਹੀ ਸਾਨੂੰ ਦੇਣੀ ਸੀ। ਸੋ ਮੈਂ ਇਹ ਅਨੁਭਵ ਕਰਦਾ ਹਾਂ ਕਿ ਮੈਂ ਆਪ ਜੀ ਰਾਹੀਂ ਮਿਲੀ ਸ਼ਕਤੀ ਨੂੰ ਗਲਤ ਵਰਤ ਕੇ ਅਵੱਗਿਆ ਕੀਤੀ ਹੈ, ਤਦ ਮੈਂ ਖਿਮਾਂ ਮੰਗਦਾ ਹਾਂ। ਇਹ ਮੈਂ ਕੋਈ ਵੀ ਗੱਲ ਸ਼ਕਤੀ ਦਿਖਾਉਣ ਹਿਤ ਨਹੀਂ ਸਗੋਂ ਘਰ ਵਾਲਿਆਂ ਦੀ ਮਨਸ਼ਾ ਪੂਰੀ ਕਰਨ ਲਈ ਹੀ ਕੀਤੀ ਸੀ। ਉਹ ਪਾਣੀ ਚਾਹੁੰਦੇ ਸਨ। ਉਨ੍ਹਾਂ ਬਾਬੇ ਦੀ ਟਿੰਡ ਨਾਲ ਮਖੌਲ ਕੀਤਾ ਸੀ। ਪਰ ਉਸ ਟਿੰਡ ਭਰਕੇ ਡੋਹਲਣ ਨਾਲ ਪੁਰੇ ਦੀ ਹਵਾ ਚਲੀ ਤੇ ਫਿਰ ਪੱਛੋਂ ਵਲੋਂ ਐਸੀ ਘਟਾ ਉਠੀ ਕਿ ਚੌਹੀਂ ਪਾਸੀਂ ਜਲ ਥਲ ਹੋ ਗਿਆ। ਬਾਬਾ ਜੀ, ਮੈਂ ਤਾਂ ਸਿੱਧ ਪਧਰਾ ਜੱਟ ਪੁਤ੍ਰ ਤੇ ਫਿਰ ਫੌਜੀ ਸਿਪਾਹੀ ਹਾਂ, ਮੈਨੂੰ ਵਿੰਗ - ਵਲ ਤਾਂ ਆਉਂਦੇ ਨਹੀਂ। ਸੋ ਤੁਸੀਂ ਮਹਾਤਮਾ ਲੋਕ ਕੀ ਕੌਤਕ ਵਰਤਾਂਦੇ ਹੋ, ਇਹ ਮੇਰੀ ਸਮਝ ਤੋਂ ਬਾਹਰ ਹੈ।" ਇਹ ਕਹਿ ਕੇ ਉਨ੍ਹਾਂ ਨੀਵੀਂ ਪਾ ਲਈ।

ਬਾਬਾ ਭਾਗ ਸਿੰਘ ਜੀ ਨੇ ਸਿਰ ਪਰ ਮਿਹਰ ਭਰਿਆ ਹਥ ਰਖ ਕੇ ਕਿਹਾ, "ਇਸ ਛੋਟੀ ਜੇਹੀ ਗੱਲ ਨੇ ਇਕ ਬਹੁਤ ਵੱਡਾ ਭੇਦ ਖੋਲ੍ਹ ਦਿਤਾ ਹੈ। ਉਹ ਟਿੰਡ ਜੋ ਮੇਰੇ ਪ੍ਰਭੂ ਨੇ ਤੇਰੀ ਸਪੁਰਦਦਾਰੀ ਵਿਚ ਕੀਤੀ ਹੈ, ਉਹ ਅਤੁੱਟ ਭੰਡਾਰ ਹੈ। ਉਹ ਨ ਕਦੇ ਵੀ ਮੁਕੇਗੀ ਤੇ ਨਾ ਹੀ ਥੁੜੇਗੀ। ਜਾਹ! ਰੱਜ ਰੱਜ ਕੇ ਹੋਰਨਾਂ ਦੀਆਂ ਭੁੱਖਾਂ ਮਿਟਾ, ਤੇਰੇ ਲੰਗਰ ਆਦਿ ਰੋਟੀ ਖਾਣ ਵਾਲਿਆਂ ਦੀ ਕੋਈ ਗਿਣਤੀ ਤੇ ਹਿਸਾਬ ਨਹੀਂ ਲਗਾ ਸਕੇਗਾ। ਤੇਰੇ ਜ਼ਿਮੇਂ ਹੋਰ ਕੋਈ ਹਿਸਾਬ ਬਾਕੀ ਨਹੀਂ ਹੈ। ਪਿਤਾ ਕਰ, ਮਾਂ ਨੇ ਇਹ ਕਹਿ ਕੇ ਉਤਾਰ ਦਿਤਾ ਹੈ ਕਿ ਉਸਨੂੰ ਤੇਰੀ ਲੋੜ ਨਹੀਂ। ਹੈ ਵੀ ਸੱਚ; ਤੇਰੀ, ਉਸ ਇਕ ਮਾਂ ਨੂੰ ਨਹੀਂ, ਬਲਕਿ ਹਜ਼ਾਰਾਂ ਮਾਸੂਮ ਮਾਵਾਂ ਤੇ ਬੇ-ਸਹਾਰਾ ਲੋਕਾਂ ਨੂੰ ਲੋੜ ਹੈ ਜੋ ਤੇਰੀ ਛਾਂ ਹੇਠ ਵਸਣਗੇ। ਗੁਰੂ ਦਾ ਕਰ ਵੀ ਤੂੰ ਉਤਾਰ ਦਿਤਾ ਜਦੋਂ ਆਪਾ ਵਾਰ ਕੇ ਸੇਵਾ ਵਿੱਚ ਲਗ ਗਿਆ ਹੈਂ ਤੇ ਤੇਰੀ ਆਪਣੀ ਕੋਈ ਵੀ ਖਾਹਸ਼ ਨਹੀਂ ਹੈ। ਗੁਰਦੇਵ ਕੇਵਲ ਆਤਮਾ ਸ਼ੁੱਧੀ ਤੇ ਸਤਿ ਸਰੂਪ ਦਾ ਚਿੰਤਕ, ਸਤਿ ਵਿਵਹਾਰ ਤੇ ਸਤਿ ਆਚਾਰ ਮੰਗਦੇ ਹਨ। ਸੋ, ਜਾਹ, ਇਹ ਸਾਰੇ ਹੀ ਗੁਣ ਤੇਰੇ ਅੰਦਰ ਭਰਪੂਰ ਦਿਸਣਗੇ, ਤੇਰੀ ਮਾਰੀ ਸੰਸਾਰ ਖਾਏਗਾ। ਠੀਕ ਹੀ ਉਹ ਘੁਮਾਰ ਫਕੀਰ ਨੇ ਤੇਰੀ ਅਸਲੀਅਤ ਲੋਕਾਂ ਪਰ ਖੋਲ੍ਹਣੀ ਚਾਹੀ ਸੀ। ਪਰ ਅਕਲਾਂ ਬਾਝੋਂ ਖੂਹ ਖਾਲੀ; ਉਹਨਾਂ ਉਲਟਾ ਤੈਨੂੰ ਘਰੋਂ ਕਢ ਕੇ ਆਪਣੀਆਂ ਹੀ ਬਰਕਤਾਂ ਨੂੰ ਘਰੋਂ ਧੱਕਾ ਦੇ ਦਿਤਾ ਹੈ। ਉਹ

ਇਹ ਸਮਝਦੇ ਹੋਣਗੇ ਕਿ ਇਹ ਫੌਜੀ ਸਾਡੇ ਕੰਮ ਯੋਗ ਹੈ ਨਹੀਂ, ਫਿਰ ਵੇਹਲੀਆਂ ਟਿੱਕੀਆਂ ਭੰਨਦਾ ਹੈ। ਹੋਰ ਇਸ ਤੋਂ ਕਿਸੇ ਆਮਦਨ ਦੀ ਆਸ ਨਹੀਂ, ਫਿਰ ਇਸ ਤੋਂ ਖਲਾਸੀ ਹਾਸਲ ਕਰੋ। ਭਾਈ, ਸਾਡੇ ਪੂਰਨ ਗੁਰਦੇਵ ਨੇ ਗਰੀਬਾਂ ਨੂੰ ਰੋਟੀ ਖਵਾਣ ਪਿੱਛੇ ਮਾਰ ਖਾਧੀ ਸੀ, ਫਿਰ ਜੇਕਰ ਲੋੜਵੰਦ ਸੰਗ ਹਿਤ ਲੱਕੜਾਂ ਦੇ ਕੇ ਤੂੰ ਘਰੋਂ ਕਢਿਆ ਗਿਆ ਹੈਂ, ਤਦ ਇਹ ਕੋਈ ਅਲੋਕਾਰ ਤੇ ਨਹੀਂ ਹੋਇਆ ? ਸੱਚ ਤਾਂ ਇਹ ਹੈ ਕਿ ਜੇਕਰ ਉਹ ਨ ਕੱਢਦੇ ਤਦ ਵੀ ਤਾਂ ਆਪ ਹੀ ਛਿੜਦੀ ਹੋਈ ਡਾਰ ਵਿਚ ਆ ਮਿਲਣਾ ਸੀ। ਕੋਇਲਾਂ ਦੇ ਬੱਚੇ ਕਾਵਾਂ ਦੇ ਘਰ ਪਲਦੇ ਹਨ ਪਰ ਉਹ ਆਪਣੀ ਕੁੱਲ ਦੀ ਆਵਾਜ਼ ਪਛਾਣ ਕੇ ਉਹਨਾਂ ਨਾਲ ਹੀ ਜਾ ਰਲਦੇ ਹਨ। ਤੇਰਾ ਇਹ ਜੀਵਨ ਤਾਂ ਸੰਗਤ ਤੇ ਗਰੀਬ ਨਿਵਾਜ਼ ਸਤਿਗੁਰਾਂ ਦੇ ਮਿਸ਼ਨ ਨੂੰ ਪ੍ਰਵਾਨ ਚੜ੍ਹਾਣ ਹਿਤ ਹੈ, ਫਿਰ ਘਰ ਕਿਵੇਂ ਬੈਠਾ ਰਹਿ ਸਕਦਾ ਸੀ ?

ਉਪਰ ਆਇਆ ਹੈ ਕਿ ਬਾਬਾ ਭਾਗ ਸਿੰਘ ਜੀ ਦਾ ਜੀਵਨ ਸੰਜਮੀ, ਇਕਾਂਤਵਾਸੀ ਤੇ ਮਹਾਨ ਵਿਰਕਤ ਜੀਵਨ ਸੀ। ਉਨ੍ਹਾਂ ਦਾ ਅਸੂਲ ਸੀ ਕਿ ਮੰਗਣ ਜਾਣਾ ਨਹੀਂ, ਆਇਆ ਹੋਇਆ ਬਚਾ ਕੇ ਰਖਣਾ ਨਹੀਂ, ਲਗਦੀ ਵਾਹ ਗੀਤਾ ਫੈਲਣ ਨਹੀਂ ਦੇਣੀ। ਪਰ ਬਾਬਾ ਬੀਰ ਸਿੰਘ ਜੀ ਦੇ ਆਉਣ ਕਰਕੇ ਬਾਹਰੋਂ ਸੰਗਤਾਂ ਬਹੁਤ ਆਉਂਦੀਆਂ ਸਨ, ਡੇਰਾ ਹਰ ਸਮੇਂ ਭਰਿਆ ਰਹਿਣ ਲਗਾ। ਇਕ ਦਿਨ ਬਾਬਾ ਭਾਗ ਸਿੰਘ ਜੀ ਨੇ ਕਿਹਾ, "ਭਾਈ ਇਹ ਭੀੜਾਂ ਤੇ ਭੰਡਾਰ ਜੋ ਤੇਰੇ ਨਾਲ ਹੀ ਬਣ ਗਏ ਹਨ, ਇਹਨਾਂ ਨੂੰ ਹੋਰ ਜਗ੍ਹਾ ਤੇ ਰੱਖ, ਇਹ ਸਾਡੇ ਵਿਰੱਕਤ ਜੀਵਨ ਵਿੱਚ ਤੂਫਾਨ ਨਾ ਲਿਆ। ਉਹ ਤੁਹਾਡੇ ਤਾਂ ਘੋੜਿਆਂ ਦੇ ਤਬੇਲੇ ਹੀ ਗਿਣੇ ਨਾ ਜਾਣਗੇ। ਤੁਹਾਡੀਆਂ ਲੋਹਾਂ ਹਰ ਸਮੇਂ ਹੀ ਚਲਦੀਆਂ ਰਿਹਾ ਕਰਨਗੀਆਂ। ਤੇਰੇ ਮਗਰ ਫੌਜਾਂ ਦੀ ਚੜ੍ਹਾਈ ਹੋਇਆ ਕਰੇਗੀ।" ਫਿਰ ਹੱਸ ਪਏ ਤੇ ਫੁਰਮਾਇਆ, "ਚਲੋ, ਉਹ ਵੀ ਤਕਿਆ ਜਾਸੀ, ਹੁਣ ਇਹ ਸਾਡੀ ਪੈੜ ਛੁਡਾ, ਅਸੀਂ ਤਾਂ ਚੌਹੀਂ ਪਾਸੀਂ ਸਾਂਤਵਿਕ ਵਾਤਾਵਰਣ ਹੀ ਤੱਕਣ ਦੀ ਚਾਹਨਾ ਰਖਦੇ ਹਾਂ। ਵਾਹਿਗੁਰੂ ਦੀ ਮੇਹਰ ਸਦਕੇ ਸਾਡੀ ਇਸੇ ਤਰਾਂ ਨਿਭ ਭੀ ਜਾਏਗੀ ਜਦੋਂ ਰਾਜਿਆਂ ਦੀਆਂ ਫੌਜਾਂ ਦੀ ਰੋਟੀ ਹੋਵੇ ਤਦ ਅਸੀਂ ਕਰੀਏ ਹੀ ਨਾ, ਪਰ ਇਹ ਤੇਰੀ ਹੀ ਮਹਾਨ ਹਸਤੀ ਹੈ ਜੋ ਇਸ ਸਾਰੇ ਹੀ ਵੱਡੇ ਅਡੰਬਰ ਨੂੰ ਸਾਂਭ ਲਵੇਗੀ।" ਅਖਾਂ ਮੀਟ ਕੇ ਖਲੋਤੇ ਰਹੇ, ਫਿਰ ਬਾਬਾ ਬੀਰ ਸਿੰਘ ਜੀ ਦੇ ਸਿਰ ਪਰ ਹਥ ਧਰਕੇ ਕਿਹਾ, "ਵਾਹ ਬੀਰ ਸਿੰਘ! ਤੂੰ ਧੰਨ ਹੈਂ, ਜਿਸਦੇ ਲੰਗਰ ਅੰਦਰ ਉਸਦੇ ਜ਼ਾਲਮ ਕਾਤਲ ਤੇ ਵੈਰੀ ਵੀ ਉਸੇ ਤਰ੍ਹਾਂ ਤ੍ਰਿਪਤ ਹੋ ਕੇ ਪ੍ਰਸ਼ਾਦਿ ਛਕਦੇ ਹਨ ਜਿਵੇਂ ਸਿਖ ਸੇਵਕ ਤੇ ਗੁਰੂ ਦੇ ਪਿਆਰੇ ਸਿੰਘ।"

"ਲੈ ਬਈ ਸਜਣਾ! ਜਾਹ, ਤੈਨੂੰ ਵਡੇ ਸਾਹਿਬਾਂ ਪਾਸੋਂ ਥਾਪੜਾ ਦਵਾ ਦੇਈਏ, ਫਿਰ ਤੇਰੀਆਂ ਵਾਗਾਂ ਖੁਲ੍ਹੀਆਂ ਹਨ; ਜਿਧਰ ਮਰਜ਼ੀ ਆਵੇ, ਉਸ ਤੋਂ ਪੂਜਾ ਕਰਵਾ ਤੇ ਆਕੜ-ਖਾਨਾਂ ਨੂੰ ਪੈਰੀਂ ਪਵਾ। ਇਹ ਫੌਜਾਂ ਤਾਂ ਰੋਜ਼ ਦਾ ਖਪ-ਖਾਨਾ ਇਹ ਸਾਡੇ ਵਸ ਦਾ ਰੋਗ ਨਹੀਂ। ਵਡੇ ਘਰਾਂ ਦੀਆਂ ਵਡੀਆਂ ਮਿਰਚਾਂ ਦੀ ਕਹਾਵਤ ਐਵੇਂ ਹੀ ਮਸ਼ਹੂਰ ਨਹੀਂ, ਅਸਲ ਵਿਚ ਵਧ ਮਿਰਚਾਂ ਹੀ ਵਡੇ ਲੰਗਰ ਦੀ ਸੋਭਾ ਤੇ ਮਾਣ ਦਾ ਕਾਰਨ ਹਨ ਅਸੀਂ ਚਾਹੁੰਦੇ ਹਾਂ ਕਿ ਇਹ ਤੇਰੀਆਂ ਵਡੀਆਂ-ਵਡੀਆਂ ਸ਼ਕਤੀਆਂ ਤੇ ਪੂਜਾ ਪ੍ਰਤਿਸ਼ਟਾ ਸਾਡੇ ਸਾਹਵੇਂ ਹੀ ਹੋਵੇ ਤਾਂ ਕਿ ਅਸੀਂ ਤੱਕੀਏ ਕਿ ਸਾਡਾ ਤੇ ਸਾਡਿਆਂ ਵੱਡਿਆਂ ਦਾ ਵਰਦਾਨ ਕਿਵੇਂ ਤੇ ਕਿੰਨਾ ਕੁਝ ਪੂਰਾ ਹੁੰਦਾ ਹੈ।"

## ਸੰਕਲਪ ਕਿਵੇਂ ਪੂਰਾ ਹੋਇਆ

ਇਕ ਦਿਨ ਇਕ ਪ੍ਰੇਮੀ ਸਫੈਦ ਰੰਗ ਦਾ ਇਕ ਵੱਡਾ ਖੋਤਾ ਬਾਬਾ ਜੀ ਪਾਸ ਲਿਆਇਆ। ਬਾਬਾ ਭਾਗ ਸਿੰਘ ਬਹੁਤ ਪ੍ਰਸੰਨ ਹੋਏ ਤੇ ਹੱਸ ਕੇ ਕਹਿਣ ਲਗੇ, "ਭਾਈ ਅਸੀਂ ਤਾਂ ਵਿਰੱਕਤ ਹਾਂ, ਪਰ ਇਹ ਭੇਟਾ ਤੇਰੀ ਪ੍ਰਵਾਨ ਹੋ ਗਈ ਕਿਉਂਕਿ ਇਸ ਚੀਜ਼ ਦੀ ਮੰਗ ਬਾਬਾ ਸਾਹਿਬ ਸਿੰਘ ਜੀ ਕਰ ਰਹੇ ਹਨ।" ਇਹ ਮਸ਼ਹੂਰ ਹੈ ਕਿ ਬਾਬਾ ਬੀਰ ਸਿੰਘ ਜੀ ਨੂੰ ਅੰਤਰ ਧਿਆਨ ਹੋ ਕੇ ਇਹ ਪ੍ਰਤੱਖ ਦਿਸਿਆ ਕਿ ਬਾਬਾ ਸਾਹਿਬ ਸਿੰਘ, ਊਨੇ ਸਾਹਿਬ, ਤਬੇਲੇ ਵਿਚ ਇਕ ਘੋੜੀ ਪਾਸ ਖੜ੍ਹੇ ਹਨ ਤੇ ਇਉਂ ਕਹਿ ਰਹੇ ਹਨ, "ਭਾਈ, ਜੇਕਰ ਸਫੈਦ ਰੰਗ ਦਾ ਵਡਾ ਖੋਤਾ ਮਿਲੇ ਤਦ ਉਸ ਨੂੰ ਮੇਲਕੇ ਇਸ ਘੋੜੀ ਪਾਸੋਂ ਬਹੁਤ ਹੀ ਕੀਮਤੀ ਤੇ ਬਹੁ-ਮੁਲਾ ਖੱਚਰ ਜਾਂ ਫਿਰ ਖੱਚਰਾ ਲਿਆ ਜਾ ਸਕਦਾ ਹੈ। ਇਹ ਇਕ ਨਵੀਂ ਕਿਸਮ ਦਾ ਬਹੁ ਕੀਮਤੀ ਤੇ ਇਹ ਹੋਰ ਲੋਕਾਂ ਪਾਸੋਂ ਵਖਰੀ ਹੀ ਸੁਗਾਤ ਹੋਵੇਗੀ, ਜੋ ਹੋਰ ਕਿਧਰੇ ਰਾਜ ਤੇ ਕਾਰੋਬਾਰੀ ਆਦਮੀ ਪਾਸ ਵੀ ਘਟ ਹੀ ਲਭਦੀ ਹੈ, ਪਰ ਐਸਾ ਵਡਾ ਤੇ ਖਾਲਸ ਸਫੈਦ ਰੰਗ ਦਾ ਖੋਤਾ ਮਿਲਣਾ ਵੀ ਦੁਰਲੱਭ ਹੈ। ਚਲੋ ਭਾਗ ਸਿੰਘ ਹੋਰਾਂ ਨੂੰ ਲਿਖਦੇ ਹਾਂ, ਉਹ ਕਿਧਰੋਂ ਖੋਜ ਕਰਕੇ ਇਹ ਚੀਜ਼ ਲੱਭਣਗੇ ਜਾਂ ਫਿਰ ਉਸ ਹਲਕੇ ਵਿਚੋਂ ਪਠਾਣਾਂ ਪਾਸੋਂ ਵੀ ਪਤਾ ਕਰਨਗੇ; ਇਹ ਚੀਜ਼ ਪ੍ਰਾਪਤ ਹੋਵੇ, ਤਦ ਸਾਨੂੰ ਬੜੀ ਹੀ ਪ੍ਰਸੰਨਤਾ ਹੋਵੇਗੀ।"

ਬਾਬਾ ਬੀਰ ਸਿੰਘ ਜੀ ਨੇ ਸਿਰ ਝੁਕਾ ਕੇ ਪ੍ਰਣਾਮ ਕੀਤਾ ਕਿ ਬਾਬਾ ਭਾਗ ਸਿੰਘ ਜੀ ਕਿਸ ਤਰ੍ਹਾਂ ਅੰਤਰ ਆਤਮੇ ਮੇਲੀ ਹੋ ਕੇ ਬਾਬਾ ਸਾਹਿਬ ਸਿੰਘ ਨੂੰ ਇਕ ਜੋਤ ਦੋ ਮੂਰਤੀ ਵਾਂਗ ਅਭੇਦ ਹੋ ਗਏ ਹਨ। ਫਿਰ ਉਨ੍ਹਾਂ ਨੇ ਸਾਹਿਬਾਂ ਪਾਸੋਂ ਹੁਕਮ ਪੁੱਛਿਆ, ਤਬ ਆਗਿਆ ਹੋਈ, "ਗਿਆਨੀ ਦਾ ਸੰਕਲਪ ਲੋਕਾਂ ਵਰਗਾ ਨਹੀਂ ਹੈ, ਉਹ ਪਾਣੀ ਵਿਚ ਉਠੀ ਹੋਈ ਲਹਿਰ ਵਤ ਹੈ, ਜੋ ਖਤਮ ਹੋਣ ਪਿਛੋਂ ਨ ਹੀ ਕੋਈ ਨਿਸ਼ਾਨ ਹੀ ਰਹਿਣ ਦੇਂਦੀ ਹੈ, ਨਾ ਹੀ ਉਸ ਦਾ ਕੋਈ ਅਸਰ ਜਲ ਪਰ ਹੀ ਹੁੰਦਾ ਹੈ। ਜਲ ਇਕ ਰਸ ਹੈ। ਉਪਾਧੀ ਰੂਪ ਲਹਿਰ ਇਕ ਵਕਤੀ ਚੀਜ਼ ਹੈ ਜੋ ਕਦੇ ਵੀ ਆ ਕੇ ਮੁਕ ਜਾਂਦੀ ਹੈ, ਪਰ ਚਲੋ, ਅਸੀਂ ਉਹ ਲਹਿਰ ਵੀ ਕਿਉਂ ਪੈਦਾ ਹੋਣ ਦੇਈਏ ?

ਉਸੇ ਵੇਲੇ ਆਪ ਜੀ ਨੂੰ ਊਨੇ ਸਾਹਿਬ ਦੀ ਆਗਿਆ

ਹੋ ਗਈ, ਆਪ ਜੀ ਨੇ ਹੱਥ ਬੰਨ੍ਹ ਕੇ ਬਾਬਾ ਜੀ ਨੂੰ ਬੇਨਤੀ ਕੀਤੀ, "ਹਜ਼ੂਰ ਦੀ ਆਗਿਆ ਅਨੁਸਾਰ ਊਨੇ ਸਾਹਿਬ ਨੂੰ ਜਾ ਰਿਹਾ ਹਾਂ, ਉਥੋਂ ਫਿਰ ਜਿਧਰ ਹੁਕਮ ਹੋਵੇ, ਚਲਾ ਜਾਵਾਂਗਾ। ਇਸ ਲਈ ਜਾਣ ਤੋਂ ਪਹਿਲਾਂ ਇਕ ਬਹੁਤ ਜ਼ਰੂਰੀ ਬੇਨਤੀ ਹੈ, ਜੋ ਆਸ ਹੈ ਕਿ ਆਪ ਪੂਰੀ ਕਰੋਂਗੇ।"

ਕ੍ਰਿਪਾ ਕਰਕੇ ਉਹ ਸਾਧਨ ਤੇ ਸਤਿ ਸਰੂਪ ਦਾ ਸਥਾਨ, ਰਾਹ ਦੀਆਂ ਔਕੜਾਂ ਦਸੋ ਜੋ ਕਿ ਸ੍ਰੀ ਕਲਗੀਧਰ ਸਵਾਮੀ ਜੀ ਨੇ ਸਾਹਿਬ ਭਾਈ ਦਿਆ ਸਿੰਘ ਜੀ ਨੂੰ ਦੱਸ ਕੇ ਸਵੈ ਸਰੂਪ ਵਿਚ ਨਿਵਾਸ ਤੇ ਨਿਜ ਦੇਸ਼ ਅੰਦਰ ਟਿਕਾਉ ਪ੍ਰਾਪਤ ਕਰਨ ਦਾ ਰਾਹ ਤੋਰਿਆ ਸੀ, ਇਸ ਸਰੀਰ ਦੇ ਅੰਦਰ ਹੀ ਆਤਮ ਬ੍ਰਹਮ ਦੀ ਪ੍ਰਾਪਤੀ ਤੇ ਫਿਰ ਇਹ ਸਰੀਰ ਇਕ ਸਾਧਨ ਮਾਤਰ ਹੀ ਹੋਣ ਦਾ ਪ੍ਰਤੱਖ ਰੂਪ ਤੇ ਸੰਸਾਰ ਤੋਂ ਅਲੱਗ ਆਪਣੇ ਹੀ ਆਪੇ ਅੰਦਰ ਸਰਬ ਬ੍ਰਹਿਮੰਡ ਦਾ ਸਮਾਅ ਜਾਣਾ ਪ੍ਰਤੱਖ ਕਰਕੇ ਦਸੋ ਤਾਂ ਫਿਰ ਇਹ ਸੰਸਾਰ, ਜੋ ਭਰਮ ਰੂਪ ਮਾਇਆ ਦਾ ਹੀ ਦੂਸਰਾ ਰੂਪ ਹੈ, ਬਾਕੀ ਨਾ ਰਹੇ।

ਬਾਬਾ ਭਾਗ ਸਿੰਘ ਜੀ ਨੇ ਨੇਤਰ ਬੰਦ ਕਰ ਲਏ। ਕਿੰਨਾਂ ਚਿਰ ਉਸੇ ਹੀ ਰੰਗ ਅੰਦਰ ਮਸਤ ਖਲੋਤੇ ਰਹੇ। ਫਿਰ ਫੁਰਮਾਇਆ ਕਿ ਜਦੋਂ ਰਾਹ ਚਲੋਗੇ, ਮੰਜ਼ਲ ਜ਼ਰੂਰ ਆਵੇਗੀ। ਇਸੇ ਹੀ ਕਰਕੇ ਅਸਾਂ ਪਹਿਲੇ ਦਿਨ ਹੀ ਤੇਰੇ ਆਉਣ ਪਰ ਕਹਿ ਦਿਤਾ ਸੀ ਕਿ ਅਸੀਂ ਤੇਰੇ ਕਰਜ਼ਾਈ ਹਾਂ। ਸੋ ਅਜ ਉਹ ਕਰਜ਼ਾ ਵਸੂਲ ਹੋ ਰਿਹਾ ਹੈ। ਲੈ ਭਾਈ, ਜਦੋਂ ਕਿਸੇ ਦਾ ਕੁਝ ਦੇਣਾ ਹੀ ਹੈ, ਫਿਰ ਹੁਜਤ ਉਜਰ ਕਾਹਦਾ? ਧਿਆਨ ਨਾਲ ਇਹ ਗੱਲ ਸਮਝ ਲੈ। ਇਹ ਰੋਜ਼ ਦੀ ਗੱਲ ਨਹੀਂ, ਫਿਰ ਪਤਾ ਨਹੀਂ ਤੂੰ ਮਿਲਦਾ ਵੀ ਹੈਂ ਕਿ ਨਹੀਂ। ਸੋ ਸੁਣ –

ਦੇਹ ਤੇ ਸਵਾਸਾਂ ਦਾ ਤਾਣੇ ਪੇਟੇ ਦਾ ਮੇਲ ਹੈ। ਦੋਵੇਂ ਇਕ ਦੂਸਰੇ ਬਗੈਰ ਬੇਕਾਰ ਹਨ। ਸਵਾਸਾਂ ਕਰਕੇ ਜਿਥੇ ਦੇਹ ਚਲਦੀ ਹੈ, ਉਥੇ ਸਵਾਸ ਕਰਕੇ ਹੀ ਖਿਆਲ ਵਿਚਾਰ ਤੇ ਬੁਧੀ ਮਨ ਸਭਿ ਉਤਪੰਨ ਹੁੰਦੇ ਹਨ। ਗੁਰੂ ਅਰਜਨ ਸਾਹਿਬ ਜੀ ਨੇ ਇਕ ਸੇਵਕ ਨੂੰ ਕਿਹਾ, "ਭਾਈ ਸਵਾਸ ਹੀ ਮਨ ਹੈ। ਜੋ ਸੇਵਕ ਮਨ ਨੂੰ ਵਸ ਕਰਨਾ ਚਾਹੇ, ਉਹ ਸਵਾਸ ਨੂੰ ਕਾਬੂ ਕਰੇ। ਜਿਸਦਾ ਸਵਾਸ ਉਸਦੇ ਆਪਣੇ ਵਸ ਹੈ, ਉਹ ਮਨ ਦੀ ਹਰ ਵਿਚਾਰ ਨੂੰ ਸੋਧ ਕੇ ਉਸਨੂੰ ਬੁਧੀ ਵਿਚ ਬਦਲਦਾ ਹੈ। ਮਨ ਦਾ ਨੀਵਾਂ ਤੇ ਬੁੱਧ ਦਾ ਉਚਾ ਹੋਣਾ ਹੀ ਬੁੱਧੀ ਅੰਦਰ ਬਿਬੇਕ ਤੇ ਸਵੱਛਤਾ ਪੈਦਾ ਕਰਦਾ ਹੈ। ਬੁਰੀ ਤੇ ਬਹੁਤ ਖੁਰਾਕ, ਜੋ ਸੰਜਮ ਰਹਿਤ ਹੋਵੇ, ਨਾਲ ਜਿਥੇ ਸਰੀਰ ਆਲਸੀ ਹੋ ਜਾਂਦਾ ਹੈ, ਉਥੇ ਸਵਾਸ ਬੇਕਾਬੂ ਹੋ ਕੇ ਅੜੀਅਲ ਘੋੜੇ ਵਾਂਗ ਵਿੰਗੀਆਂ ਟੇਢੀਆਂ ਘੜਤਾਂ ਘੜਦਾ ਹੈ। ਫਿਰ ਲੋਭ ਲਹਿਰ ਪੈਦਾ ਕਰਕੇ ਹਲਕਾਏ ਤੇ ਅਵਾਰਾ ਕੁਤੇ ਵਾਂਗ ਚੌਤਰਫੇ ਚੱਕਰ ਕਟਵਾਂਦਾ ਹੈ ਪਰ ਜਦੋਂ ਤੁਸੀਂ ਸੰਜਮ ਦਾ ਆਹਾਰ ਕਰਕੇ, ਸਵਾਸ ਨੂੰ ਹੌਲਾ ਕਰਕੇ ਫਿਰ ਉਸਨੂੰ ਆਪਣੇ ਹੀ ਅਧੀਨ ਚਲਾਉਂਗੇ, ਤਦ ਇਸੇ ਪਰ ਸਵਾਰੀ ਕਰਕੇ ਤੁਸੀਂ ਗਗਨ ਮੰਡਲ ਦੀਆਂ ਉਡਾਰੀਆਂ ਵੀ ਮਾਰੋਂਗੇ। ਇਸ ਉਡਾਰੀ ਅੰਦਰ ਤੁਸੀਂ ਅਨੇਕਾਂ ਚਮਤਕਾਰ ਤੱਕੋਂਗੇ। ਪਹਿਲਾਂ ਬੁਧੀ ਦੇ ਇਕਾਂਤ ਦਾ ਨਸ਼ਾ ਹੀ ਜੀਵਨ ਨੂੰ ਸੁਰਖਰੂ ਕਰਦਾ ਹੈ, ਸੁਰਤੀ ਹਰ ਸਮੇਂ ਉਪਰ ਜਾਣ ਨੂੰ ਤਾਂਘਦੀ ਹੈ। ਜਦੋਂ ਸਵਾਸ ਦੀ ਟੇਕ ਕਰਕੇ ਤ੍ਰਿਕੁਟੀ ਦੇ ਮੁਕਾਮ ਪਰ ਸੁਰਤੀ ਇਕ ਦਮ ਟਿਕ ਜਾਏਗੀ ਤਦ ਇਥੋਂ ਹੀ ਅਨਹਦ ਸ਼ਬਦ ਦੀ ਪਰਮ ਧੁੰਨ ਜਾਂ ਗੁਰੂ ਅਮਰਦਾਸ ਜੀ ਦੇ ਮਹਾਂਵਾਕ ਅਨੁਸਾਰ ਗੁਫਾ ਅੰਦਰ ਵਾਜਾ ਪਵਣ ਵੱਜਦਾ ਸੁਣੇਗਾ। ਇਸ ਅਸਥਾਨ ਪਰ ਪਹਿਲਾਂ ਸ਼ਬਦ ਦੀ ਫੁਹਾਰ ਸਰੀਰ ਦੇ ਹਰ ਰੋਮ ਨੂੰ ਛੇਦੇਗੀ। ਫਿਰ ਇਸ ਸਰੀਰ ਦੀ ਫੁਹਾਰ ਹੀ ਚੌਤਰਫੀ ਜਾਏਗੀ, ਹਰ ਰੰਗ ਰੂਪ ਤੇ ਦਸ਼ਾ ਤੋਂ ਕੇਵਲ ਇਕ ਸ਼ਬਦ ਸੁਣਾਈ ਦੇਵੇਗਾ, ਕੁੰਡਲਨੀ ਦੇ ਝਰਨੇ ਵਿਚੋਂ ਰਸ ਫੁਹਾਰ, ਰੰਗ ਵਿਸਮਾਦ ਮਸਤੀ ਤੇ ਹਰ ਰੰਗ ਅੰਦਰ ਉਸਦਾ ਆਪਣਾ ਹੀ ਰੂਪ ਪ੍ਰੱਤਖ ਦਿਸੇਗਾ।

ਸ਼ਬਦ ਦੀ ਟੇਕ ਰਖ ਕੇ ਫਿਰ ਅਗੇ ਵਧੋਂਗੇ ਤਦ ਕੁੰਡਲਨੀ ਦੇ ਅੰਦਰ ਤੁਸੀਂ ਇਕ ਮਹਾਨ ਪ੍ਰਕਾਸ਼, ਇਸ ਦੁਨੀਆਂ ਦੇ ਪ੍ਰਕਾਸ਼ ਤੋਂ ਵਖਰੀ ਹੀ ਤੱਕੋਂਗੇ। ਇਹ ਅਨੰਦ ਤੇ ਸ਼ਕਤੀ ਰਸ ਦਾ ਇਕ ਅਥਾਹ ਸਾਗਰ ਜਿਥੇ ਜਾ ਕੇ ਬੁਧੀ ਹਰ ਰੰਗ ਤੋਂ ਰਹਿਤ ਤੇ ਹਰ ਦੁਨਿਆਵੀ ਅਸਰ ਤੋਂ ਉਚੀ ਲੈ ਜਾਏਗੀ, ਘੰਟਿਆਂ ਬੱਧੀ ਬੈਠੇ ਹੋਏ ਇਸ ਅਨੰਦ ਰਸ ਤੇ ਸ਼ਬਦ ਦੀ ਫੁਹਾਰ ਅੰਦਰ ਹੀ ਝੂੰਮਦੇ ਰਹੋਂਗੇ। ਸ਼ਾਇਦ ਇਸੇ ਕਰਕੇ ਸਤਿਗੁਰਾਂ ਨੇ ਫੁਰਮਾਇਆ ਹੈ ਕਿ ਜੇਕਰ ਇਹ ਆਖਦਾਂ, ਤਦ ਜੀਉਂਦਾ ਹਾਂ, ਨਹੀਂ ਤਾਂ ਮੌਤ ਹੋ ਜਾਂਦੀ ਹੈ। ਉਸ ਸਮੇਂ ਤੁਸੀਂ ਇਹ ਪ੍ਰਤੱਖ ਤੱਕੋਂਗੇ ਕਿ ਸ਼ਬਦ ਤੋਂ ਬਿਨਾਂ ਹੋਰ ਕੁਝ ਹੈ ਹੀ ਨਹੀਂ। ਸੋ, ਸੋਚ ਹੀ ਸ਼ਬਦ, ਸੰਸਾਰ ਦਾ ਆਦਿ ਅੰਤ ਹੈ। ਇਹ ਸ਼ਬਦ ਆਖਰ ਵਿਚ ਇਕ ਸੁੰਨ ਅਸਥਾਨ ਤੇ ਜਾ ਕੇ, ਜਿਥੇ ਸੁਰਤੀ ਕੋਈ ਸੂਰਤ ਨਹੀਂ ਬਣਾਂਦੀ, ਪਰਮ ਅਨੰਦ ਹੈ ਪਰ ਉਹ ਸੰਸਾਰੀ ਸੁਖ ਤੇ ਸਵਾਦ ਤੋਂ ਉਚਾ ਹੈ। ਹਰ ਸਵਾਦ ਬਹੁਤ ਦੇਰ ਮਾਣ ਕੇ ਬੇ-ਰਸ ਹੋ ਜਾਂਦਾ ਹੈ, ਪਰ ਇਹ ਰਸ ਆ ਕੇ ਸੰਸਾਰ ਦਾ ਰਸ ਮੁਕ ਹੀ ਜਾਂਦਾ ਹੈ। ਇਥੇ ਅਨੰਦ ਹੈ ਰਸ ਹੈ, ਅਨੁਭਵ ਹੈ ਪਰ ਹੋਰ ਕੁਝ ਵੀ ਨਹੀਂ। ਇਹ ਅਨੁਭਵ ਪ੍ਰਕਾਸ਼ ਹੈ ਜੋ ਕਹਿਣੋਂ ਕਥਨੋਂ ਬਾਹਰਾ ਹੈ। ਇਸ ਬਾਰੇ ਦੱਸਿਆ ਹੈ ਕਿ ਕਥਿਆ ਜਾਣਾ ਅਸੰਭਵ ਹੈ। ਸੋ ਇਹ ਤੱਕਿਆ ਜਾ ਸਕਦਾ ਹੈ, ਕਿਹਾ ਨਹੀਂ ਜਾ ਸਕਦਾ।

ਇਸ ਅਸਥਾਨ ਨੂੰ, ਤੱਕਣਹਾਰ ਲਈ ਵਾਪਸੀ ਤੇ ਮੋੜ ਅਸੰਭਵ ਹੈ, ਜਿਥੇ ਸੰਕਲਪ ਨਹੀਂ, ਭਾਵਨਾ ਨਹੀਂ ਹੈ; ਇਹੀ ਉਹ ਮਹਾਨ ਸਥਾਨ ਹੈ ਜਿਥੇ ਕਿ ਸਰੀਰ ਅੰਦਰ ਬੈਠਾ ਆਤਮ ਬ੍ਰਹਮ, ਸੰਸਾਰ ਨੂੰ ਚਲਾਂਦਾ ਹੈ, ਜਿਸਦੇ ਚਾਨਣ ਕਰਕੇ ਸਾਰੇ ਹੀ ਪ੍ਰਕਾਸ਼ ਹਨ; ਇਹੀ ਉਹ ਰਸ ਹੈ ਜਿਸਨੂੰ ਗ੍ਰਹਿਣ ਕਰਕੇ ਫਿਰ ਬਾਹਰਲੇ ਰਸ ਵਿਸਰ ਤੇ ਭੁਲ ਜਾਂਦੇ ਹਨ; ਇਹੀ ਉਹ ਭੰਡਾਰ ਹੈ ਜੋ ਸਹਿਜ ਯੋਗ ਦਾ ਰੰਗ ਹੈ ਜੋ ਮੇਰੇ ਸਤਿਗੁਰਾਂ ਨੇ ਇਸ ਸੰਸਾਰ ਨੂੰ ਦਿਤਾ ਸੀ ਜੋ ਪੰਜਾਬ ਅੰਦਰ ਯੋਗੀਆਂ ਤੇ ਹਠ ਯੋਗ ਤੇ ਨਸ਼ਿਆਂ ਰਾਹੀਂ ਸਮਾਧੀਆਂ ਲਗਾਣ ਦਾ

ਯਤਨ ਕਰਕੇ ਸ਼ਬਦ ਰਾਹੀਂ ਜਿੱਤ ਕੇ ਸਹਿਜ ਤੇ ਸੁਖਾਲਾ ਰਾਹ ਸੰਸਾਰ ਨੂੰ ਦਿਤਾ ਸੀ। ਸੋ ਭਾਈ, ਇਹ ਰਾਸ ਅਸੀਂ ਸ਼ਾਇਦ ਤੇਰੇ ਲਈ ਹੀ ਸੰਭਾਲ ਕੇ ਬੈਠੇ ਸਾਂ। ਇਹ ਸਾਂਭ ਤੇ ਜਾਹ, ਵਡੇ ਸਾਹਿਬਾਂ ਪਾਸੋਂ ਸਾਡੇ ਫੈਸਲੇ ਪਰ ਮੋਹਰ ਛਾਪ ਲਗਵਾ, ਤੇ ਫਿਰ ਤੇਰੇ ਘੋੜੇ ਦੀਆਂ ਵਾਗਾਂ ਤੇਰੇ ਆਪਣੇ ਹੀ ਸਪੁਰਦ ਹੋ ਜਾਣਗੀਆਂ ਤੇ ਤੂੰ ਰਾਜਾ ਰਣਜੀਤ ਸਿੰਘ ਵਾਂਗ ਧਰਮ ਦੀ ਦੁਨੀਆਂ ਅੰਦਰ ਅਮੋਘ ਬਾਣ ਵਾਂਗ ਹੀ ਸਾਬਤ ਹੋਵੇਂਗਾ। ਬਾਬਾ ਸਾਹਿਬ ਸਿੰਘ ਜੀ ਨੇ ਇਸ ਨੂੰ ਇਕ ਇਕਾਂਤਵਾਸੀ ਤੇ ਗੁਫਾ ਵਿਚ ਰਹਿਣ ਵਾਲੇ ਵਿਅਕਤੀ ਨੂੰ ਸੌਂਪਿਆ ਸੀ ਪਰ ਅਸਾਂ ਹੁਣ ਫਿਰ ਉਹੀ ਸਤਾ, ਉਨ੍ਹਾਂ ਦੀਆਂ ਲੀਹਾਂ ਪਰ ਤੁਰਕੇ, ਯੋਗੀਰਾਜ ਲੀਲਾ ਦੇ ਮਹਾਨ ਸਤੰਭ ਦੇ ਹਵਾਲੇ ਕਰ ਰਹੇ ਹਾਂ; ਵਾਹਿਗੁਰੂ ਦੀ ਮਿਹਰ ਰਹੀ ਤਦ ਇਹ ਸਭੋ ਕੁਝ ਸੱਚ ਹੀ ਸਾਬਤ ਹੋਵੇਗਾ। ਤੂੰ ਹੁਣ ਆਪ ਵੀ ਸਮਰਥਾ ਰਖਦਾ ਹੈਂ, ਇਸ ਲਈ ਕੋਈ ਗਲ ਐਸੀ ਮੂੰਹੋਂ ਨ ਕੱਢਣੀ ਜਿਸ ਕਰਕੇ ਸਾਡਾ ਇਹ ਮਹਾਨ ਕਾਰਜ ਹੀ ਰਾਹ ਵਿਚ ਅਟਕ ਜਾਏ। ਭਾਈ, ਇਹ ਠੀਕ ਹੈ ਕਿ ਇਹ ਅਜਰ ਵਸਤੂ ਹੈ, ਪਰ ਅਸਾਂ ਤਾਂ ਭਾਂਡਾ ਤਕ ਕੇ ਹੀ ਵਸਤੂ ਪਾਈ ਹੈ।"

ਬਾਬਾ ਬੀਰ ਸਿੰਘ ਜੀ ਨੇ ਸਿਰ ਝੁਕਾਇਆ ਤੇ ਬੇਨਤੀ ਕੀਤੀ। "ਮਹਾਰਾਜ! ਮੇਰਾ ਰੋਮ ਰੋਮ ਅਜ ਕ੍ਰਿਤਗਯ ਹੈ, ਮੇਰੀ ਜ਼ਬਾਨ ਛੋਟੀ ਹੈ ਪਰ ਇਸ ਲਈ ਵਡੇਰੀ ਭਾਸ਼ਾ ਚਾਹੀਦੀ ਹੈ ਜਿਸ ਰਾਹੀਂ ਆਪ ਦਾ ਧੰਨਵਾਦ ਕਰਾਂ। ਤੁਹਾਡੀ ਮੇਹਰ ਦਾ ਸਦਕਾ ਮੈਂ ਇਹ ਭਰੋਸਾ ਦਿਵਾਂਦਾ ਹਾਂ ਕਿ ਇਸ ਬਾਣੇ ਤੇ ਭਾਈ ਦਿਆ ਸਿੰਘ ਜੀ ਦੇ ਨਾਮ ਤੇ ਸੰਪਰਦਾਏ ਨੂੰ ਕਦੇ ਵੀ ਨੀਵਾਂ ਨਹੀਂ ਹੋਣ ਦਿਆਂਗਾ। ਇਸਦੀ ਲਾਜ ਤੇ ਮਹਾਨਤਾ ਨੂੰ ਬਚਾਉਣ ਹਿਤ ਲੋੜ ਪੈਣ ਪਰ ਤੋਪਾਂ ਅਗੇ ਉਡ ਜਾਵਾਂਗਾ ਪਰ ਤੁਹਾਡੇ ਨਾਮ ਦੀ ਲਾਜ ਕਾਇਮ ਰਖਾਂਗਾ। ਤੁਹਾਡੀ ਇਹ ਬਖਸ਼ਿਸ਼ ਸਦਾ ਹੀ ਮੇਰੇ ਸਾਹਵੇਂ ਰਹੇਗੀ ਕਿ ਮੈਂ ਦੇਹ ਨਹੀਂ, ਆਤਮਾ ਹਾਂ; ਮੇਰੀ ਆਤਮਾ ਦਾ ਵਾਸਾ ਪ੍ਰਾਣੀ ਮਾਤਰ ਵਿਚ ਹੈ। ਇਸ ਕਰਕੇ ਸ਼ਰਣ ਆਇਆਂ ਦੀ ਪਾਲਣ ਹਿਤ ਇਹ ਸਰੀਰ, ਲੋਕ ਹਿਤ ਲਈ ਵਾਰ ਵੀ ਦਿਆਂਗਾ। ਆਪ ਮਿਹਰ ਕਰਕੇ ਇਹ ਵਰਦਾਨ ਬਖਸ਼ੋ ਕਿ ਮੇਰੀ ਇਹ ਕਠਿਨ ਧਾਰਨਾ ਸਿਰੇ ਚੜ੍ਹੇ ਤੇ ਸਦਾ ਸਤਿਗੁਰੂ ਜੀ ਨਾਲ ਮੇਰੀ ਬਣ ਆਵੇ।' ਬਾਬਾ ਭਾਗ ਸਿੰਘ ਜੀ ਨੇ ਕਮਾਈ ਨਾਲ ਗੁੱਧਾ ਹੋਇਆ, ਸਾਧਨਾਂ ਦੇ ਸਿਖਰਾਂ ਨੂੰ ਛੋਹ ਰਿਹਾ ਪ੍ਰਵਾਨ ਸੇਵਕ ਆਪਣੀ ਜੱਫੀ ਵਿਚ ਲੈ ਲਿਆ ਤੇ ਹੱਸ ਕੇ, ਭਰੇ ਹੋਏ, ਪਰ ਗਦ ਗਦ ਹੋਏ ਗਲੇ ਨਾਲ ਫੁਰਮਾਇਆ ਕਿ ਤੂੰ ਰਾਜੇ ਰਾਣੇ ਝੁਕਾਵੇਂਗਾ, ਗਰੀਬ ਆਤਰ ਤੇ ਦੁਖੀ ਤੇਰੇ ਨਾਮ ਦੀ ਛਾਂ ਹੇਠਾਂ ਪਲਣਗੇ, ਤੇਰੀ ਮਿਹਰ, ਤੇਰਾ ਭੰਡਾਰ ਇਹ ਕਦੇ ਨਹੀਂ ਤੁਟੇਗਾ। ਜੋ ਜਦੋਂ ਵੀ ਪੇਟ ਦੀ ਭੁੱਖ ਤੇ ਮਾਨਸਕ ਭੁਖ ਨਿਵਾਰਣ ਕਰਨ ਹਿਤ ਤੇਰੇ ਦਰ ਆਉਣਗੇ, ਉਨ੍ਹਾਂ ਨੂੰ ਦੋਵਾਂ ਹੀ ਘਾਟਾਂ ਤੋਂ ਨਿਜ਼ਾਤ ਮਿਲੇਗੀ। ਹੁਣ ਤੂੰ ਕਮਰ ਕਸੇ ਕੱਸ ਲੈ, ਤੈਨੂੰ ਕਰਮ ਯੋਗੀ, ਰਾਜ ਯੋਗੀ, ਸਹਿਜ ਯੋਗੀ ਤੇ ਪੂਰਨ ਗੁਰਸਿਖ ਕਰਣੀ ਦੀ ਪ੍ਰਧਾਨਤਾ ਸਹਿਤ ਪਾਵਨ ਮਹਾਂਪੁਰਖ ਬੇਦੀ ਕੁਲ ਦੀਪਕ ਬਾਬਾ ਸਾਹਿਬ ਸਿੰਘ ਪਾਸ ਜਾਣਾ ਹੈ। ਸਾਡੇ ਵਲੋਂ ਇਹ ਸੰਦੇਸ਼ ਤੇ ਪਤ੍ਰਕਾ ਲੈਕੇ ਜਾਵੋ ਤੇ ਫਿਰ ਜਿਧਰ ਉਹ ਆਗਿਆ ਦੇਣ, ਟਿਕਾਣੇ ਲਗਾਉ। ਅਸੀਂ ਹਰ ਸਮੇਂ ਤੁਹਾਡੇ ਨਾਲ ਹੀ ਹੋਵਾਂਗੇ।

## ਆਖਰੀ ਪ੍ਰੀਖਿਆ

ਅਸੀਂ ਪਹਿਲਾਂ ਦੱਸ ਆਏ ਹਾਂ ਕਿ ਬਾਬਾ ਭਾਗ ਸਿੰਘ ਜੀ ਨੇ ਬਾਬਾ ਬੀਰ ਸਿੰਘ ਜੀ ਨੂੰ, ਬਾਬਾ ਸਾਹਿਬ ਸਿੰਘ ਤਬੇਲੇ ਅੰਦਰ ਖੜ੍ਹੇ ਦਿਖਾਏ ਸਨ, ਉਹ ਕਿਸੇ ਸਫੈਦ ਰੰਗ ਦੇ ਵਡੇਰੇ ਖੋਤੇ ਤੋਂ ਘੋੜੀ ਨਵੀਂ ਕਰਵਾ ਕੇ ਉਸ ਪਾਸੋਂ ਸਵੇਤ ਰਾਸਭ ਦਾ ਪੁਛ ਖਚਰਾ ਇਕ ਨਵੀਂ ਨਸਲ ਪੈਦਾ ਕਰਨਾ ਚਾਹੁੰਦੇ ਸਨ। ਪਰ ਸਫੈਦ ਰੰਗ ਦਾ ਖੋਤਾ ਦੁਰਲਭ ਸੀ। ਸੋ ਜਦੋਂ ਪ੍ਰੇਮੀ ਸਿੰਘ ਨੇ ਉਹ ਖੋਤਾ ਲਿਆ ਕੇ ਬਾਬਾ ਭਾਗ ਸਿੰਘ ਜੀ ਨੂੰ ਭੇਟ ਕੀਤਾ ਤਦ ਆਪ ਨੇ ਉਹ ਅੰਤਰ ਮੇਲੀਆਂ ਵਾਂਗ ਹੀ ਖੋਤਾ (ਰਾਸਭ) ਊਨੇ ਭੇਜਣ ਦੀ ਤਿਆਰੀ ਕਰ ਲਈ। ਇਹ ਖੋਤਾ ਤੇ ਇਕ ਕੰਧਾਰੀ ਅਨਾਰਾਂ ਦਾ ਟੋਕਰਾ ਇਕ ਸੇਵਕ ਨੇ ਭੇਟ ਕੀਤਾ ਸੀ। ਪ੍ਰੇਮ ਭੇਟ, ਕੁਝ ਮਾਇਆ ਤੇ ਬਸਤਰ ਆਦਿਕ ਦੇ ਕੇ ਰਵਾਨਾ ਕੀਤਾ, ਇਹ ਹਦਾਇਤ ਕੀਤੀ ਕਿ ਦੇਖਣਾ, ਇਹ ਫਲ ਦਾਗੀ ਨ ਹੋਣ, ਰਾਹ ਵਿਚ ਕਰੜੀ ਚੀਜ਼ ਪਰ ਨ ਰਖਣੇ। ਬਾਬਾ ਬੀਰ ਸਿੰਘ ਨੇ ਚਾਦਰ ਦਾ ਮੜਾਸਾ ਮਾਰ ਲਿਆ, ਟੋਕਰਾ ਸਿਰ ਪਰ ਰਖਿਆ ਤੇ ਖੋਤਾ ਲਗਾਮ ਪਾਕੇ ਬਰਾਬਰ ਤੋਰ ਲਿਆ। ਇਸ ਤਰ੍ਹਾਂ ਕਈ ਦਿਨਾਂ ਦਾ ਪੰਧ ਮੁਕਾ ਕੇ ਆਪ ਊਨੇ ਸਾਹਿਬ ਪੁਜੇ। ਜਦੋਂ ਬਾਬਾ ਸਾਹਿਬ ਸਿੰਘ ਜੀ ਨੂੰ ਖਬਰ ਪੁਜੀ ਤਦ ਆਪ ਕੀਰਤਨ ਵਿਚ ਬੈਠੇ ਸਨ। ਆਪ ਉਠ ਕੇ ਬਾਹਰ ਆਏ ਤੇ ਫਲਾਂ ਦਾ ਟੋਕਰਾ ਆਪ ਸਿਰ ਤੋਂ ਉਤਾਰ ਕੇ ਕਿਹਾ, "ਭਾਈ ਤੇਰੇ ਜ਼ੁੰਮੇ ਕੌਮ ਦੇ ਹੋਰ ਹੀ ਭਾਰ ਬਹੁਤ ਹਨ, ਇਹ ਟੋਕਰਾ ਉਤਾਰ ਦੇਹ।" ਫਿਰ ਸਤਿਕਾਰ ਕਰਕੇ ਪਤ੍ਰਕਾ ਲੈ ਕੇ ਪੜ੍ਹੀ ਜਿਸ ਵਿਚ ਬਾਬਾ ਭਾਗ ਸਿੰਘ ਜੀ ਨੇ ਲਿਖਿਆ ਸੀ, "ਮੈਂ ਤੁਹਾਡੀ ਸੇਵਾ ਵਿਚ ਮਝੈਲ ਸਿੰਘ ਨੂੰ ਭੇਜ ਰਿਹਾ ਹਾਂ। ਇਹ ਇਕ ਅਮੋਲ ਰਤਨ ਹੈ ਪਰ ਮੈਂ ਆਪਣੇ ਤੋਂ ਵਡੇ ਜੌਹਰੀ ਪਾਸ ਭੇਜ ਰਿਹਾ ਹਾਂ ਤਾਂ ਜੋ ਪਰਖ ਕੇ ਖਜ਼ਾਨੇ ਦਾਖਲ ਕਰ ਲਵੋ। ਬਾਬਾ ਸਾਹਿਬ ਸਿੰਘ ਜੀ ਨੇ ਲੰਗਰ ਦੀ ਸੇਵਾ ਆਪ ਦੇ ਸਪੁਰਦ ਕੀਤੀ। ਬਾਬਾ ਬੀਰ ਸਿੰਘ ਜੀ ਨੇ ਬੋਲਣਾ ਬੰਦ ਕਰ ਦਿਤਾ, ਆਗਿਆ ਵਿੱਚ ਜੀਵਨ ਦੀ ਹਰ ਸਵਾਸ ਤੇ ਹਰ ਘੜੀ ਵਾਹਿਗੁਰੂ ਜੀ ਦੀ ਯਾਦ ਵਿੱਚ ਵਕਤ ਬਸਰ ਕਰਨਾ ਇਹ ਉਨ੍ਹਾਂ ਦਾ ਨਿਤ ਕਰਮ ਬਣ ਗਿਆ। ਅਸਲ ਵਿਚ ਬਾਬਾ ਸਾਹਿਬ ਸਿੰਘ ਸਮਝ ਗਏ ਸਨ ਕਿ ਬਾਬਾ ਭਾਗ ਸਿੰਘ ਜੀ ਨੇ ਚਿੱਠੀ ਤੋਂ ਬਾਹਰ ਦੋ ਚੀਜ਼ਾਂ ਇਸੇ ਹੋਣਹਾਰ ਯੁਗ ਪੁਰਸ਼ ਰਾਹੀਂ ਭੇਜੀਆਂ ਹਨ। ਕੰਧਾਰੀ ਅਨਾਰ ਵਿਚ ਤਿੰਨ ਗੁਣ ਹਨ, ਉਸ ਦਾ ਕੋਈ ਦਾਣਾ ਖੋਟਾ,

ਬੇਜਾਨ ਤੇ ਬੇਕਾਰ ਨਹੀਂ ਹੁੰਦਾ, ਇਕੋ ਜੇਹਾ ਰਸ ਰੰਗ ਰੂਪ ਤੇ ਗੁਣ ਹਰ ਇਕ ਦਾਣੇ ਅੰਦਰ ਬਰਾਬਰ ਹੁੰਦੇ ਹਨ। ਸੋ ਇਸੇ ਹੀ ਤਰ੍ਹਾਂ ਇਸ ਅੰਦਰ ਲਿਵ, ਰਸ, ਕਰਮ ਬਲ ਤੇ ਧੀਰਜ, ਧਰਮ ਧਿਆਨ ਦੇ ਸਰਬ ਮਹਾਨ ਗੁਣ ਹਨ ਜੋ ਕਿਸੇ ਮਹਾਨ ਹਸਤੀ ਅੰਦਰ ਹੋਣੇ ਜ਼ਰੂਰੀ ਹਨ। ਇਹ ਸਫੇਦ ਰਾਸਭ ਵਾਂਗ ਹੀ ਅਲੱਗ ਤੇ ਵਿਰਲੇ ਨਹੀਂ ਸਗੋਂ ਕੇਵਲ ਮਾਤਰ ਇਕੋ ਇਕ ਹੈ, ਜੋ ਤੁਹਾਡੀ ਮਿਹਰ ਦ੍ਰਿਸ਼ਟੀ ਤੋਂ ਬਾਦ ਨਿਰੋਲ ਕੁੰਦਨ ਤੇ ਅਪਰਸ ਹੋ ਕੇ ਸੰਸਾਰ ਅੰਦਰ ਸਾਡੇ ਨਾਮ ਨੂੰ ਉਚਾ ਤੇ ਅਮਰ ਕਰੇਗਾ। ਇਹ ਡੇਰਾ, ਕੁਰੀ ਵਾਂਗ ਵਿਰਕਤ ਤੇ ਜੰਗਲ ਦਾ ਡੇਰਾ ਨਹੀਂ ਸੀ, ਇਹ ਯੋਗੀਸ਼ਵਰ ਦਾ ਡੇਰਾ ਸੀ, ਇਸ ਕਰਕੇ ਲੰਗਰ ਵੀ ਮਹਾਨ ਹੀ ਸੀ। ਸੋ ਇਸ ਕਠਨ ਕਾਰਜ ਵਿਚ ਵੀ ਬਾਬਾ ਬੀਰ ਸਿੰਘ ਜੀ ਦਾ ਸਤਿ ਬਚਨ, ਸਤਿ ਵਿਹਾਰ, ਧੀਰਜ ਤੇ ਸੇਵਾ ਕਰਕੇ ਫਿਰ ਗਰਮ ਨ ਹੋਣਾ - ਇਨ੍ਹਾਂ ਗੁਣਾਂ ਨੇ ਇਨ੍ਹਾਂ ਦੀ ਚਰਚਾ ਸਾਰੇ ਹੀ ਸੇਵਕਾਂ ਅੰਦਰ ਕਰਾ ਦਿਤੀ। ਹਰ ਊਨਾ ਨਿਵਾਸੀ ਤੇ ਬਾਹਰ ਦੀ ਸੰਗਤ ਬਾਬਾ ਬੀਰ ਸਿੰਘ ਦੇ ਸੋਹਿਲੇ ਗਾਉਂਦੇ ਸਨ। ਇਕ ਦਿਨ ਬਾਬਾ ਸਾਹਿਬ ਸਿੰਘ ਜੀ ਨੇ ਕਿਹਾ, "ਭਾਈ ਕੋਈ ਹੋਰ ਘਾਟ ਨਹੀਂ ਪਰ ਪਾਣੀ ਦੀ ਬੜੀ ਤਕਲੀਫ ਹੈ। ਜੇਕਰ ਇਕ ਵੱਡੀ ਬਾਉਲੀ ਬਣ ਜਾਵੇ, ਤਦ ਸਾਰੇ ਨਗਰ ਦੀ ਤਕਲੀਫ਼ ਵੀ ਦੂਰ ਹੋ ਜਾਵੇ।" ਆਪ ਜੀ ਨੇ ਟੱਕ ਲਗਾ ਦਿਤਾ, ਬਾਬਾ ਬੀਰ ਸਿੰਘ ਜੀ ਕਹੀ ਕੁਹਾੜੀ ਤੇ ਬੇਲਚੇ ਲੈ ਕੇ ਸੇਵਾ ਅੰਦਰ ਜੁਟ ਗਏ। ਜਦੋਂ ਤੀਸਰੇ ਦਿਨ ਬਾਬਾ ਜੀ ਮੌਕਾ ਤੱਕਣ ਪਧਾਰੇ, ਤਦ ਹੈਰਾਨ ਹੋਕੇ ਕਹਿਣ ਲਗੇ, "ਵਾਹ ਭਾਈ ਵਾਹ! ਸੰਤ ਭਾਗ ਸਿੰਘ ਵੀ ਧੰਨ ਹਨ ਜਿਨ੍ਹਾਂ ਤੇਰੀ ਚੋਣ ਕੀਤੀ ਹੈ। ਤੇਰੇ ਅੰਦਰ ਸੰਸਾਰ ਦੇ ਦੁਖੀ ਜੀਵਾਂ ਦੇ ਬੋਝ ਚੁੱਕਣ ਤੇ ਉਨ੍ਹਾਂ ਹਿਤ ਕੁਰਬਾਨ ਹੋ ਜਾਣ ਦਾ ਮਾਦਾ ਅੰਤ ਤੇ ਪੁਜਾ ਹੋਇਆ ਹੈ। ਤੇਰੀ ਸੇਵਾ ਤੇ ਘਾਲਣਾ ਮਨਜ਼ੂਰ ਹੋਈ। ਤੂੰ ਸਫਲ ਹੈਂ, ਤੇਰੀ ਕਮਾਈ ਤੇ ਕੌਮ ਸਦਾ ਮਾਣ ਕਰੇਗੀ।"

ਇਸ ਸਮੇਂ ਮਾਝੇ ਦੀ ਧਰਤੀ ਤੋਂ ਸਰਦਾਰ ਚੰਦਾ ਸਿੰਘ ਪੁਜੇ ਹੋਏ ਸਨ। ਉਹਨਾਂ ਨੇ ਬਾਬਾ ਸਾਹਿਬ ਸਿੰਘ ਜੀ ਪਾਸ ਮਾਝੇ ਅੰਦਰ ਡੇਰਾ ਲਾਉਣ ਹਿਤ ਬੇਨਤੀ ਕੀਤੀ। ਸੋ ਉਹਨਾਂ ਦੀ ਪ੍ਰਾਰਥਨਾ ਮੰਨ ਕੇ ਬਾਬਾ ਸਾਹਿਬ ਸਿੰਘ ਜੀ ਨੇ ਬਾਬਾ ਬੀਰ ਸਿੰਘ ਜੀ ਨੂੰ ਇਹ ਕਹਿ ਕੇ ਤੋਰਿਆ, "ਜਾਹ ਭਾਈ ਤੂੰ ਹੀ ਇਸ ਅੱਖੜ ਮਾਝੇ ਨੂੰ ਨੱਥੇਂਗਾ; ਜੋ ਕਿਸੇ ਅਗੇ ਨਹੀਂ ਝੁਕਿਆ, ਉਹ ਗਰਦਨ ਤੇਰੇ ਅਗੇ ਹੀ ਝੁਕਾਏਗਾ।"

ਇਥੋਂ ਜਾ ਕੇ ਆਪ ਜੀ ਨੇ ਨੌਰੰਗਾਬਾਦ ਡੇਰਾ ਲਗਾਇਆ, ਜੋ ਮਾਝੇ ਦੀ ਨਾਭੀ ਵਿਚ ਸੀ। ਬਾਬਾ ਸਾਹਿਬ ਸਿੰਘ ਜੀ ਦੀ ਸਿਖੀ ਸੇਵਕੀ ਦੂਰ-ਦਰਾਜ਼ ਤਕ ਸੀ ਪਰ ਮਾਝੇ ਅੰਦਰ ਕੋਈ ਵੀ ਡੇਰਾ ਜਾਂ ਆਪ ਜੀ ਦਾ ਕੋਈ ਵੱਡਾ ਸੇਵਕ ਨਹੀਂ ਸੀ। ਮਾਝੇ ਦੇ ਸਰਦਾਰ ਸਦਾ ਆਪਣੇ ਹੀ ਘੁਮੰਡ ਵਿਚ ਰਹਿੰਦੇ ਸਨ। ਇਸੇ ਹੀ ਕਰਕੇ ਬਾਬਾ ਜੀ ਨੇ ਅੱਖੜ ਝੋਟੇ ਕਹਿ ਕੇ ਉਨ੍ਹਾਂ ਨੂੰ ਯਾਦ ਕੀਤਾ ਸੀ। ਦੂਸਰੇ, ਬਾਬਾ ਭਾਗ ਸਿੰਘ ਜੀ ਨੇ ਹਰ ਤਰ੍ਹਾਂ ਅਜ਼ਮਾਇਆ ਸੀ, ਫਿਰ ਇਥੋਂ ਵੀ ਉਹ ਸੇਵਾ ਤੇ ਸਾਧਨਾਂ ਦਾ ਸਪਸ਼ਟ ਪ੍ਰਮਾਣ ਪੱਤ੍ਰ ਪ੍ਰਾਪਤ ਕਰ ਬੈਠੇ ਸਨ। ਹੋਰ ਦੇਰ ਕਾਹਦੀ ਹੋਣੀ ਸੀ, ਆਪ ਨੂੰ ਭਰੋਸਾ ਸੀ ਕਿ ਕੋਈ ਸਖਤੀ, ਕੋਈ ਲਾਲਚ, ਕੋਈ ਫਰੇਬ ਤੇ ਬਨਾਵਟ ਇਹਨਾਂ ਨੂੰ ਅਸਲ ਟਿਕਾਣੇ ਤੋਂ ਗਿਰਾ ਨਹੀਂ ਸਕੇਗੀ।

## ਪ੍ਰਤਾਪ ਵਧ ਗਿਆ

ਥੋੜੇ ਦਿਨਾਂ ਅੰਦਰ ਨੌਰੰਗਾਬਾਦ ਦੇ ਡੇਰੇ ਦਾ ਯਸ ਫੈਲ ਗਿਆ। ਪਹਿਲਾਂ ਤਾਂ ਪੰਗਤ ਵੀਹ ਤੀਹ ਆਦਮੀਆਂ ਦੀ ਲਗਦੀ ਸੀ, ਫਿਰ ਇਹ ਪੰਗਤ ਸੈਂਕੜੇ ਦੀ, ਤੇ ਹੌਲੀ ਹੌਲੀ ਹਜ਼ਾਰਾਂ ਤਕ ਪੁੱਜ ਗਈ। ਸੈਂਕੜੇ ਮਣ ਅਨਾਜ ਦਾ ਖਰਚ ਹੋਣ ਲਗਾ। ਮਾਝੇ ਤੇ ਦੁਆਬੇ ਅੰਦਰ ਇਹ ਕਹਾਵਤ ਹੀ ਚਲਦੀ ਸੀ, "ਭਾਈ ਇਹ ਬਾਬਾ ਬੀਰ ਸਿੰਘ ਦਾ ਲੰਗਰ ਹੈ ਜਿਥੇ ਆਟੇ ਦਾ ਹਿਸਾਬ ਨਹੀਂ ਤੇ ਲੂਣ ਸਵਾ ਮਣ ਰੋਜ਼ ਲੰਗਰ ਵਿਚ ਪੈਂਦਾ ਹੈ। ਲੋਹਾਂ ਬਾਰੇ ਤੇ ਦੇਗਾਂ ਬਾਰੇ ਇਹ ਮਸ਼ਹੂਰ ਹੈ ਕਿ ਉਹ ਲੋਹਾਂ ਤੇ ਦੇਗਾਂ ਕੋਈ ਬਲੀ ਸੂਰਮਾ ਹੀ ਫਿਰ ਜੰਮੇਗਾ, ਤਦ ਹੀ ਫਿਰ ਚੜ੍ਹਨਗੀਆਂ। ਦੇਗਾਂ ਵਿਚੋਂ ਦਾਲ, ਪੌੜੀ ਲਗਾ ਕੇ ਹੀ ਕੱਢੀ ਜਾ ਸਕਦੀ ਸੀ। ਮੰਜਾ ਡਾਹ ਕੇ ਮਨੁਖ ਅਰਾਮ ਨਾਲ ਉਸ ਅੰਦਰ ਸੌਂ ਸਕਦਾ ਸੀ। ਆਪ ਜੀ ਦੇ ਲੰਗਰ ਅੰਦਰ ਪੰਜਾਹ ਤੋਂ ਉਪਰ ਆਦਮੀ ਹਰ ਸਮੇਂ ਕੰਮ ਕਰਦੇ ਸਨ। ਲੰਗਰ ਹਰ ਸਮੇਂ ਚਲਦਾ ਰਹਿਣਾ ਚਾਹੀਦਾ ਹੈ। ਸਵੇਰੇ ਜਦੋਂ ਤਕ ਨਵੀਂ ਅਰਦਾਸ ਨਾ ਹੋਵੇ, ਤਦ ਤਕ ਰਾਤ ਦੇ ਸਮੇਂ ਦੇਰ ਨਾਲ ਬਚਿਆ ਅਨਾਜ ਹੀ ਵਰਤਦਾ ਰਹੇ, ਪਰ ਕੋਈ ਵੀ ਮਨੁਖ ਕਿਸੇ ਵੀ ਸਮੇਂ ਭੁਖਾ ਨਹੀਂ ਜਾਣਾ ਚਾਹੀਦਾ। ਸਿਮਰਨ ਤੇ ਲੋਹ ਦੋਵੇਂ ਇਕੋ ਹੀ ਮਾਲਾ ਦੇ ਦੋ ਮਣਕਿਆਂ ਵਾਂਗ ਪ੍ਰੋਤੇ ਹੋਏ ਇਸ ਦਰ ਦੇ ਦੋ ਕੀਮਤੀ ਲਾਲਾਂ ਵਾਂਗ ਉਤਮ ਪਦਾਰਥ ਸਨ ਜਿਸ ਤੋਂ ਹਰ ਕੋਈ ਅਸਰ ਕਬੂਲਦਾ ਸੀ। ਜੋ ਆਦਮੀ ਇਕ ਵਾਰ ਆਪਦੇ ਦਰਸ਼ਨ ਕਰਨ ਆਇਆ, ਉਹ ਫਿਰ ਹੋਰ ਕਿਸੇ ਮਹਾਂਪੁਰਸ਼ ਪਾਸ ਜਾਣ ਜੋਗਾ ਨਹੀਂ ਰਿਹਾ। ਨਾਸਤਿਕ, ਆਸਤਿਕ ਹੋ ਜਾਂਦੇ ਸਨ, ਵਿਗੜੇ ਹੋਏ ਸ਼ਰਾਬੀ ਤੇ ਬਦਮਾਸ਼ ਆਦਿ ਕੇਵਲ ਮਾਤਰ ਇਕ ਦਰਸ਼ਨ ਨਾਲ ਹੀ ਕ੍ਰਿਤਾਰਥ ਹੋ ਗਏ। ਆਪ ਦੇ ਦਰ ਪਰ ਕੋਈ ਵੀ ਲੰਗਰ ਤੇ ਭੰਡਾਰ ਦੀ ਰੋਕ ਨਹੀਂ ਸੀ ਪਰ ਵੇਹਲੜ ਤੇ ਅਸ਼ਰਧਕ ਇਥੇ ਕਿਸੇ ਤਰ੍ਹਾਂ ਵੀ ਟਿਕ ਨਹੀਂ ਸਕਦਾ ਸੀ।

# ਸੰਤ ਬਿਮਲਾ ਸਿੰਘ

***ਡਾ. ਭਾਈ ਵੀਰ ਸਿੰਘ ਜੀ***

## ੫

ਸੁਜਾਨ ਸਿੰਘ ਨੇ ਪਹਿਲਾਂ ਆਪਣੀ ਵਿਥਿਆ ਸੁਣਾਈ, ਫੇਰ ਨਦੀ ਕਿਨਾਰੇ ਜੋ ਦਿਲ ਤਰੰਗ ਉੱਠੇ ਸਨ ਉਹ ਸੁਣਾਏ।

ਸੰਤ – ਭਾਈ ਇਹ ਜੋ ਤੁਸਾਂ ਕੱਲ ਦਾ ਆਪਣਾ ਗੰਗਾ ਕਿਨਾਰੇ ਵਾਲਾ ਮਨੋ ਵੀਚਾਰ ਸੁਣਾਇਆ ਹੈ ਇਹ ਬਾਨੀ ਦਾ ਪ੍ਰਤਾਪ ਹੈ ਕਿ ਸਵੱਛ ਤਰ੍ਹਾਂ ਦਾ ਵੈਰਾਗ ਤੁਹਾਡੇ ਮਨ ਵਿਚ ਹੁਣ ਫੇਰੇ ਪਾ ਗਿਆ ਹੈ। ਤੁਹਾਡੇ ਵੀਚਾਰ ਇਹ ਬੀ ਦਸਦੇ ਹਨ ਕਿ ਤੁਹਾਡਾ ਮਨ ਕੁਛ ਕਵੀ ਮਨ ਬੀ ਹੈ ਤੇ ਹੁਣ ਉਹ ਅਸਾਰ ਤੇ ਸਾਰ ਨੂੰ ਸਮਝਣ ਵਲ ਪੈ ਰਿਹਾ ਹੈ। ਬਾਨੀ ਮਨ ਨੂੰ ਧੋਂਦੀ ਹੈ, ਵੀਚਾਰ ਉਤਪਤ ਕਰਦੀ ਹੈ। ਉਹ ਵੀਚਾਰ ਸਾਰ ਅਸਾਰ ਦੀ ਸੋਝੀ ਦਿੰਦੀ ਹੈ ਤੇ ਫਿਰ ਸਾਰ ਲਈ ਪਿਆਰ ਤੇ ਅਸਾਰ ਲਈ ਉਦਰੇਵੇਂ ਉਪਜਾਉਂਦੀ ਹੈ, ਜਿਸਨੂੰ ਸਵੱਛ ਵੈਰਾਗ ਕਹੀਦਾ ਹੈ। ਇਸ ਤੋਂ ਅੱਗੇ 'ਸਾਰ' ਦੀ ਗ੍ਰਹਿਣ ਸ਼ਕਤੀ ਉਪਜਦੀ ਹੈ, ਜਿਸ ਲਈ 'ਨਾਮ' ਜਪੀਦਾ ਹੈ।

ਸੁਜਾਨ ਸਿੰਘ – ਜੀਓ ਜੀ! ਬਾਨੀ ਦੀ ਮਿਹਰ ਹੈ ਤੇ ਕੁਛ ਆਪ ਦੀ ਕਥਾ ਦੀ ਮਿਹਰ ਹੈ ਜਿਸ ਨੇ ਮੇਰਾ ਰੁਖ ਬਾਨੀ ਦੇ ਭਾਵ ਸਮਝਣ ਵਲ ਵਧੇਰੇ ਪਾ ਦਿਤਾ ਸੀ।

ਸੰਤ – ਹੁਣ ਕਹੋ ਭਾਈ, ਇਹ ਸਰੀਰ ਕੀਹ ਕਰੇ ਤੁਸਾਂ ਲਈ?

ਸੁਜਾਨ ਸਿੰਘ – ਜੀਓ! ਐਵੇਂ ਤਾਂ ਕੁਛ ਤਰੰਗ ਉਠਦੇ ਹਨ ਕਿ ਗੁਰੂ ਕੀ ਬਾਨੀ ਤਾਂ ਕੁਛ ਹੋਰ ਸਿਖਾਲਦੀ ਹੈ ਪਰ ਕਈ ਆਗੂ ਲੋਕ ਬਾਨੀ ਵਲੋਂ, ਨਾਮ ਵਲੋਂ ਉਚੇ ਸੁੱਚੇ ਆਚਰਨ ਵਲੋਂ ਕੰਡਾਂ ਵਲਾ ਰਹੇ ਤੇ ਹੋਰ ਹੋਰ ਪਾਸੇ ਬਿਰਤੀਆਂ ਨੂੰ ਪਾ ਰਹੇ ਹਨ, ਜਿਨ੍ਹਾਂ ਪਾਸਿਆਂ ਵਲੋਂ ਕਿ ਦਸਾਂ ਹੀ ਸਤਿਗੁਰਾਂ ਨੇ ਮੋੜਿਆ ਸੀ, ਮੇਰੀ ਜਾਚੇ ਉਧਰ ਨੂੰ ਲਿਜਾ ਰਹੇ ਹਨ, ਇਹ ਤੱਕ ਕੇ ਦਿਲ ਕਾਹਲਾ ਪੈ ਜਾਂਦਾ ਹੈ।

ਸੰਤ – ਭਾਈ ਪਰ ਅਵਗੁਣ ਤੇ ਨਿਜ ਗੁਣ ਤੱਕ ਤਕ ਕੇ ਮਨ ਸੁਖੀ ਨਹੀਂ ਹੋ ਸਕਦਾ। ਨਿਜ ਨੂੰ ਸੰਵਾਰੀਏ, ਆਪਾ ਸ਼ਿੰਗਾਰੀਏ ਤੇ ਗੁਰੂ ਅਰਪਨ ਕਰੀਏ, ਸਿੱਖੀ ਮਾਰਗ ਇਹ ਹੈ। ਅਸਲ ਵਿਚ ਗੁਰੂ ਮਾਰਗ ਹੈ ਜੀਉਂਦੇ ਜੀ ਪੁਰਸਲਾਤ ਦੇ ਰਾਹ ਉਤੇ ਤੁਰਨਾ, ਪਰ ਜਗਤ ਪੁਰਸਲਾਤ ਦੇ ਪੰਥ ਉਤੇ ਨਹੀਂ ਟੁਰਦਾ। ਲੋਕੀਂ ਸਮਝਦੇ ਹਨ ਕਿ ਪੁਰਸਲਾਤ ਅੱਗੇ ਜਾ ਕੇ ਆਵੇਗੀ ਪਰ ਪੁਰਸਲਾਤ ਤਾਂ ਇਥੇ ਹੀ ਹੈ, ਜੋ ਇਸਤੇ ਟੁਰ ਪਿਆ ਉਸ ਲਈ ਅੱਗੇ ਕੋਈ ਪੁਲਸਲਾਤ ਨਹੀਂ, ਪੁਰਸਲਾਤ ਤਾਂ ਇਥੋਂ ਹੀ ਜੀਉਂਦੇ ਜੀ ਆਰੰਭ ਹੋ ਜਾਂਦੀ ਹੈ। ਮੈਂ ਗੁਰਸਿੱਖੀ ਦੀ ਵੀਚਾਰ ਦੱਸਣ ਲੱਗਾ ਹਾਂ। ਕਿਸੇ ਹੋਰ ਮਤ ਦੀ ਸ਼ਰਹ ਨਹੀਂ ਕਰਨ ਲੱਗਾ। ਆਪਣੀ ਬਿਰਤੀ ਦਾ ਦੁਖ ਮਈ ਰਹਿਣਾ, ਤ੍ਰਿਸ਼ਨਾ ਵਿਚ ਸੜਨਾ, ਇਹ ਇਕ ਨਰਕ ਹੈ ਜੋ ਜੀਉਂਦੇ ਜੀ ਜੀਵ ਭੋਗ ਰਹੇ ਹਨ। ਇਸ ਉਤੇ ਇਕ ਪੁਲ ਹੈ – ਸਿੱਧਾ ਸਾਫ ਲਿਜਾਣ ਵਾਲਾ ਰਸਤਾ। ਸੜਕ ਦੇ ਯਾ ਪੁਲ ਦੇ ਚਾਰ ਪਹਿਲੂ ਹੁੰਦੇ ਹਨ ਇਕ ਮੁੱਢ ਤੁਰਨ ਦਾ, ਇਕ ਅਪੜਨ ਹੈ ਤੁਰਦਿਆਂ ਅੱਪੜ ਹੀ ਜਾਣਾ ਹੈ। ਸੋ ਬਾਕੀ ਰਹਿ ਗਿਆ ਖੱਬਾ ਤੇ ਸੱਜਾ, ਸਭ ਕੋਈ ਇਸ ਰਸਤੇ ਟੁਰ ਰਿਹਾ ਹੈ, ਪਰ ਕੋਈ ਪੁਲੋਂ ਉਤਰ ਕੇ ਸੱਜੇ ਡਿਗ ਪੈਂਦਾ ਹੈ ਕੋਈ ਖੱਬੇ। ਪੁਲ ਉਤੇ ਕੋਈ ਨਹੀਂ ਟੁਰਦਾ, ਗ੍ਰਹਿਣ ਤੇ ਤਿਆਗ ਇਹ ਹਨ ਦੋ ਲ੍ਹਾਮਾਂ – ਖੱਬਾ ਤੇ ਸੱਜਾ। ਦੁਹਾਂ ਵਿਚ ਸੁਖ ਨਹੀਂ। ਸ੍ਰੀ ਗੁਰੂ ਜੀ ਤੋਂ ਪਹਿਲਾਂ ਜਗਤ ਜਾਂ ਗ੍ਰਹਿਣ ਵਿਚ ਪਿਆ ਤ੍ਰਿਸ਼ਨਾ ਅਗਨ ਵਿਚ ਦੁਖ ਪਾ ਰਿਹਾ ਸੀ, ਜਾਂ ਤਿਆਗ ਕਰਕੇ ਬਨਾਂ ਜੰਗਲਾਂ ਵਿਚ ਜਾ ਕੇ ਮਨ ਤਾਂ ਜੋੜ ਰਿਹਾ ਸੀ, ਪਰ ਤਨ ਨੂੰ ਕਸ਼ਟਾਂ ਵਿਚ ਪਾ ਰਿਹਾ ਸੀ ਤੇ ਕ੍ਰੋਧ ਅਗਨ ਨੂੰ ਵਧਾ ਰਿਹਾ ਸੀ।

ਇਸ ਤਰ੍ਹਾਂ ਇਨਸਾਨ ਜੀਵਨ ਦੇ ਮੁੱਖ ਪ੍ਰਯੋਜਨ ਨੂੰ ਭੁਲਾ ਰਿਹਾ ਸੀ, ਸਤਿਗੁਰਾਂ ਨੇ ਸਿਖਾਇਆ ਕਿ ਪੁਲ ਦੇ ਉਪਰ ਟੁਰੋ, ਨਾ ਇਧਰ ਡਿੱਗੋ ਨਾ ਉਧਰ। ਉਹ ਇਹ ਸੀ ਕਿ ਤਿਆਗ ਤਾਂ ਕਰੋ ਮੰਦੀਆਂ ਵਾਸ਼ਨਾ ਦਾ ਤੇ ਮੰਦੇ ਕਰਮਾਂ ਦਾ, ਤ੍ਰਿਸ਼ਨਾ ਕਰੋ ਉਸ ਸੁਖ ਦੀ ਜੋ ਸ਼ਰੋਮਣੀ ਸੁਖ ਹੈ, ਜੋ ਆ ਕੇ ਸਦਾ ਰਹਿੰਦਾ ਹੈ, ਇਥੇ ਬੀ ਸੁਖੀ ਰਖਦਾ ਹੈ ਤੇ ਅੱਗੇ ਬੀ ਨਾਲ ਜਾਂਦਾ ਹੈ। ਸਿੱਖ ਦਾ ਜੀਵਨ ਭਾਈ ਐਸਾ ਚਾਹੀਦਾ ਹੈ। ਜੋ ਸਿੱਖੀ ਮਾਰਗ ਵਿਚ ਝੂਠ, ਕੁਸੱਤ, ਫਰੇਬ, ਦੁਖ ਦੇਣਾ ਆਦਿ ਮੰਦੇ ਕਰਮ ਕਰ ਰਹੇ ਹਨ, ਚਾਹੇ ਆਪਣੇ ਤਨ ਲਈ, ਚਾਹੇ ਦੀਨ ਧਰਮ ਦੇ ਨਾਮ ਹੇਠ, ਗੁਰੂ ਆਸ਼ੇ ਦੇ ਅਨੁਕੂਲ ਨਹੀਂ ਕਰ ਰਹੇ। ਪਰ ਜੋ ਆਪਾ ਸੁਆਰਕੇ ਆਪਣੇ ਸਰੀਰ ਨਾਲ ਕਿ ਆਪਣੀ ਬੁੱਧੀ ਨਾਲ ਜਗਤ ਦਾ ਕੋਈ ਹਿੱਸਾ ਨਹੀਂ ਵੰਡਾ ਰਹੇ ਉਹ ਬੀ ਗੁਰੂ ਆਸ਼ੇ ਦੇ ਅਨੁਕੂਲ ਨਹੀਂ ਕਰ ਰਹੇ। ਪਰ ਜੇ ਤੁਸੀਂ ਇਸ ਤਰ੍ਹਾਂ ਜਗਤ ਦੇ ਕੰਡੇ ਦੇਖ ਕੇ ਹਾਇ ਹਾਇ ਵਿਚ ਪੈ ਜਾਓਗੇ ਤਾਂ ਅਖੀਰ ਨਿੰਦਾ ਵਿਚ ਜਾ ਅੱਪੜੋਗੇ। ਗੁਰੂ ਕਾ ਹੁਕਮ ਨਿਰਮਾਨ ਪਦ ਦੇ ਲੱਭਣੇ ਦਾ ਹੈ, ਉਸਤਤ ਨਿੰਦਾ

ਤਿਆਗਣੇ ਦਾ ਹੈ। ਸੋ ਆਪ ਸੰਵਾਰੋ, ਗੁਰਮਤ ਸਮਝੋ, ਉਸ ਤੇ ਟੁਰੋ, ਜਦੋਂ ਕੋਈ ਪ੍ਰਾਪਤੀ ਹੋ ਜਾਏ ਤਾਂ ਜੋ ਸੇਵਾ ਸਰ ਬਣ ਆਵੇ ਕਰੋ। ਵਾਹਿਗੁਰੂ ਬਲ ਬਖਸ਼ੇ ਤਾਂ ਮਾੜੀਆਂ ਗੱਲਾਂ ਦਾ ਸੁਧਾਰ ਕਰੋ, ਪਰ ਨਿਰੇ ਦੇਖ ਦੇਖ ਕੇ ਦੁਖੀ ਹੋਣ ਦਾ ਲਾਭ ਨਹੀਂ।

ਸੁਜਾਨ ਸਿੰਘ – ਮੈਨੂੰ ਆਪਣੀ ਭੁੱਲ ਦਿਸ ਪਈ ਹੈ। ਅਸਲ ਵਿਚ ਪੱਛਮੀ ਵਿਦਿਆ ਥੋੜ੍ਹੀ ਜਿਹੀ ਪੜ੍ਹ ਕੇ ਜਿਹੀ ਕਿ ਅਸਾਂ ਲੋਕਾਂ ਨੂੰ ਮਿਲੀ ਹੈ ਧਿਆਨ ਜਗਤ ਵੰਨੇ ਬਹੁਤ ਪੈਂਦਾ ਹੈ। ਹੁਣ ਆਪ ਕਿਰਪਾ ਕਰਕੇ ਦੱਸੋ ਜੋ ਮੈਂ ਕੀਕੂੰ ਸੁਮੱਤੇ ਲੱਗਾਂ?

ਸੰਤ – ਤੁਸੀਂ ਲਗ ਰਹੇ ਹੋ ਠੀਕ ਰਸਤੇ, ਦਸਾਂ ਨਵ੍ਹਾਂ ਦੀ ਕਿਰਤ ਕਰਦੇ ਹੋ, ਪ੍ਰਸ਼ਾਦਿ ਛਕਦੇ ਹੋ ਤੇ ਵੰਡ ਛਕਦੇ ਹੋ। ਬਾਣੀ ਪੜ੍ਹਦੇ ਹੋ ਤੇ ਵੀਚਾਰਦੇ ਹੋ ਤੇ ਉਸ ਪਰ ਅਮਲ ਕਰਨ ਦਾ ਜਤਨ ਕਰਦੇ ਹੋ। ਦਿਲ ਤੁਹਾਡਾ ਟਿਕਦਾ ਬੀ ਹੈ, ਵੀਚਾਰਦਾ ਬੀ ਹੈ ਤੇ ਸਾਂਈ ਵਲ ਰੁਖ ਬੀ ਕਰਦਾ ਹੈ, ਹੋਰ ਕੀਹ ਲੋਚਦੇ ਹੋ?

ਸੁਜਾਨ ਸਿੰਘ – ਕ੍ਰਿਪਾ ਨਿਧ ਜੀਓ! ਮੈਨੂੰ ਹੁਣ ਬਹੁਤ ਵੀਚਾਰ ਫੁਰਦੇ ਹਨ, ਜੈਸੇ ਮੈਂ ਆਪ ਨੂੰ ਸੁਣਾਏ ਹਨ ਕਿ ਗੰਗਾ ਵਿਚ ਮੌਤ ਤੇ ਜੀਵਨ ਦੋ ਸਾਮਾਨਾਂ ਨੂੰ ਤੱਕ ਕੇ ਪੈਦਾ ਹੋਏ। ਜ਼ਿੰਦਗੀ ਕੀ ਹੈ? ਅਸਾਂ ਦੇ ਆਵਣ ਜਾਣ ਦਾ ਟਿਕਾਣ ਕੀ ਹੈ? ਇਹ ਦਿੱਸਦਾ ਤੇ ਵਸਦਾ ਜਗਤ ਹੈ ਕਿ ਨਹੀਂ, ਮਾਇਆ ਹੀ ਮਾਇਆ ਹੈ ਕਿ ਕੁਛ ਹੈ ਬੀ, ਜ਼ਿੰਦਗੀ ਤੇ ਮੌਤ ਦੁਇ ਢੋਲ ਚੁਹੱਕਲੀ ਵਾਂਙੂ ਫਸੇ ਦੀਹਦੇ ਹਨ। ਕੀਹ ਇਵੇਂ ਹੀ ਹੈ ਕਿ ਮੇਰੀ ਵੀਚਾਰ ਕਸਰ ਵਾਲੀ ਹੈ। ਦੁਖ ਕਿਉਂ ਹੈ, ਪਾਪ ਕਿਉਂ ਹੈ? ਲੋਕ ਸਿੱਧੇ ਰਾਹ ਕਿਉਂ ਨਹੀਂ ਤੁਰਦੇ? ਜਗਤ ਵਿਚ ਕੋਈ ਸੁਖੀ ਨਹੀਂ? ਫੇਰ ਦੂਜੇ ਨਾਲ ਧੋਖਾ ਤੇ ਧੱਕਾ ਕਿਉਂ ਕੀਤਾ ਜਾਂਦਾ ਹੈ? ਐਸ ਐਸ ਤਰ੍ਹਾਂ ਦੇ ਅਨੇਕ ਸ਼ੰਕੇ ਉਪਜਦੇ ਤੇ ਉਦਾਸ ਕਰਦੇ ਹਨ।

ਸੰਤ – ਭਾਈ! ਜੋ ਕੋਈ ਜਗਤ ਵਿਚ 'ਗਾਫਲੀ' ਵਿਚ ਦਿਨ ਗੁਜ਼ਾਰੇਗਾ, ਐਸੇ ਸੰਸੇ ਉਸਨੂੰ ਘਟ ਉਪਜਣਗੇ, ਪਰ ਉਸਦਾ ਜੀਵਨ ਭੁਲੇਵੇ ਵਿਚ ਬੀਤੇਗਾ। ਸਰੀਰਕ ਮੰਡਲ ਵਿਚ ਹੀ ਉਹ ਖਾਨ ਪਾਨ ਪਹਿਰਨ ਆਦਿਕ ਦੇ ਝੰਜਟਾਂ ਵਿਚ ਦਿਨ ਗੁਜ਼ਾਰ ਜਾਏਗਾ। ਅਰਥਾਤ ਜੋ ਸੁਖ ਦਰਅਸਲ ਸੁਖ ਰੂਪ ਨਹੀਂ ਹਨ ਉਨ੍ਹਾਂ ਸੁਖਾਂ ਦੀ ਪ੍ਰਾਪਤੀ ਵਾਸਤੇ ਉਸਦਾ ਬਲ ਤੇ ਬੁੱਧੀ ਖਰਚ ਹੁੰਦੇ ਰਹਿਣਗੇ। ਪਰ ਹੋ ਸਕਦਾ ਹੈ ਕਿ ਅੰਤ ਉਸਨੂੰ ਪਤਾ ਲੱਗੇ ਕਿ ਅਮੋਲਕ ਜੀਵਨ ਬੱਚਿਆਂ ਵਾਂਙ ਕਾਟੀਆਂ ਲੜਾਉਂਦਿਆਂ ਕਦੀ ਕਟਦਿਆਂ ਤੇ ਕਦੀ ਕਟਾਉਂਦਿਆਂ ਲੰਘ ਗਿਆ, ਹੁਣ ਆਪਣੇ ਹੱਥ ਕੀ ਆਇਆ ਹੈ? ਡੋਰ ਨਾਲ ਪੈ ਗਏ ਹੱਥਾਂ ਦੇ ਚੀਰ। ਜੇ ਕੋਈ 'ਵੀਚਾਰ' ਦੇ ਰਾਹ ਪੈ ਜਾਏਗਾ ਜਿਵੇਂ ਤੁਸੀਂ ਬਾਣੀ ਪੜ੍ਹ ਕੇ ਪੈ ਗਏ ਹੋ, ਉਸ ਨੂੰ ਐਸੇ ਫੁਰਨੇ ਫੁਰਨਗੇ ਜੈਸੇ ਹੁਣ ਤੁਹਾਨੂੰ ਫੁਰਦੇ ਹਨ ਤੇ ਜੋ ਤੁਸਾਂ ਹੁਣ ਮੈਨੂੰ ਦੱਸੇ ਹਨ ਪੁੱਛਾਂ ਰੂਪ ਕਰਕੇ। ਇਹ ਮਾੜੇ ਹਨ ਜੇ ਰੋੜ੍ਹ ਲੈਣ ਜਾਣ, ਪਰ ਇਹ ਮਾੜੇ ਨਹੀਂ ਜੇ ਇਨ੍ਹਾਂ ਵਿਚੋਂ ਬੰਦਾ ਰਾਹ ਲੱਭ ਲਏ ਤਾਂ। ਅਸਲ ਵਿਚ ਇਹ ਫੁਰਨੇ ਹਨ ਜੋ ਇਸ ਵਾਸਤੇ ਆਉਂਦੇ ਹਨ ਕਿ ਸਾਰ ਅਸਾਰ ਦੀ ਸੋਝੀ ਹੋ ਆਵੇ ਤੇ ਬਲ ਭਰ ਆਵੇ ਸਾਰ ਨੂੰ ਰਾਗ ਕਰਨ ਦਾ ਤੇ ਅਸਾਰ ਤੋਂ ਵੈਰਾਗ ਕਰਨ ਦਾ। ਪਰ ਜੇ ਤੁਸੀਂ ਇਨ੍ਹਾਂ ਗੱਲਾਂ ਦੇ ਝਗੜਿਆਂ ਵਿਚ ਪੈ ਜਾਓਗੇ ਤਾਂ ਬਿਰਥਾ ਹਾਂਡ ਹੋਸੀ।

ਸੁਜਾਨ ਸਿੰਘ – ਕੀਹ ਕੀਹ ਵੀਚਾਰ ਛੱਡਾਂ ਤੇ ਕੀਹ ਕੀਹ ਰੱਖਾਂ?

ਸੰਤ – ਜੋ ਵੀਚਾਰ ਭਰਮ ਦੀ ਸੂਰਤ ਧਾਰੇ, ਜੋ ਵੀਚਾਰ ਹੁੱਜਤ ਦੀ ਸ਼ਕਲ ਪਕੜੇ ਤੇ ਘਬਰਾ ਵਿਚ ਪਾਵੇ ਛੱਡ ਦਿਓ। ਜੋ ਨਿਰਨੇ ਕਰਦਾ ਅੰਤ ਨਿਹਚੇ ਦੇ ਘਰ ਲੈ ਜਾਵੇ ਰੱਖ ਲਓ। ਅਸਲ ਗੱਲ ਸਿੰਘ ਜੀ ਇਹ ਹੈ ਕਿ ਨਿਰੀ ਕਥਨੀ ਤੇ ਨਿਰੀ ਸੋਚ ਨਾਲ ਨਿਸ਼ਾ ਖਾਤਰ ਨਹੀਂ ਹੋ ਸਕਦੀ। ਕਰਨੀ ਯਾ ਅਮਲ ਜ਼ਰੂਰੀ ਚੀਜ਼ ਹੈ, ਆਪ ਗੁਰੂ ਜੀ ਦਾ ਵਾਕ ਹੈ – *ਕਥਨੀ ਬਦਨੀ ਪੜਿ ਪੜਿ ਭਾਰੁ॥* ਮੂੰਹ ਦੀ ਕਥਨੀ ਤੇ ਨਿਰੀ ਵਿਦਿਆ ਦੇ ਵੀਚਾਰ ਨਾਲ ਨਿਸਤਾਰਾ ਨਹੀਂ, ਉਹ ਅਮਲ ਨਾਲ ਹੈ, ਕਿਉਂਕਿ ਅਮਲ ਲਿਵ ਦੇ ਘਰ ਲੈ ਜਾਂਦਾ ਹੈ। ਲਿਵ ਲਗਦੀ ਹੈ ਨਾਮ ਨਾਲ ਤੇ ਭਰਮ ਉਡਦਾ ਹੈ ਲਿਵ ਦੇ ਘਰ ਗਿਆਂ, ਦੇਖੋ ਦਾਤਾ ਗੁਰੂ ਜੀ ਦਾ ਵਾਕ ਹੈ –

***ਸਬਦਿ ਮਰੈ ਤਾਂ ਏਕ ਲਿਵ ਲਾਏ॥***
***ਅਚਰੁ ਚਰੈ ਤਾਂ ਏਕ ਲਿਵ ਲਾਏ॥***

ਪਰ ਜਗ ਕੀਕੂੰ ਵਰਤ ਰਿਹਾ ਹੈ –

***ਜਗਿ ਗਿਆਨੀ ਵਿਰਲਾ ਆਚਾਰੀ॥***
***ਜਗਿ ਪੰਡਿਤੁ ਵਿਰਲਾ ਵੀਚਾਰੀ॥***

ਤੁਸਾਂ ਆਚਾਰ ਵਾਲੇ ਤੇ ਵੀਚਾਰ ਵਾਲੇ ਬਣਨਾ ਹੈ। ਹੁੱਜਤੀ ਤੇ ਫੋਕੇ ਕਥਨੀ ਤੇ ਗਪਾਸਟਕਾਂ ਦੇ ਪੰਡਿਤ ਨਹੀਂ ਬਣਨਾ।

ਸੁਜਾਨ ਸਿੰਘ – ਕਿਵੇਂ ਕਰਾਂ?

ਸੰਤ – ਏਸ ਸ਼ਬਦ ਤੇ ਅਮਲ ਕਰੋ ਜੋ ਮੈਂ ਤੁਸਾਂ

ਨੂੰ ਸੁਣਾਉਂਦਾ ਹਾਂ -

*ਗੁਰਮਤਿ ਸਾਚੀ ਹੁਜਤਿ ਦੂਰਿ॥*
*ਬਹੁਤੁ ਸਿਆਣਪ ਲਾਗੈ ਧੂਰਿ॥*
*ਲਾਗੀ ਮੈਲੁ ਮਿਟੈ ਸਚ ਨਾਇ॥*
*ਗੁਰ ਪਰਸਾਦਿ ਰਹੈ ਲਿਵਲਾਇ॥*
*ਹੈ ਹਜੂਰਿ ਹਾਜਰੁ ਅਰਦਾਸਿ॥*
*ਦੁਖੁ ਸੁਖੁ ਸਾਚੁ ਕਰਤੇ ਪ੍ਰਭ ਪਾਸਿ॥*
*ਕੂੜੁ ਕਮਾਵੈ ਆਵੈ ਜਾਵੈ॥*
*ਕਹਨਿ ਕਥਨਿ ਵਾਰਾ ਨਹੀ ਆਵੈ॥*
*ਕਿਆ ਦੇਖਾ ਸੂਝ ਬੂਝ ਨ ਪਾਵੈ॥*
*ਜੋ ਜਨਮੇ ਸੋ ਰੋਗਿ ਵਿਆਪੇ॥*
*ਹਉਮੈ ਮਾਇਆ ਦੂਖਿ ਸੰਤਾਪੇ॥*
*ਸੇ ਜਨ ਬਾਂਚੇ ਜੋ ਪ੍ਰਭਿ ਰਾਖੇ॥*
*ਸਤਿਗੁਰੁ ਸੇਵਿ ਅੰਮ੍ਰਿਤ ਰਸੁ ਚਾਖੇ॥*
*ਚਲਤਉ ਮਨੁ ਰਾਖੈ ਅੰਮ੍ਰਿਤੁ ਚਾਖੈ॥*
*ਸਤਿਗੁਰ ਸੇਵ ਅੰਮ੍ਰਿਤ ਸਬਦੁ ਭਾਖੈ॥*
*ਸਾਚੇ ਸਬਦਿ ਮੁਕਤਿ ਗਤਿ ਪਾਏ॥*
*ਨਾਨਕ ਵਿਚਹੁ ਆਪੁ ਗਵਾਏ॥*

ਇਸ ਵਿਚ ਸਤਿਗੁਰੂ ਜੀ ਇਹ ਸੁਮੱਤ, ਹਾਂ ਇਹ ਗੁਰਮਤ ਦਸਦੇ ਹਨ -

ਰਹਾਉ ਤੋਂ ਅਰਥ ਕਰਦੇ ਹਾਂ। ਪਹਿਲੀ ਗੱਲ ਇਹ ਹੈ ਕਿ ਵਾਹਿਗੁਰੂ ਹੈ ਤੇਰੇ ਸਦਾ ਹਜ਼ੂਰ ਹੈ। ਉਸ ਦੇ ਚਰਨਾਂ ਵਿਚ ਹਾਜ਼ਰ ਰਹੁ ਤੇ ਅਰਦਾਸ ਕਰ - ਜੋ ਕੁਛ ਤੈਨੂੰ ਸੁਖ ਦੁਖ ਹੈ ਉਹ ਉਸ ਸਦਾ ਥਿਰ ਕਰਤਾਰ ਦੇ ਚਰਨਾਂ ਵਿਚ ਅਰਦਾਸ ਕਰ ਪਰ ਉਸਨੂੰ ਹਾਜ਼ਰਾ ਹਜ਼ੂਰ ਸਮਝ ਕੇ ਅਰਦਾਸ ਕਰਨੀ ਹੈ। ਇਹ ਭਾਈ ਹਈ ਗੁਰਮਤਿ ਤੇ ਗੁਰਮਤ ਦੀ ਹੈ ਸੱਚੀ ਅਕਲ, ਸੱਚੀ ਮਤ ਤੇ ਸਾਰ ਮਤਿ। ਇਸ ਪਰ ਹੁੱਜਤਾਂ ਨਾ ਕਰੋ। ਹੁੱਜਤ ਕਹਿੰਦੇ ਹਨ ਵਿਤੰਡਾਵਾਦ ਲਈ ਮਨ ਦੀ ਚਾਤੁਰੀ ਨਾਲ ਵਾਦੀ ਨੂੰ ਕੇਵਲ ਹਰਾਉਣ ਲਈ ਦਿਤੀਆਂ ਦਲੀਲਾਂ, ਜੋ ਯੁਕਤ ਹੋਣ ਚਾਹੋ ਅਯੁਕਤ, ਪ੍ਰਵਾਹ ਨਹੀਂ, ਉਨ੍ਹਾਂ ਦੀ ਵਰਤੋਂ ਇਸ ਲਈ ਨਹੀਂ ਕਿ ਸਾਰ ਅਸਾਰ ਦਾ ਨਿਰਨਾ ਹੋ ਜਾਏ ਪਰ ਹਾਰ ਜਿੱਤ। ਸੋ ਹੁੱਜਤਾਂ ਨੂੰ ਦੂਰ ਰਖੋ ਕਿਉਂਕਿ ਹੁੱਜਤ ਮਨਮਤਿ ਹੈ ਤੇ ਮਨਮਤਿ ਅੰਧਕਾਰ ਨਾਲ ਮਿਲੀ ਹੋਈ ਹੁੰਦੀ ਹੈ। ਗੁਰਮਤਿ ਜੋ ਹੈ ਸੋ (ਗੁ+) ਅੰਧਕਾਰ ਨੂੰ (ਰੂ—) ਪ੍ਰਕਾਸ਼ ਨਾਲ ਦੂਰ ਕਰਕੇ ਪ੍ਰਕਾਸ਼ ਸਰੂਪ ਹੁੰਦੀ ਹੈ। ਇਹ ਗੁਰਮਤਿ ਗੁਰੂ ਦੇਂਦਾ ਹੈ ਜੋ ਰੱਬੀ ਗਿਆਨ ਨਾਲ ਸਿੱਖਿਆ ਪਾ ਰਹੇ ਮਨ ਦਾ ਅੰਧੇਰਾ ਦੂਰ ਕਰਦਾ ਹੈ। ਉਹ ਸਿਆਣਪ ਖਰੀ ਹੈ ਜੋ ਸਾਰ ਵਸਤੂ ਨੂੰ ਪਛਾਣ ਲਵੇ ਪਰ ਜੋ ਹੁੱਜਤਾਂ ਵਿਚ ਲੈ ਜਾਵੇ ਉਹ ਹੈ ਅਤਿ ਸਿਆਣਪ, ਯਾ ਬਹੁਤ ਸਿਆਣਪ, ਉਸ ਨਾਲ ਮਨ ਨੂੰ ਧੂੜ ਲਗਦੀ ਹੈ ਤੇ ਜਮ ਦਾ ਭਉ ਵਿਆਪਦਾ ਹੈ ਅੰਤ ਨੂੰ। ਮੈਲ ਜੋ ਹੁੱਜਤਾਂ ਤੇ ਅਤਿ ਸਿਆਣਪਾਂ ਨਾਲ ਆ ਲੱਗੇ ਉਸ ਦਾ ਦਾਰੂ ਹੈ ਨਾਮ। ਇਸ ਨਾਮ ਵਿਚ ਲਿਵ ਲਾਈ ਰਹੇ। ਇਹ ਨਾਮ ਗੁਰੂ ਦੀ ਮਿਹਰ ਨਾਲ ਮਿਲਦਾ ਹੈ। ਜੇ ਇਸ ਮਾਰਗ ਤੋਂ ਘੁੱਸ ਕੇ ਕੂੜੇ ਕਰਮਾਂ ਵਿਚ ਲਗ ਜਾਏਗਾ ਤਾਂ ਮਨ ਨਹੀਂ ਸੁਖ ਦੇ ਘਰ ਜਾਏਗਾ, ਭਟਕ ਨਹੀਂ ਹਟੇਗੀ ਤੇ ਜਨਮ ਮਰਨ ਨਹੀਂ ਮਿਟੇਗਾ। ਜੇ ਕਹਿਣੀ ਤੇ ਕਥਨੀ ਮਾਤ੍ਰ ਦਾ ਗਿਆਨੀ ਬਣ ਜਾਏਗਾ ਤਾਂ ਬੀ ਫਸਿਆ ਰਹੇਗਾ, ਛੁਟਕਾਰੇ ਦੀ ਵਾਰੀ ਨਹੀਂ ਆਵੇਗੀ। ਕਿਉਂਕਿ ਕਥਨੀ ਮਾਤ੍ਰ ਨਾਲ ਅਸਲੀ ਸੋਝੀ ਤੇ ਬੂਝ ਨਹੀਂ ਪ੍ਰਾਪਤ ਹੁੰਦੀ। ਮੂੰਹ ਦੇ ਗਿਆਨੀਆਂ ਨੂੰ ਮਨ ਵਿਚ ਠੰਢ ਨਹੀਂ ਵਰਤਦੀ, ਉਜਲਤਾ ਨਹੀਂ ਆਉਂਦੀ ਤੇ ਬੁੱਧਈਮਤਾ ਨਾਲ ਤੇ ਗੁਰਮਤਿ ਨਾਲ ਨਿਹਚੇ ਦੇ ਘਰ ਨਹੀਂ ਅਪੜਦੇ, ਸੱਚ ਜਾਣੋ ਕਿ ਇਹ ਤ੍ਰਿਪਤੀ ਨਾਮ ਬਿਨਾਂ ਨਹੀਂ ਆਉਂਦੀ। ਨਜ਼ਰ ਪਸਾਰ ਕੇ ਦੇਖ ਲਓ ਕਿ ਨਾਮ ਬਿਨਾਂ ਸੁਖੀ ਕੋਈ ਨਹੀਂ। ਜੋ ਜਨਮਿਆਂ ਹੈ ਉਸਦੇ ਸਰੀਰ ਨੂੰ ਰੋਗ ਵਿਆਪਦਾ ਹੈ। ਹਉਮੈ ਤੇ ਮਾਇਆ ਦੇ ਦੁਖ ਉਸਦੇ ਮਨ ਨੂੰ ਸੰਤਾਪ ਦੇਂਦੇ ਹਨ। ਇਨ੍ਹਾਂ ਰੋਗਾਂ ਤੇ ਦੁੱਖਾਂ ਤੋਂ ਕੌਣ ਬਚਨ? ਜਿਨ੍ਹਾਂ ਨੂੰ ਵਾਹਿਗੁਰੂ ਨੇ ਆਪ ਬਚਾ ਲਿਆ ਹੈ। ਵਾਹਿਗੁਰੂ ਨੇ ਕਿਨ੍ਹਾਂ ਨੂੰ ਬਚਾਇਆ ਹੈ? ਜਿਨ੍ਹਾਂ ਨੇ ਸਤਿਗੁਰੂ ਦੀ ਸੇਵਾ ਕਰਕੇ ਅੰਮ੍ਰਿਤ ਨਾਮ ਦਾ ਰਸ ਚੱਖਿਆ ਹੈ। ਇਹ ਅੰਮ੍ਰਿਤ ਕਿਵੇਂ ਚੱਖੀਦਾ ਹੈ? ਸਤਿਗੁਰਾਂ ਦੀ ਸੇਵਾ ਕਰਕੇ ਨਾਮ ਪ੍ਰਾਪਤ ਕਰੇ ਤੇ ਉਸ ਪ੍ਰਾਪਤ ਹੋਏ ਅਮਰ ਨਾਮ ਦਾ ਜਪ ਕਰੇ। ਜਪ ਇਸ ਤਰ੍ਹਾਂ ਕਰੇ ਕਿ ਸੰਕਲਪਾਂ ਵਿਕਲਪਾਂ ਵਿਚ ਚਲਾਇਮਾਨ ਰਹਿਣ ਵਾਲੇ ਮਨ ਨੂੰ ਰੋਕ ਕੇ ਨਾਮ ਜਪੇ, ਤਾਂ ਹੀ ਨਾਮ ਵਿਚ ਅੰਮ੍ਰਿਤ ਰਸ ਨੂੰ ਚੱਖੇਗਾ। ਇਸੇ ਤਰ੍ਹਾਂ ਅੰਮ੍ਰਿਤ ਰਸ ਨੂੰ ਚਖਦਿਆਂ ਹੋਇਆਂ ਜੋ ਨਾਮ ਵਿਚ ਰਹਿਣਾ ਹੈ ਇਹ ਸੱਚਾ ਸ਼ਬਦ ਅਭਿਆਸ ਹੈ। ਇਸ ਨਾਲ ਮੁਕਤੀ ਪ੍ਰਾਪਤ ਨਹੀਂ ਹੁੰਦੀ ਹੈ ਤੇ ਆਪਾ ਭਾਵ ਦੂਰ ਹੋ ਕੇ ਪੂਰਨ ਗਤੀ ਪ੍ਰਾਪਤ ਹੋ ਜਾਂਦੀ ਹੈ।

ਸੁਜਾਨ ਸਿੰਘ - ਆਪ ਨੇ ਜੋ ਫੁਰਮਾਇਆ ਹੈ, ਉਸਦਾ ਸਾਰ ਅੰਸ਼ ਇਹ ਹੈ ਕਿ ਮੈਂ ਵਾਹਿਗੁਰੂ ਜੀ ਨੂੰ ਹਾਜ਼ਰਾ ਹਜ਼ੂਰ ਸਮਝਾਂ, ਉਸ ਅੱਗੇ ਅਰਦਾਸ ਕਰਾਂ ਤੇ ਉਸਦਾ ਨਾਮ ਜਪਾਂ। ਹੁੱਜਤਾਂ ਆਦਿਕ ਛੱਡ ਦਿਆਂ।

ਸੰਤ - ਠੀਕ ਹੈ।

ਸੁ: ਸਿੰਘ - ਫੇਰ ਨਾਮ ਦਾਨ ਕਰੋ।

ਸੰਤ – ਤੁਸਾਂ ਅੰਮ੍ਰਿਤ ਛਕਿਆ ਹੈ ਕਿ ਨਹੀਂ?

ਸੁ: ਸਿੰਘ – ਜੀ ਛਕਿਆ ਹੈ।

ਸੰਤ – ਉਸ ਵੇਲੇ ਨਾਮ ਦਾਨ ਹੋਇਆ ਸੀ, ਬਾਣੀ ਦਾ ਉਪਦੇਸ਼ ਹੋਇਆ ਸੀ, ਰਹਿਤ ਦਾ ਉਪਦੇਸ਼ ਹੋਇਆ ਸੀ ਤੇ ਪੰਥਕ ਜੀਵਨ ਦਾ ਉਪਦੇਸ਼ ਮਿਲਿਆ ਸੀ?

ਸੁ: ਸਿੰਘ (ਸੋਚ ਕੇ) – ਜੀ ਹਾਂ, ਠੀਕ ਹੈ, ਹੋਇਆ ਸੀ।

ਸੰਤ – ਭਾਈ ਫੇਰ ਸਤਿਗੁਰੂ ਦੇ ਸਰੂਪ ਪੰਜਾਂ ਪਿਆਰਿਆਂ ਨੇ ਗੁਰੂ ਬਾਣੀ ਦੇ ਬੋਹਿਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆਂ ਗੁਰੂ ਰੂਪਤਾ ਵਿਚ ਤੁਸਾਂ ਨੂੰ ਨਾਮ ਬਖਸ਼ਿਆ ਸੀ, ਸੋ ਨਾਮ ਤਾਂ ਤੁਸਾਂ ਨੂੰ ਪ੍ਰਾਪਤ ਹੋਇਆ ਹੋਇਆ ਹੈ, ਪਰ ਤੁਸਾਂ ਨੇ ਰਾਸ ਪ੍ਰਾਪਤ ਕਰਕੇ ਉਸਦਾ ਵਣਜ ਵਿਉਪਾਰ ਨਹੀਂ ਕੀਤਾ, ਮਾਨੋਂ ਤੁਸੀਂ ਇਕ ਗੁਮਾਸ਼ਤੇ ਹੋ ਜਿਸਨੂੰ ਮਾਲਕ ਨੇ ਰਾਸ ਦਿਤੀ ਹੈ ਪਰ ਉਸਨੇ ਧਰਤੀ ਵਿਚ ਸਾਂਭ ਛੱਡੀ ਹੈ, ਵਪਾਰ ਵਿਚ ਨਹੀਂ ਲਾਈ ਤੇ ਉਸਦਾ ਵਾਧਾ ਨਹੀਂ ਕੀਤਾ।

ਸੰਤ – ਲੱਗ ਪਓ। ਜ਼ਰੂਰ ਲੱਗ ਪਓ।

ਸੁਜਾਨ ਸਿੰਘ – ਕਿਵੇਂ?

ਸੰਤ – ਮੈਂ ਤੁਸਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਿਹਰ ਦੀ ਇਕ ਸਾਖੀ ਸੁਣਾ ਦੇਂਦਾ ਹਾਂ, ਜਿਵੇਂ ਕਿ ਮੈਂ ਤੁਸਾਂ ਨੂੰ ਸਤਿਗੁਰ ਨਾਨਕ ਦੇਵ ਜੀ ਦਾ ਸ਼ਬਦ ਸੁਣਾਇਆ ਹੈ। ਉਸ ਤੋਂ ਇਸੇ ਕਰਨੀ ਦੀ ਹੋਰ ਸਮਝ ਪੈ ਜਾਏਗੀ।

ਸਤਿਗੁਰੂ ਜੀ ਦੇ ਸਮੇਂ ਦੋ ਸਿੱਖ ਹੋਏ ਹਨ। ਇਕ ਸੀ 'ਫਿਰਣਾ' ਜਾਤ ਦਾ 'ਖਹਿਰਾ' ਤੇ ਦੂਜਾ ਸੀ 'ਜੋਧ'। ਖਿਆਲ ਪੈਂਦਾ ਹੈ ਕਿ ਦੁਇ ਖਡੂਰ ਵਾਸੀ ਹੋਣੇ ਹਨ। ਇਹ ਦੋਵੇਂ ਸਤਿਗੁਰੂ ਦਾ ਜਸ ਸੁਣਕੇ ਤੇ ਵੈਰਾਗ ਭਰੇ ਹੋ ਕੇ ਗੁਰੂ ਨਾਨਕ ਦੇਵ ਜੀ ਦੀ ਸ਼ਰਣ ਆਏ ਤੇ ਇਸ ਤਰ੍ਹਾਂ ਦੀ ਅਰਦਾਸ ਕੀਤੀਓ ਨੇ –

***ਹਾਥ ਬੰਦ ਅਰਦਾਸ ਉਚਾਰੀ।***
***ਹਮ ਆਏ ਅਬ ਸ਼ਰਨ ਤੁਮਾਰੀ॥***
***ਨਿਜ ਉਪਦੇਸ਼ ਕਰੋ ਬਖਿਆਨਾ॥***
***ਜਿਸ ਪ੍ਰਕਾਰ ਹ੍ਵੈ ਹਮ ਕਲਿਆਨਾ॥***
***ਸਿਖੀ ਪ੍ਰਾਪਤਿ ਮਨ ਮਹਿ ਹੋਵਹਿ॥***
***ਬਹੁਰ ਨ ਕਬਹੂੰ ਕਾਲ ਬਿਗੋਵਹਿ॥***

ਤਦ ਸਤਿਗੁਰੂ ਜੀ ਨੇ ਬਚਨ ਕੀਤਾ –

ਪਹਿਲਾ ਬਚਨ ਇਹ ਹੈ ਕਿ ਵਾਹਿਗੁਰੂ ਨੂੰ ਮੰਨੋ ਕਿ ਹੈ ਤੇ ਉਸਨੂੰ ਮਾਲਕ ਸਮਝੋ ਤੇ ਨਿਜ ਨੂੰ ਉਸਦਾ ਦਾਸ ਸਮਝੋ। ਇਸ ਭਾਵਨਾ ਦੇ ਨਾਲ ਆਪਣੇ ਮਨ ਨੂੰ ਨੀਵਾਂ ਰੱਖੋ। ਮਨ ਨੀਵੇਂ ਕਰਨ ਨਾਲ ਹਉਂ ਦੂਰ ਹੁੰਦੀ ਹੈ, ਜੋ ਸਾਡੇ ਤੇ ਵਾਹਿਗੁਰੂ ਜੀ ਵਿਚ ਵਿੱਥ ਪਾਉਂਦੀ ਰਹਿੰਦੀ ਹੈ। ਮਨ ਨੀਵਾਂ ਰੱਖਣੇ ਲਈ ਸੇਵਾ ਕਰੋ ਨਾਮ ਦੇ ਪਿਆਰੇ ਗੁਰਮੁਖਾਂ ਗੁਰਸਿੱਖਾਂ ਦੀ। ਫਿਰ ਇਸ ਮਨ ਨੂੰ ਪ੍ਰਮੇਸ਼ਰ ਦੇ ਭੈ ਤੇ ਭਾਵ ਵਿਚ ਲਾਉਣ ਵਾਸਤੇ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਨਾਮ ਦਾ ਅਭਿਆਸ ਕਰਨਾ ਤੇ ਬਾਣੀ ਨਾਲ ਪਿਆਰ ਕਰਨਾ।

***ਮਨ ਨੀਵੇਂ ਸਤਿ ਸੰਗਤ ਜਾਇ॥***
***ਗੁਰ ਕੋ ਸਬਦ ਸੁਨਹੁ ਹਿਤ ਲਾਇ॥***

ਬਾਣੀ ਜੋ ਆਖੇ ਉਸਦਾ ਮੰਨਨ ਕਰਨਾ, ਅਰਥਾਤ ਬਾਣੀ ਦਾ ਵੀਚਾਰ ਕਰਨਾ ਤੇ ਜੋ ਆਖੇ ਉਸਤੇ ਅਮਲ ਕਰਨਾ।

ਇਸ ਤਰ੍ਹਾਂ ਗੁਰੂ ਦੀ ਆਗਿਆ ਤੇ ਅਮਲ ਕਰਦਿਆਂ ਦੋਹਾਂ ਦਾ ਉਧਾਰ ਹੋਇਆ।

ਸੁ: ਸਿੰਘ – ਇਹ ਸਾਖੀ ਬੀ ਉਹੋ ਮੱਤ ਦਿੰਦੀ ਹੈ ਜੋ ਮੱਤ ਕਿ ਆਪ ਨੇ ਪਹਿਲਾਂ ਗੁਰੂ ਕੇ ਸ਼ਬਦ ਵਿਚੋਂ ਸੁਣਾਈ ਹੈਸੀ।

ਸੰਤ – ਫੇਰ ਇਹੋ ਤਾਂ ਗੱਲ ਹੈ ਭਾਈ! ਸੰਤਾਂ ਪਾਸ ਹੋਰ ਕਿਹੜੀ ਆਪਣੀ ਗੱਲ ਹੈ। ਗੁਰੂ ਕੀ ਬਖਸ਼ੀ ਗੁਰਮਤਿ। ਸੋ ਸੁਣੋ ਤੇ ਉਸਦੀ ਆਗਿਆ ਅਨੁਸਾਰ ਟੁਰੋ – 'ਗੁਰਸਿੱਖ ਮੀਤ ਚਲਹੁ ਗੁਰ ਚਾਲੀ॥'

ਸੁ: ਸਿੰਘ – ਸਤਿਬਚਨ! ਮਹਾਰਾਜ! ਜੀਉ ਜੀ, ਕੁਛ ਸੰਗਿਆ ਆਉਂਦੀ ਹੈ ਗੱਲ ਕਰਦਿਆਂ, ਪਰ ਵੈਦ ਮਿਲੇ ਤਾਂ ਦੁੱਖ ਦੱਸਣਾ ਹੀ ਬਨਦਾ ਹੈ। ਜੋ ਸੁਮੱਤ ਆਪ ਨੇ ਅੱਜ ਬਾਣੀ ਤੇ ਪ੍ਰਸੰਗ ਸੁਣਾ ਕੇ ਦੱਸੀ ਹੈ ਇਹੋ ਆਪ ਨੇ ਤਦੋਂ ਕਥਾ ਵਿਚ ਨਿਰੂਪਣ ਕੀਤੀ ਸੀ ਤੇ ਇਹ ਸਰੀਰ ਇਸੇ ਜਤਨ ਵਿਚ ਰਹਿੰਦਾ ਹੈ। ਦਿਲ ਲਗਦਾ ਬੀ ਹੈ, ਬਾਣੀ ਮਨ ਨੂੰ ਜੋੜਦੀ ਬੀ ਹੈ ਤੇ ਸੋਝੀ ਬੀ ਦੇਂਦੀ ਹੈ। ਆਪ ਨੇ ਜੋ ਮੈਨੂੰ ਹਠ ਯੋਗ ਦੀਆਂ ਸਾਧਨਾਂ ਵਲੋਂ ਰੋਕ ਕੇ ਸਮਝਾਇਆ ਸੀ ਕਿ ਮਨ ਨੂੰ ਕਿਉਂ ਮਾਰਦੇ ਹੋ ਤੇ ਇੰਦ੍ਰੀਆਂ ਨੂੰ ਕਿਉਂ ਜੜ੍ਹ ਕਰਦੇ ਹੋ, ਮਨ ਦੇ ਪ੍ਰਵਾਹ ਨੂੰ ਨਾ ਰੋਕੋ, ਇਸ ਦਾ ਪ੍ਰਵਾਹ ਉਲਟ ਦਿਓ, ਦਰਿਆ ਨੂੰ ਨਾ ਠੱਲੋ, ਠੱਲਣਾ ਅਤਿ ਕਠਨ ਹੈ। ਨਹਿਰ ਕੱਢ ਲਓ ਤੇ ਆਪਣੇ ਉਪਯੋਗੀ ਪਾਸੇ ਦਿਆ ਦੇ ਪ੍ਰਵਾਹ ਨੂੰ ਲੈ ਜਾਓ। ਇਹ ਗੱਲ ਮੈਂ ਟ੍ਰੈਕਟਾਂ ਵਿਚ ਬੀ ਕਿਤੇ ਪੜ੍ਹੀ ਸੀ ਤੇ ਆਪ ਤੋਂ ਬੀ ਸੁਣੀ ਸੀ ਕਿ ਮਨ ਨੂੰ ਅਸਾਰ ਪਦਾਰਥਾਂ ਦੇ ਰੁਖ ਵਲੋਂ ਮੋੜ ਕੇ ਵਾਹਿਗੁਰੂ ਜੀ ਵਲ ਪਾਓ, ਨਾਸ਼ਮਾਨ ਦੇ

ਪਿਆਰੇ ਪਦਾਰਥਾਂ ਦੇ ਸੰਕਲਪਾਂ ਦੇ ਰੁਖ ਵਲੋਂ ਮੋੜ ਕੇ ਵਾਹਿਗੁਰੂ ਜੀ ਵਲ ਪਾਓ, ਨਾਸ਼ਮਾਨ ਦੇ ਪਿਆਰੇ ਪਦਾਰਥਾਂ ਦੇ ਸੰਕਲਪਾਂ ਵਿਕਲਪਾਂ ਵਿਚ ਰੁੜ੍ਹਨੋ ਮਨ ਨੂੰ ਰੋਕ ਕੇ ਅਬਿਨਾਸ਼ੀ ਵਾਹਿਗੁਰੂ ਦੇ ਪਿਆਰ ਸੰਕਲਪਾਂ ਵਿਚ ਪਾਓ ਤੇ ਵਿਧੀ ਆਪ ਨੇ ਨਾਮ ਦੱਸੀ ਸੀ। ਇਉਂ ਮਨ ਟਿਕਦਾ ਹੈ ਤੇ ਟਿਕਦਾ ਜੀਉਂਦੇ ਜੀਵਨ ਸੋਮੇ ਉਤੇ ਹੈ ਤੇ ਉਸ ਨਾਲ ਮੇਲ ਪਾ ਕੇ ਅਨੰਤ ਵਿਚ ਗੰਮਤਾ ਪਾ ਲੈਂਦਾ ਹੈ। ਆਪ ਦੇ ਸਾਰੇ ਬਚਨ ਮੈਨੂੰ ਯਾਦ ਹਨ ਤੇ ਅਪਨੀ ਵਲੋ ਹੀਲਾ ਜਤਨ ਕਰਦਾ ਹਾਂ, ਪਰ ਜੀਓ ਅਨੇਕ ਮਨ ਦੀਆਂ ਰੁਚੀਆਂ ਹਨ ਜੋ ਅਮੁੜ ਹੁੰਦੀਆਂ ਹਨ। ਰੋਕੀਦੀਆਂ ਹਨ ਰੁਕ ਬੀ ਜਾਂਦੀਆਂ ਹਨ, ਪਰ ਫੇਰ ਓਸੇ ਰਾਹੇ ਲੈ ਤੁਰਦੀਆਂ ਹਨ, ਜਿਵੇਂ ਕਹੀਦਾ ਹੈ ਕਿ ਝੱਸ ਆ ਪੈਂਦਾ ਹੈ ਰਾਜ਼ੀ ਹੋਏ ਸ਼ੁਦਾਈ ਨੂੰ ਮੁੜ ਮੁੜ ਸ਼ੁਦਾ ਦਾ, ਤਿਵੇਂ ਰੁਕ ਰੁਕ ਕੇ ਰੁਚੀਆਂ ਆਪ ਦੇ ਮਾੜੇ ਵੇਗਾਂ ਵਲ ਖਿੱਚ ਲੈ ਜਾਂਦੀਆਂ ਹਨ। ਇਸ ਦੁੱਖ ਦਾ ਕੋਈ ਦਾਰੂ ਦੱਸੋ।

ਸੰਤ (ਠੰਢਾ ਸਾਹ ਲੈ ਕੇ) – ਸੱਚ ਕਿਹਾ ਹੈ ਸਿੰਘ ਜੀ ਤੁਸਾਂ ਨੇ। ਪਰ ਗੁਰੂ ਵਾਕ ਹੈ, 'ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥"

ਸੁ: – ਇਹ ਜਤਨ ਤਾਂ ਮਿਹਰ ਨਾਲ ਜਾਰੀ ਹੈ ਪਰ ਅਵੈੜੇ ਪਸੂ ਵਾਂਙੂ ਮਨ ਕਦੇ ਨਾ ਕਦੇ ਜਾ ਹੀ ਪੈਂਦਾ ਹੈ ਆਪਣੇ ਝੱਸ ਵਿਚ ਤੇ ਮਾੜੀਆਂ ਸੋਚਾਂ ਮਾੜੀਆਂ ਕਰਨੀਆਂ ਵਲ, ਕੋਈ ਦੱਸੋ ਜੁਗਤ?

ਸੰਤ – ਇਕ ਤਾਂ ਸੋਧ ਰੱਖੋ ਕਿ 'ਵਾਹਿਗੁਰੂ ਜੀ ਹੈਨ' ਤੇ 'ਮੇਰੇ ਆਪਣੇ ਹੈਨ' ਦੂਸਰੇ ਵਰਤੋਂ ਕੋਲੋਂ ਨਹੀਂ ਸਗੋਂ ਆਪਣੇ ਆਪ ਕੋਲੋਂ, ਤਦੋਂ ਜੇ ਸੱਚ ਧਾਰ ਲਵੇ ਤਾਂ ਫਿਰ ਬਚਾਉ ਸ਼ੁਰੂ ਹੋ ਜਾਂਦਾ ਹੈ। ਆਪਣੇ ਵੀਚਾਰਾਂ ਤੇ ਕਰਮਾਂ ਨੂੰ ਆਪ ਸੱਚ ਦੇ ਚਾਨਣੇ ਵਿਚ ਤੱਕੋ ਤਾਂ ਆਪੇ ਨੂੰ ਆਪੇ ਤੋਂ ਸ਼ਰਮ ਆਵੇਗੀ। ਫੇਰ ਜੋ ਸੋਚੇਗਾ ਕਿ ਮੈਂ ਸੱਚ ਧਾਰਿਆ ਹੈ, ਜੇ ਮੈਥੋਂ ਕਿਸੇ ਪੁਛ ਲਿਆ ਕਿ ਅਮਕੀ ਗੱਲ ਕਿਵੇਂ ਹੈ ਤਾਂ ਸੱਚ ਬੋਲਿਆਂ ਪਤ ਜਾਏਗੀ ਤੇ ਝੂਠ ਬੋਲਿਆਂ ਸੱਚ ਦਾ ਪ੍ਰਣ ਟੁੱਟੇਗਾ। ਐਉਂ ਲੋਕ ਲਾਜ ਦਾ ਭੈ ਜੋ ਪਹਿਲਾਂ ਲੋਕਾਂ ਦੇ ਦਬੇਲ ਬਣਾਉਂਦਾ ਸੀ, ਇਸਦਾ ਸਹਾਈ ਹੋ ਜਾਏਗਾ, ਆਚਰਨ ਉਚੇ ਕਰਨ ਦਾ। ਜਦ ਤਾਂਈ ਕਿ ਆਤਮਾ ਵਿਚ ਬਲ ਨਹੀਂ ਜਾਗਦਾ ਆਪਣਾ ਤੇ ਤਦ ਤਾਈਂ ਰਸ ਨਹੀਂ ਪੈਂਦਾ ਨਾਮ ਦਾ ਆਪਣਾ, ਤਦ ਤਾਈਂ ਸੱਚ ਦਾ ਪ੍ਰਣ ਧਾਰਨ ਕਰਕੇ ਅੰਦਰ ਵਰਤੀ ਰੋਸ਼ਨੀ ਤੇ ਲੋਕ ਲਾਜ ਦੁਇ ਰਲ ਕੇ ਇਸਨੂੰ ਮਾੜੇ ਕਰਮਾਂ ਤੋਂ ਰੋਕਣ ਵਿਚ ਸਹਾਈ ਹੁੰਦੇ ਹਨ। ਇਹ ਬੀ ਸਮਝ ਲਓ ਕਿ ਸੱਚ ਧਾਰਨ ਨਾਲ ਬਲ ਬੀ ਭਰਦਾ ਹੈ, ਬਲੀ ਪੁਰਖ ਹੀ ਸਤਿਵਾਦੀ ਹੋ ਸਕਦਾ ਹੈ ਤੇ ਸਤਵਾਦੀ ਪੁਰਖ ਬਲੀ ਹੋ ਜਾਂਦਾ ਹੈ।

ਸੁ: ਸਿੰਘ – ਠੀਕ ਫੁਰਮਾਇਆ ਨੇ, ਸੁਆਦ ਆ ਗਿਆ ਹੈ, ਹੁਣ ਮੈਂ ਜੀਓ ਜੀ! ਇਹ ਧਾਰਨਾ ਧਾਰਾਂਗਾ। ਧੰਨ ਹੋ ਆਪ, ਮਿਹਰ

ਸੰਤ – ਆਖੋ ਧੰਨ ਗੁਰੂ ਨਾਨਕ!

ਸੁ: ਸਿੰਘ – ਧੰਨ ਗੁਰੂ ਨਾਨਕ........। ਇਕ ਬਿਨੈ ਹੋਰ ਹੈ, ਸੰਗਤ ਵਲੋਂ ਇਹ ਸੰਦੇਸਾ ਮੈਨੂੰ ਮਿਲਿਆ ਸੀ ਕਿ ਮੈਂ ਆਪ ਦੀ ਸੇਵਾ ਵਿਚ ਬੇਨਤੀ ਕਰਾਂ ਕਿ ਆਪ ਏਸ ਗੁਰ ਪੁੰਨਮ ਉਤੇ ਗੁਰਪੁਰਬ ਦੇ ਦੀਵਾਨ ਵਿਚ ਦਰਸ਼ਨ ਦਿਓ।

ਸੰਤ – ਅੱਗੇ ਬੀ ਸਿੰਘ ਜੀ ਏਹ ਸੰਦੇਸ ਪਹੁੰਚ ਚੁੱਕਾ ਹੈ, ਆਗਿਆ ਸਿਰ ਮੱਥੇ ਤੇ ਹੈ, ਪਰ ਸੰਕਲਪ ਸੀ ਕਿ ਐਤਕੀਂ ਗੁਰਪੁਰਬ ਪਾਉਂਟੇ ਸਾਹਿਬ ਕਰੀਏ। ਉਧਰ ਗੁਰੂ ਕੇ ਸਿੱਖ ਹੈਨ ਗਰੀਬ ਤੇ ਗਰੀਬ ਕਿਰਤਾਂ ਵਾਲੇ ਤੇ ਪ੍ਰਚਾਰ ਕੋਈ ਨਹੀਂ, ਇਸ ਕਰਕੇ ਅਸਾਂ ਨੇ ਸਤਿਗੁਰੂ ਦੇ ਕੌਤਕਾਂ ਦਾ ਇਕ ਪ੍ਰਸੰਗ ਲਿਖਿਆ ਸੀ ਕਿ ਇਹ ਘੱਲ ਦਿਆਂਗੇ ਤਾਂ ਜੋ ਗੁਰਪੁਰਬ ਵਾਲੇ ਦਿਨ ਕੋਈ ਪ੍ਰੇਮੀ ਇਹ ਪ੍ਰਸੰਗ ਸੁਣਾ ਦੇਵੇ ਤੇ ਕਥਾ ਹੋ ਜਾਵੇ, ਪਰ ਸਾਨੂੰ ਪਾਉਂਟੇ ਸਾਹਿਬ ਤੋਂ ਇਹ ਪ੍ਰੇਮੀ ਖਿੱਚ ਲਿਆਇਆ ਹੈ ਜੰਗਲਾਂ ਦਾ ਅਫਸਰ। ਇਹ ਹੈ ਹਿੰਦੂ ਧਰਮ ਦਾ ਇਕ ਸੱਜਣ ਇਸ ਪਾਸੇ ਦਾ ਰਹਿਣ ਵਾਲਾ ਤੇ ਗੁਰਸਿੱਖੀ ਦਾ ਜਾਣੂ ਨਹੀਂ। ਇਸਨੂੰ ਹੁਣ ਗੁਰੂ ਘਰ ਨਾਲ ਪ੍ਰੇਮ ਹੋ ਆਇਆ ਹੈ ਇਸ ਸਰੀਰ ਦੇ ਨਾਲ ਰਹਿਣ ਕਰਕੇ। ਜੇ ਇਹ ਇਕ ਸੁਖੀ ਹੋ ਜਾਵੇ ਤਾਂ ਇਸ ਨਾਲ ਅਨੇਕਾਂ ਪ੍ਰੇਮੀ ਹਨ ਉਹ ਸੁਖੀ ਹੋ ਜਾਣਗੇ। ਸੋ ਜੇ ਸਮਾਂ ਮਿਲ ਗਿਆ ਪਾਉਂਟੇ ਸਾਹਿਬ ਫੇਰ ਚਲੇ ਜਾਣ ਦਾ ਤਾਂ ਤੁਸੀਂ ਪ੍ਰਸੰਗ ਲੈ ਜਾਓ ਸੰਗਤ ਨੂੰ ਦੇ ਦੇਣਾ। ਇਸ ਨਾਲ ਕਥਾ ਬੀ ਹੋ ਜਾਏਗੀ ਤੇ ਤੁਸਾਂ ਜੋ ਆਪਣੀ ਮੁਸ਼ਕਲ ਦੱਸੀ ਸੀ, ਉਸ ਦਾ ਬੀ ਵੇਰਵੇ ਵਾਰ ਇਲਾਜ ਇਕ ਹੋ ਚੁੱਕੇ ਸਿੱਖ ਦੀ ਵਰਤੋਂ ਤੋਂ ਆਪ ਨੂੰ ਤੇ ਹੋਰ ਜਗਿਆਸੂਆਂ ਨੂੰ ਮਿਲ ਜਾਏਗਾ। ਜੋ ਗੁਰੂ ਕਾ ਭਾਣਾ ਹੋਇਆ ਤਾਂ ਕੀਹ ਜਾਣੀਏ ਇਹ ਸਰੀਰ ਵੇਲੇ ਸਿਰ ਅੱਪੜ ਹੀ ਜਾਵੇ। ***'ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ॥"***

ਇਹ ਕਹਿ ਕੇ ਸੰਤਾਂ ਨੇ ਬਸਤਾ ਮੰਗਵਾਇਆ ਤੇ ਆਪਣਾ ਲਿਖਿਆ ਪ੍ਰਸੰਗ ਸੁਜਾਨ ਸਿੰਘ ਦੇ ਹਵਾਲੇ

(ਬਾਕੀ ਪੰਨਾ 48 ਤੇ)

# ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ

## ਰਤਵਾੜਾ ਸਾਹਿਬ



ਧੰਨ ਧੰਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਅਤੇ ਪੂਜਨੀਕ ਬੀਜੀ ਦੇ ਅਸ਼ੀਰਵਾਦ ਸਦਕਾ, ਸੰਤ ਬਾਬਾ ਹਰਪਾਲ ਸਿੰਘ ਜੀ ਦੀ ਰਹਿਨੁਮਾਈ ਹੇਠ ਇਹ ਸੰਸਥਾ ਅੱਜ ਚੜ੍ਹਦੀ ਕਲਾ ਵਿੱਚ ਜਾ ਰਹੀ ਹੈ। ਬਾਬਾ ਜੀ ਵੱਲੋਂ ਸਥਾਪਿਤ ਕੀਤਾ ਗਿਆ ਇਹ ਸਕੂਲ ਮਿਆਰੀ ਸਿੱਖਿਆ, ਦੁਨਿਆਵੀ ਅਤੇ ਰੂਹਾਨੀ ਗਿਆਨ ਦਾ ਸੋਮਾ



ਹੈ। ਜਿੱਥੇ ਬੱਚਿਆਂ ਦੇ ਜੀਵਨ ਦਾ ਸਰਬਪੱਖੀ ਵਿਕਾਸ ਕਰਨਾ ਅਤੇ ਉਨ੍ਹਾਂ ਨੂੰ ਸੱਚੇ ਸੰਤ-ਸਿਪਾਹੀ ਬਣਾ ਕੇ ਦੇਸ਼ ਕੌਮ ਦੀ ਸੇਵਾ ਕਰਨਾ ਹੀ ਇਸ ਸੰਸਥਾ ਦਾ ਮੁੱਖ ਉਦੇਸ਼ ਹੈ। ਵਾਹਿਗੁਰੂ ਜੀ ਦੀ ਅਪਾਰ ਕਿਰਪਾ ਸਦਕਾ ਅੱਜ ਹਰ ਖੇਤਰ ਵਿੱਚ ਬੱਚਿਆਂ ਨੇ ਵੱਡਮੁਲੀਆਂ ਪ੍ਰਾਪਤੀਆਂ ਕੀਤੀਆਂ ਹਨ। ਉਨ੍ਹਾਂ ਪ੍ਰਾਪਤੀਆਂ ਦੇ ਲਈ ਉਹ ਇਨਾਮ ਦੇ ਹੱਕਦਾਰ ਹਨ। ਜਿਸ ਦੇ ਲਈ ਸੰਸਥਾ ਵੱਲੋਂ ਹਰ ਸਾਲ "ਸਾਲਾਨਾ ਇਨਾਮ ਵੰਡ ਸਮਾਰੋਹ" ਮਨਾਇਆ ਜਾਂਦਾ ਹੈ। ਬੱਚਿਆਂ ਦੀ ਹੌਸਲਾ ਅਫ਼ਜਾਈ ਕੀਤੀ ਜਾਂਦੀ ਹੈ। ਇਸ ਵਾਰ ਵੀ ਸਕੂਲ ਦਾ "ਸਾਲਾਨਾ ਇਨਾਮ ਵੰਡ ਸਮਾਰੋਹ" 6 ਮਾਰਚ 2006 ਦਿਨ ਸੋਮਵਾਰ ਨੂੰ ਮਨਾਇਆ ਗਿਆ। ਬੱਚਿਆਂ ਵੱਲੋਂ ਬਹੁਤ ਵਧੀਆਂ ਰੰਗਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ।

ਜ਼ਿਲ੍ਹਾ ਰੋਪੜ ਦੇ ਡਿਪਟੀ ਕਮਿਸ਼ਨਰ ਜੀ ਦੇ ਧਰਮਸੁਪਤਨੀ ਸ੍ਰੀ ਮਤੀ ਕਿਰਨ ਗਰੇਵਾਲ ਜੀ ਮੁੱਖ ਮਹਿਮਾਨ ਵਜੋਂ ਆਏ ਹੋਏ ਸਨ। ਜਿਨ੍ਹਾਂ ਨੇ ਬੱਚਿਆਂ ਨੂੰ ਇਨਾਮ ਤਕਸੀਮ ਕੀਤੇ। ਇਸ ਤੋਂ ਇਲਾਵਾ ਇਲਾਕੇ ਦੇ ਹੋਰ ਵੀ ਅਨੇਕਾਂ ਪਤਵੰਤੇ ਸੱਜਣ, ਪੰਚ ਸਰਪੰਚ, ਬੱਚਿਆਂ ਦੇ ਮਾਤਾ-ਪਿਤਾ ਆਦਿ ਆਏ ਹੋਏ ਸਨ। ਸਭ ਦੇ ਆਉਣ ਦਾ ਨਿੱਘਾ ਸਵਾਗਤ ਕੀਤਾ ਗਿਆ। ਸਕੂਲ ਦੀ 'ਸਾਲਾਨਾ



ਰਿਪੋਰਟ' ਵੀ ਪੜ੍ਹੀ ਗਈ। ਸੰਤ ਬਾਬਾ ਹਰਪਾਲ ਸਿੰਘ ਜੀ ਵੱਲੋਂ ਸਭ ਨੂੰ ਸੰਬੋਧਨ ਕੀਤਾ ਗਿਆ। ਸ੍ਰੀ ਮਤੀ ਕਿਰਨ ਗਰੇਵਾਲ ਜੀ ਅਤੇ ਸਕੂਲ ਦੇ ਡਾਇਰੈਕਟਰ ਮੈਡਮ, ਸ੍ਰੀ ਮਤੀ ਡਾ. ਤੇਜਿੰਦਰ ਮਲਹੋਤਰਾ ਜੀ ਨੇ ਵੀ ਸੰਬੋਧਨ ਕੀਤਾ ਅਤੇ ਬੱਚਿਆਂ ਦੀ ਹੌਸਲਾ ਅਫਜਾਈ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ "ਦੇਹ ਸਿਵਾ ਬਰ ਮੋਹਿ ਇਹੈ" ਦੇ ਗੀਤ ਗਾਏ ਗਏ। ਪੰਜਾਬੀ ਸੱਭਿਆਚਾਰ ਦਾ ਹਿੱਸਾ 'ਭੰਗੜਾ' ਖਾਸ ਖਿੱਚ ਦਾ ਕੇਂਦਰ ਬਿੰਦੂ ਸੀ। ਸਕੂਲ ਦੇ ਹਰ ਇੱਕ ਬੱਚੇ ਨੇ ਪ੍ਰੋਗਰਾਮ ਵਿੱਚ ਹਿੱਸਾ ਲਿਆ ਅਤੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਇਥੋਂ ਤੱਕ ਕਿ ਨਰਸਰੀ, ਕੇ.ਜੀ. ਦੇ ਨੰਨ੍ਹੇ ਮੁੰਨੇ ਕਲਾਕਾਰਾਂ ਨੇ ਸਮੂਹ ਗਾਣ ਅਤੇ ਨਾਚ ਰਾਹੀਂ ਸਭ ਦਾ ਮਨ ਮੋ ਲਿਆ। "ਸਲੀਪਿੰਗ ਬਿਊਟੀ" ਤੇ ਅੱਠਵੀਂ ਜਮਾਤ ਦੇ





ਵਿਦਿਆਰਥੀਆਂ ਵੱਲੋਂ ਖੇਡਿਆ ਗਿਆ ਅੰਗਰੇਜ਼ੀ ਨਾਟਕ (Eng. Play) ਅਤੇ 'ਮੁਨਸ਼ੀ ਪ੍ਰੇਮ ਚੰਦ' ਕੀ ਪ੍ਰਸਿੱਧ ਕਹਾਣੀ 'ਈਦਗਾਹ' ਤੇ ਤੀਜੀ ਜਮਾਤ ਦੇ ਬੱਚਿਆਂ ਨੇ ਹਿੰਦੀ ਨਾਟਕ ਪੇਸ਼ ਕੀਤਾ ਜੋ ਕਿ ਸਲਾਹੁਣਯੋਗ ਸੀ।

"ਰਾਜਾ ਹਰੀ ਚੰਦ" ਦੇ ਜੀਵਨ ਤੇ ਸੰਬੰਧਿਤ ਪੰਜਾਬੀ ਨਾਟਕ "ਓੜਕਿ ਸਚਿ ਰਹੀ" ਜੋ ਕਿ ਸੱਤਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤਾ ਗਿਆ, ਦਰਸ਼ਕਾਂ ਦੇ ਮਨ ਤੇ 'ਕਰੁਣਾ ਦੀ ਡੂੰਘੀ ਛਾਪ ਛੱਡ ਗਿਆ। ਬੱਦਲਾਂ ਦੇ ਆਉਣ ਤੇ ਮੋਰ ਕਿਸ ਤਰ੍ਹਾਂ ਖੁਸ਼ੀ ਵਿੱਚ ਝੂੰਮ ਉਠਦੇ ਹਨ, ਇਸ ਨੂੰ ਚੌਥੀ ਜਮਾਤ ਦੇ ਬੱਚਿਆਂ ਨੇ ਬਾਖੂਬੀ 'ਪੀ-ਕਾਕ ਡਾਂਸ' ਰਾਹੀਂ ਦਰਸ਼ਕਾਂ ਦੇ ਰੂਬਰੂ ਕੀਤਾ। 'ਰਾਜਸਥਾਨੀ ਨਾਚ' ਅਤੇ 'ਗੋਆ ਨਾਚ' ਨੇ ਭਾਰਤ ਦੇ ਸੰਬੰਧਿਤ ਪ੍ਰਾਂਤਿਕ ਸੱਭਿਆਚਾਰ ਦੀ ਝਲਕ ਪੇਸ਼ ਕੀਤੀ। ਦੂਜੀ ਜਮਾਤ ਦੇ ਛੋਟੇ ਛੋਟੇ ਕਲਾਕਾਰਾਂ ਨੇ 'ਵੈਸਟਰਨ ਡਾਂਸ' ਰਾਹੀਂ ਵਾਹਵਾ ਖੱਟੀ। ਗੱਲ ਕੀ ਹਰ ਬੱਚੇ ਨੇ ਇਸ ਮੌਕੇ ਤੇ ਆਪਣੀ ਕਲਾ ਦਾ ਬਾਖੂਬੀ ਪ੍ਰਦਰਸ਼ਨ ਕੀਤਾ। ਸ੍ਰੀ ਮਤੀ ਕਿਰਨ ਗਰੇਵਾਲ ਜੀ ਬੱਚਿਆਂ ਦੇ ਪ੍ਰਦਰਸ਼ਨ ਤੋਂ ਬੇਹੱਦ




ਪ੍ਰਭਾਵਿਤ ਹੋਏ। ਆਪ ਜੀ ਨੇ ਸਕੂਲ ਲਈ 50,000 ਰੁਪਏ ਦਿੱਤੇ। ਸਕੂਲ ਦੇ ਸੈਸ਼ਨ 2005-06 ਦੌਰਾਨ ਹੋਈਆਂ ਪ੍ਰਤੀ-ਯੋਗਤਾਵਾਂ ਵਿੱਚ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਰਹਿਣ ਵਾਲੇ ਬੱਚਿਆਂ ਨੂੰ ਇਨਾਮ ਵੰਡੇ ਗਏ। ਸਕੂਲ ਦੇ ਬੱਚਿਆਂ ਵੱਲੋਂ ਤਿਆਰ ਕੀਤੇ ਗਏ ਰੰਗਾਰੰਗ ਪ੍ਰੋਗਰਾਮ ਲਈ ਬੱਚਿਆਂ ਅਤੇ ਅਧਿਆਪਕਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ। ਹਰ ਖੇਤਰ ਵਿੱਚ ਬੱਚਿਆਂ ਦੇ ਸਫ਼ਲਤਾ ਪ੍ਰਾਪਤ ਕਰਨਾ, ਬਾਬਾ ਜੀ ਮਹਾਰਾਜ ਦੇ ਅਸ਼ੀਰਵਾਦ ਸਦਕਾ ਹੈ। ਆਪ ਜੀ ਦੇ ਵਚਨ ਮੁਤਾਬਿਕ ਕਿ ਇੱਕ ਦਿਨ ਇਹ ਸੰਸਥਾ ਅੰਤਰ ਰਾਸ਼ਟਰੀ ਪੱਧਰ ਤੇ ਪ੍ਰਸਿੱਧੀ ਹਾਸਲ ਕਰੇਗੀ, ਵੱਲ ਕਦਮ-ਬ-ਕਦਮ ਵੱਧ ਰਹੀ ਹੈ। ਬੱਚਿਆਂ ਦੇ ਉਜਲੇ ਭਵਿੱਖ ਲਈ ਇਹ ਸੰਸਥਾ ਵਚਨਬੱਧ ਹੈ। ਵਾਹਿਗੁਰੂ ਦੀ ਅਪਾਰ ਕ੍ਰਿਪਾ ਸਦਕਾ ਸਕੂਲ ਸੀ.ਬੀ.ਐਸ.ਈ ਨਵੀਂ ਦਿੱਲੀ ਤੋਂ ਮਾਨਤਾ ਪਰਾਪਤ ਹੋ ਚੁੱਕਾ ਹੈ ਇਸ ਸਾਲ ਦਸਵੀਂ ਜਮਾਤ ਦਾ ਸੈਸ਼ਨ ਸ਼ੁਰੂ ਹੋ ਚੁੱਕ ਹੈ। ਇਲਾਕੇ ਦਾ ਇਕੋ-ਇਕ ਇਹ ਅੰਗਰੇਜ਼ੀ ਮਾਧਿਅਮ ਸਕੂਲ ਹੈ, ਜਿੱਥੇ ਦੁਨਿਆਵੀ ਵਿਦਿਆ ਦੇ ਨਾਲ ਨਾਲ ਰੂਹਾਨੀ ਵਿਦਿਆ ਵੀ ਦਿੱਤੀ ਜਾਂਦੀ ਹੈ। ਬੱਚਿਆਂ ਨੂੰ ਆਪਣੇ



ਵਿਰਸੇ ਅਤੇ ਗੁਰਬਾਣੀ ਨਾਲ ਜੋੜਿਆ ਜਾਂਦਾ ਹੈ। ਬੱਚਿਆਂ ਦੇ ਸਰਬਪੱਖੀ ਵਿਕਾਸ ਅਤੇ ਉਜਲੇ ਭਵਿੱਖ ਲਈ ਮਾਤਾ-ਪਿਤਾਨੂੰ ਸਾਡੀ ਅਰਜੋਈ ਹੈ ਕਿ ਆਪਣੇ ਬੱਚਿਆਂ ਨੂੰ ਬਾਬਾ ਜੀ ਦੀ ਇਸ ਮਹਾਨ ਸੰਸਥਾ ਵਿੱਚ ਦਾਖਲ ਕਰਵਾਓ ਜੀ। ਸੈਸ਼ਨ 2006-07 ਲਈ ਦਾਖਲਾ ਸ਼ੁਰੂ ਹੈ ਨਵਾਂ ਸੈਸ਼ਨ ਸ਼ੁਰੂ ਹੋ ਚੁੱਕਾ ਹੈ। ਜਲਦੀ ਤੋਂ ਜਲਦੀ ਆਓ ਆਪਣੇ ਬੱਚਿਆਂ ਦੇ ਸੁਨਹਿਰੀ ਭਵਿੱਖ ਦੀ ਸ਼ੁਰੂਆਤ ਕਰੋ ਜੀ।

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।

([illegible] 'ਵਿਦਿਆ ਮੰਦਰ [illegible]')

# ਹਿਮਾਲੀਅਨ ਯੋਗੀ ਦਾ ਸੰਗ
## (Walking With Himalayan Master)

*ਡਾ. ਜਸਟਿਨ ਓਬਰਾਇਨ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

## ਅਧਿਆਇ ਚੌਵੀ

### ਲੰਡਨ ਦਾ ਜੀਵਨ

ਮੇਰੇ ਹੱਥ ਵਿਚ ਪੁਸਤਕ ਹੈ, ਸਵਾਮੀ ਜੀ ਮੇਰੇ ਸਾਮ੍ਹਣੇ ਖੜ੍ਹੇ ਹਨ, ਮੈਂ ਪੁਸਤਕ ਗੁਫਾ ਵਿਚੋਂ ਲੈ ਕੇ ਆਇਆ ਹਾਂ। ਸਵਾਮੀ ਜੀ ਮੈਂ ਕਹਿ ਰਿਹਾ ਹਾਂ ਕਿ ਮੈਂ ਸਵਾਮੀ ਜੀ ਸਿੱਖਣਾ ਚਾਹੁੰਦਾ ਹਾਂ ਕਿਉਂਕਿ ਬਹੁਤ ਸਾਰੇ ਲੋਕ ਲੰਡਨ ਵਿਚ ਸਿੱਖਣ ਲਈ ਉਤਸੁਕ ਹਨ।



**ਸੱਚਖੰਡਵਾਸੀ ਡਾ. ਸਵਾਮੀ ਰਾਮ ਅਤ ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ ਸਾਲਾਨਾ ਸਮਾਗਮ ਸਮੇਂ**

ਇਹ ਇਕ ਬੜਾ ਹੀ ਵਚਿੱਤਰ ਸੁਪਨਾ ਸੀ, ਉਹ ਕਿਹੜੀ ਪੁਸਤਕ ਹੈ, ਮੈਂ ਬਿਲਕੁਲ ਨਹੀਂ ਜਾਣਦਾ ਹਾਂ> ਇਹ ਮੈਂ ਜ਼ਰੂਰ ਜਾਣਦਾ ਹਾਂ ਕਿ ਮੈਂ ਲੰਡਨ ਜਾ ਰਿਹਾ ਹਾਂ। ਥਰੀਸਾ ਤੇ ਮੈਂ ਦੋਨੋਂ ਹੀ ਦਿਸੰਬਰ ਵਿਚ ਪੈਨਸਲਵਾਲੀਆ ਆ ਗਏ ਸੀ> ਅਸੀਂ ਆਪਣੀਆਂ ਚੀਜ਼ਾਂ ਇਕੱਠੀਆਂ ਕੀਤੀਆਂ, ਟਰੱਕ ਵਿਚ ਪਾਈਆਂ ਤੇ ਪੱਛਮ ਵਲ ਤੁਰ ਪਏ, ਸਾਡੇ ਪਿਛੇ-ਪਿਛੇ ਅਫਵਾਹਾਂ ਤੁਰਦੀਆਂ ਆ ਰਹੀਆਂ ਸੀ। ਕਈ ਕਹਿ ਰਹੇ ਸੀ ਅਸੀਂ ਸੰਸਥਾ ਛੱਡ ਕੇ ਆ ਗਏ ਹਾਂ ਕਿਉਂਕਿ ਅਸੀਂ ਉਥੋਂ ਨਿਰਾਸ ਹੋ ਗਏ ਹਾਂ। ਦੂਸਰੇ ਕਹਿ ਰਹੇ ਸੀ ਅਸੀਂ ਕੱਢ ਦਿਤੇ ਗਏ ਹਾਂ। ਜੇ 1985 ਵਿਚ ਨਹੀਂ ਸੀ ਕੱਢੇ ਤਾਂ ਹੁਣ ਕੱਢ ਦਿਤੇ ਗਏ ਹਾਂ। ਸਭ ਜਾਣਦੇ ਸੀ ਕਿ ਸਾਨੂੰ ਕਿਹਾ ਗਿਆ ਸੀ ਕਿ ਅਸੀਂ ਰਿਸ਼ੀਕੇਸ਼ ਆਸ਼ਰਮ ਤੋਂ ਚੱਲੀਏ। ਅਸੀਂ ਮਹੀਨਿਆਂ ਬੱਧੀ ਹਰ ਤਰ੍ਹਾਂ ਦੀਆਂ ਅਫਵਾਹਾਂ ਸੁਣਦੇ ਰਹੇ ਪਰ ਕਿਸੇ ਨੇ ਵੀ ਸਾਨੂੰ ਟੈਲੀਫੋਨ ਕਰਕੇ ਪੁਛਿਆ ਨਹੀਂ ਕੀ ਗੱਲ ਹੈ, ਕਿਵੇਂ ਹੈ, ਅਸੀਂ ਵੀ ਅਫਵਾਹਾਂ ਵਿਚ ਸੁਆਦ ਲੈਣ ਲਗ ਪਏ। ਸਾਨੂੰ ਸਵਾਮੀ ਜੀ ਨੇ ਕੰਮ ਦਿਤਾ ਹੋਇਆ ਸੀ ਅਸੀਂ ਉਹ ਕਰ ਰਹੇ ਸੀ। ਸਾਡੇ ਲਈ ਉਹ ਸਭ ਤੋਂ ਵੱਧ ਜ਼ਰੂਰੀ ਸੀ।

ਇਕ ਬਹੁਤ ਹੀ ਵੱਡਾ ਬਰਫਾਨੀ ਤੂਫਾਨ ਮਿਨੀ ਪੁਲੀਸ ਤੇ ਸੇਂਟ ਪਾਲ ਦੋਨੋਂ ਸ਼ਹਿਰਾਂ ਵਿਚ ਆਇਆ। ਅਸੀਂ ਅਜੇ ਗਏ ਹੀ ਸੀ। ਜਾ ਕੇ ਇਕ ਮਿਤਰ ਦੇ ਦਫਤਰ ਵਿਚ ਭੁੰਜੇ ਸੌਂਦੇ ਸੀ, ਦਿਨ ਨੂੰ ਅਸੀਂ ਟਰੱਕ ਵਿਚ ਰਹਿਣ ਲਈ ਜਗ੍ਹਾਂ ਲੱਭਦੇ ਸੀ, ਥਰੀਸਾ ਨੇ ਪਾਰਟ ਟਾਈਮ ਕੰਮ ਵੀ ਲੈ ਲਿਆ ਸੀ। ਸਾਨੂੰ ਇਕ ਛੋਟਾ ਜਿਹਾ ਫਲੈਟ ਮਿਲ ਗਿਆ ਜਿਹਦੇ ਜੋਗੇ ਪੈਸੇ ਅਸੀਂ ਦੇ ਸਕਦੇ ਸੀ। ਥਰੀਸਾ ਨਾਲ ਹੀ ਇਕ ਛਾਪਾਖਾਨਾ ਖੋਲਣ ਦਾ ਪ੍ਰਬੰਧ ਕਰ ਰਹੀ ਸੀ। Yes publishers ਜਿਵੇਂ ਸਵਾਮੀ ਜੀ ਨੇ ਕਿਹਾ ਸੀ ਤੇ ਨਾਲ ਹੀ ਉਹ ਪਹਿਲੀ ਪੁਸਤਕ ਛਾਪਣ ਲਈ ਤਿਆਰ ਕਰ ਰਹੀ ਸੀ> ਮੈਂ ਲੰਡਨ ਜਾਣ ਦੀ ਤਿਆਰੀ ਕਰ ਰਿਹਾ ਸੀ।

ਲੰਡਨ ਵਿਸ਼ਵ ਵਿਦਿਆਲਿਆ ਵਿਚ ਡਾਕਟਰੀ ਤੇ ਦਵਾਈਆਂ ਦੇ ਵਿਭਾਗ ਵਿਚ ਇਕ ਖੋਜ ਤੇ Education Fellow in Holistic Medicine ਵਜੋਂ ਜਨਵਰੀ 1987 ਵਿਚ ਮੈਂ ਅਹੁਦਾ ਸੰਭਾਲ ਲਿਆ। ਮੈਂ ਡਾ. Patrick petroni ਨਾਲ ਕੰਮ ਕਰਨਾ ਸੀ, ਇਹ ਦਾਇਰਾ ਬੜਾ ਹੀ ਨਵਾਂ ਦਾਇਰਾ, ਨਵਾਂ ਖੇਤਰ ਸੀ ਇਸ ਵਿਚ ਕੋਈ ਬਹੁਤਾ ਕੰਮ ਨਹੀਂ ਸੀ ਹੋਇਆ। ਕਹਿਣਾ ਚਾਹੀਦਾ ਹੈ ਵਲੈਤ ਵਿਚ ਇਹ ਪਹਿਲਾ ਹੀ ਮੌਕਾ ਸੀ ਕਿ ਇਹ ਕੰਮ ਹੋਣ ਜਾ ਰਿਹਾ ਹੈ।

ਪੈਟਰਿਕ ਨਾਲ ਮੇਰੀ ਮੁਲਾਕਾਤ ਪਹਿਲਾਂ ਉਦੋਂ ਹੋਈ ਸੀ ਜਦੋਂ ਉਹ ਪਹਿਲੀ ਵਾਰੀ ਹਿਮਾਲੀਅਨ ਇੰਸਟੀਚਿਊਟ ਵਿਚ 1980 ਵਿਚ ਆਇਆ ਸੀ। ਉਸ ਨੇ ਮੇਰੀਆਂ ਕਲਾਸਾਂ ਵਿਚ ਬੈਠ ਕੇ ਮੇਰੇ ਕੋਲੋਂ ਪਰਾ-ਚੇਤਨਾ ਤੇ ਮੈਡੀਟੇਸ਼ਨ ਬਾਰੇ ਸਿਖਿਆ ਸੀ ਤੇ ਨਾਲ ਹੀ ਉਹ ਮੇਰੇ ਨਾਲ ਸਵੇਰੇ ਜੋਗਿੰਗ ਵੀ ਕਰਦਾ ਸੀ। ਉਸ ਸਾਡੇ combined therapy ਦੇ ਪ੍ਰੋਗਰਾਮ ਨੂੰ ਬਹੁਤ ਹੀ ਚੰਗਾ ਦੇਖਿਆ ਸੀ। ਬੜੀ ਡੂੰਘੀ ਤਰ੍ਹਾਂ ਜਾਨਣ ਦੀ ਕੋਸ਼ਿਸ਼ ਕੀਤੀ ਸੀ ਤੇ ਵਾਪਸ ਲੰਡਨ ਜਾ ਕੇ ਉਸ ਆਪਣੇ ਦੇਸ਼ ਦੇ ਅਨੁਸਾਰ ਹੀ ਪ੍ਰੋਗਰਾਮ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਸ ਨੂੰ ਆਪਣੀ ਕਾਰਜ ਕਾਰਣੀ ਟੀਮ ਵਿਚ ਕਿਸੇ ਇਹੋ ਜਿਹੇ ਸਜਣ ਦੀ ਲੋੜ ਸੀ ਜਿਸ ਕੋਲ ਇਸ ਖਾਸ ਵਿਭਾਗ ਨੂੰ ਚਲਾਣ ਲਈ ਸਰਟੀਫਿਕੇਟ ਹੋਣ ਤੇ ਅਨੁਭਵ ਹੋਵੇ ਤੇ ਨਾਲ ਹੀ ਉਹ ਪੜ੍ਹਾ ਸਕੇ। ਇਸੇ ਕਰਕੇ ਹੀ ਉਸ ਨੇ ਮੈਨੂੰ ਬੁਲਾਇਆ ਸੀ।

ਇਹ Holistic Health Centre Maryleloone Church ਦੇ ਤਹਿਖਾਨੇ ਵਿਚ ਹੀ ਬਣਾਇਆ ਗਿਆ ਸੀ ਤੇ ਇਹ ਪ੍ਰੋਗਰਾਮ Health Insurance ਦੇ ਤਹਿਤ ਦੀ ਸੀ। ਇਸ ਦੇ ਲਈ ਸ਼ਬਦ healing ਭਾਵ ਤੰਦਰੁਸਤ ਹੋਣਾ ਵਰਤਿਆ ਜਾਂਦਾ ਸੀ। Treatment ਨਹੀਂ ਭਾਵ ਠੀਕ ਕਰਨਾ ਸ਼ਬਦ ਨਹੀਂ ਸੀ ਵਰਤਿਆ ਜਾਂਦਾ। ਇਸ ਕਰਕੇ ਲੋਕ ਬੜੀ ਛੇਤੀ ਹੀ ਇਸ ਵਲ ਖਿਚੇ ਗਏ। ਤਹਿਖਾਨੇ ਨੂੰ ਬੜੀ ਹੀ ਚੰਗੀ ਤਰ੍ਹਾਂ ਸਾਫ ਕਰਕੇ ਸਾਡੇ ਸਾਰੇ ਪ੍ਰੋਗਰਾਮ ਅਨੁਸਾਰ ਠੀਕ ਕਰ ਲਿਆ ਗਿਆ ਸੀ। ਜਦੋਂ ਇਸ ਦਾ ਉਦਘਾਟਨ ਕੀਤਾ ਗਿਆ। Prince charles ਨੇ ਪ੍ਰੋਗਰਾਮ ਦੀ ਬਹੁਤ ਹੀ ਸ਼ਲਾਘਾ ਕੀਤੀ ਤੇ ਉਸ ਨੇ ਆਪ ਹੀ ਸ੍ਵਾਸਾਂ ਬਾਰੇ ਜਾਣਕਾਰੀ ਲਈ। ਕਿਵੇਂ ਸ੍ਵਾਸ ਲੈਣੇ ਚਾਹੀਦੇ ਹਨ, ਮੈਨੂੰ ਚਰਚ ਵਿਚ ਵੀ ਬੋਲਣ ਲਈ ਬੁਲਾਇਆ ਮੈਨੂੰ Elizabeth Barrett Browning ਦੀ ਕੁਰਸੀ ਤੇ ਬਿਠਾਇਆ ਗਿਆ।

ਮੈਨੂੰ ਤਾਂ ਲੰਡਨ ਨਾਲ ਪਿਆਰ ਹੋ ਗਿਆ, ਇਤਿਹਾਸ ਦਾ ਹਰ ਪੱਖ ਦੇਖਿਆ, ਲੋਕੀ ਸਦਾ ਹੀ ਤੁਹਾਡੇ ਨਾਲ ਗੱਲ ਕਰਨ ਨੂੰ ਤਿਆਰ ਰਹਿੰਦੇ ਸੀ ਤੇ ਅਗਲੇ ਪ੍ਰੋਗਰਾਮਾਂ ਬਾਰੇ ਜਾਨਣਾ ਚਾਹੁੰਦੇ ਸੀ। ਡਾਕਟਰਾਂ ਨੂੰ ਪੜ੍ਹਾਉਣਾ, ਲੋਕਾਂ ਨਾਲ ਗੱਲਬਾਤ ਕਰਨੀ ਇਸ ਨਾਲ ਮੈਨੂੰ ਆਪਣੇ ਗਿਆਨ ਤੇ ਅਨੁਭਵ ਨੂੰ ਵਰਤੋਂ ਵਿਚ ਲਿਆਉਣ ਦਾ ਅਵਸਰ ਮਿਲਿਆ। ਸਭ ਤੋਂ ਚੰਗਾ ਪ੍ਰੋਗਰਾਮ ਸੀ ਲੋਕਾਂ ਨੂੰ ਸੰਪੂਰਨ ਤੰਦਰੁਸਤੀ ਬਾਰੇ ਦੱਸਣਾ। ਅਸੀਂ ਲੋਕਾਂ ਨੂੰ ਦਸਦੇ ਕਿ ਉਹ ਆਪਣੀ ਤਾਕਤ ਕਿਵੇਂ ਵਧਾ ਸਕਦੇ ਹਨ, ਕਿਵੇਂ ਉਹ ਆਪਣੇ ਆਪ ਦੀ ਸੁਚੱਜੀ ਦੇਖਭਾਲ ਕਰ ਸਕਦੇ ਹਨ, ਹਫਤੇ ਦੇ ਅਖੀਰ ਵਿਚ ਅਸੀਂ stress management ਤੇ Workshop ਲਗਾਉਂਦੇ ਸ੍ਵਾਸਾਂ ਦਾ ਨਿਅੰਤਰਣ, ਖਾਣਾ ਪੀਣਾ ਯੋਗਾ ਤੇ ਮਾਲਿਸ਼ ਕਰਦੇ।

ਜਦੋਂ ਵੀ ਕੋਈ ਨਵਾਂ ਸੱਜਣ ਆਉਂਦਾ ਉਸ ਨੂੰ ਤਿੰਨ ਮੈਂਬਰ ਮਿਲਦੇ ਇਕ ਡਾਕਟਰ, ਇਕ ਐਕੂਆ ਪ੍ਰੈਸ਼ਰ ਤੇ ਮੈਂ ਜੋ ਕਿ ਉਨ੍ਹਾਂ ਨੂੰ ਆਪਣੀ ਦੇਖਭਾਲ ਆਪਣੀ ਪ੍ਰਵਾਹ ਕਿਵੇਂ ਕਰਨੀ ਹੈ। ਅਸੀਂ ਪਹਿਲਾਂ ਮਰੀਜ਼ ਦੀ ਪੂਰੀ ਹਿਸਟਰੀ ਲਿਖਦੇ ਫੇਰ ਅਸੀਂ ਆਪਸ ਵਿਚ ਦੇਖਦੇ ਕੀ ਕਰਨਾ ਹੈ, ਕਿਵੇਂ ਕਰਨਾ ਹੈ ਜੇ stress (ਦਬਾਅ) ਵਧੇਰੇ ਹੁੰਦਾ ਤਾਂ ਮਰੀਜ਼ ਸਭ ਤੋਂ ਪਹਿਲੇ ਮੈਨੂੰ ਮਿਲਦਾ ਕਿਉਂਕਿ ਦਬਾਅ (stress) ਦੇ ਕਾਰਣ ਬਾਕੀ ਤੰਦਰੁਸਤੀ ਠੀਕ ਨਹੀਂ ਸੀ ਹੁੰਦੀ, ਮੇਰੇ ਲਈ ਸਮਾਂ ਕੋਈ ਵੀ ਸਮਸਿਆ ਨਹੀਂ ਸੀ। ਮੈਂ ਮਰੀਜ਼ਾਂ ਨੂੰ ਆਪਣੀਆਂ ਕਹਾਣੀਆਂ ਖੁਲ੍ਹੀ ਤਰ੍ਹਾਂ ਸੁਨਾਉਣ ਦਿੰਦਾ ਉਸ ਨਾਲ ਆਪਣੇ ਆਪ ਹੀ ਮਰੀਜ਼ ਵਿਚ ਬਹੁਤ ਹੀ ਅੰਤਰ ਆ ਜਾਂਦਾ, ਜਿਥੇ ਤੇ ਜਦੋਂ ਮੈਨੂੰ ਲਗਦਾ ਮੈਂ ਉਨ੍ਹਾਂ ਨੂੰ ਆਪਣੀ ਸੰਭਾਲ ਬਾਰੇ ਦਸ ਦਿੰਦਾ ਤੇ ਨਾਲ ਹੀ ਦੱਸ ਦਿੰਦਾ ਕਿ ਘਰ ਜਾ ਕੇ ਇਸ ਤਰ੍ਹਾਂ ਕਰਨਾ ਹੈ ਤੇ ਅਗਲੀ ਵਾਰੀ ਜਦੋਂ ਆਉਣਾ ਹੈ ਤੇ ਇਸ ਤੇ ਅਭਿਆਸ ਕਰਕੇ ਹੀ ਆਉਣਾ ਹੈ। ਜਦੋਂ ਮੇਰੇ ਕੋਲ ਕੋਈ ਇਹੋ ਜਿਹਾ ਮਰੀਜ਼ ਹੁੰਦਾ ਜਦੋਂ ਮੈਨੂੰ ਲਗਦਾ, ਮੈਂ ਕੁਝ ਨਹੀਂ ਕਰ ਸਕਦਾ ਮੈਂ ਟੈਲੀਫੋਨ ਕਰਕੇ ਸਵਾਮੀ ਜੀ ਨੂੰ ਪੁਛਦਾ।

ਇਕ ਦਿਨ ਸਵੇਰੇ ਇਕ ਸੱਜਣ ਆਏ, ਬੜੇ ਹੀ ਮਾਯੂਸ ਲਗ ਰਹੇ ਸੀ ਨਾਲ ਉਨ੍ਹਾਂ ਦੀ ਪਤਨੀ ਸੀ। ਪਿਛੇ ਜਿਹੇ ਉਹ ਸੇਵਾ ਮੁਕਤ ਹੋਏ ਸੀ। ਹੁਣ ਉਹ ਪੈਟਿੰਗ ਕਰਦੇ ਸੀ। ਦੋ ਮਹੀਨੇ ਪਹਿਲਾਂ ਉਨ੍ਹਾਂ ਦੀ ਤਬੀਅਤ ਖਰਾਬ ਹੋ ਗਈ ਸੀ। ਸਕੈਨ ਤੋਂ ਪਤਾ ਲੱਗਾ ਕਿ ਉਸ ਦੇ ਦਿਮਾਗ ਦੇ ਸੈਲ ਮਰ ਰਹੇ ਹਨ ਫੇਰ ਦੋ ਵਾਰੀ ਹੋਰ ਤਰ੍ਹਾਂ ਦੇਖਿਆ ਗਿਆ ਪਰ ਰਿਪੋਰਟ ਉਹ ਹੀ ਸੀ ਉਸ ਦਾ ਜੀਵਨ ਵੱਧ

ਤੋਂ ਵੱਧ ਛੇ ਮਹੀਨੇ ਹੋਰ ਸੀ। ਅਸੀਂ ਕੋਈ ਦੋ ਘੰਟੇ ਗੱਲਬਾਤ ਕਰਦੇ ਰਹੇ। ਉਸ ਦਾ ਸ੍ਵਾਸ ਲੈਣਾ ਬਿਲਕੁਲ ਹੀ ਨਿਅੰਤਰਣ ਵਿਚ ਨਹੀਂ ਸੀ। ਉਹ ਆਪਣੇ ਡਾਇਆਫਰਾਮ ਨੂੰ ਆਪਣੀ ਮਰਜ਼ੀ ਨਾਲ ਨਹੀਂ ਸੀ ਵਰਤ ਸਕਦਾ। ਮੈਂ ਉਸ ਦੇ ਪੇਟ ਤੇ ਰੇਤੇ ਦਾ ਥੈਲਾ ਰੱਖ ਕੇ ਉਸਨੂੰ ਸ੍ਵਾਸ ਲੈਣੇ ਦੱਸੇ। ਹੌਲੀ-ਹੌਲੀ ਉਸ ਦਾ ਨਿਅੰਤਰਣ ਆਉਂਦਾ ਦਿਸਿਆ, ਉਹ ਰੇਤੇ ਦਾ ਥੈਲਾ ਰੱਖ ਕੇ ਦਿਨ ਵਿਚ ਤਿੰਨ ਵਾਰੀ ਅਭਿਆਸ ਕਰਨ ਲਗ ਪਿਆ। ਉਸ ਦੀ ਪਤਨੀ ਉਸ ਦੀ ਸਹਾਇਤਾ ਕਰਦੀ, ਉਸ ਦਾ ਖਾਣ ਪੀਣ ਵੀ ਠੀਕ ਤਰ੍ਹਾਂ ਨਾਲ ਦੱਸਿਆ ਗਿਆ ਤੇ ਦਿਤਾ ਜਾਣ ਲਗ ਪਿਆ। ਦੋ ਮਹੀਨੇ ਬਾਅਦ ਜਦੋਂ ਸਕੈਨ ਕੀਤਾ ਗਿਆ ਤਾਂ ਨਤੀਜਾ ਸੀ ਕਿ ਦਿਮਾਗ ਦੇ ਸੈਲ ਅੱਗੇ ਤੋਂ ਖਤਮ ਹੋਣੇ, ਮਰਨੇ ਬੰਦ ਹੋ ਗਏ ਸਨ। ਉਸ ਨੂੰ ਆਸ ਹੋ ਗਈ ਉਸ ਨੇ ਸ੍ਵਾਸ ਅਭਿਆਸ ਜਾਰੀ ਰੱਖਿਆ। ਸਾਲ ਦੇ ਅਖੀਰ ਵਿਚ ਉਸ ਨੇ ਮੈਨੂੰ ਫਿਰ ਪੇਟਿੰਗ ਭੇਟ ਕੀਤੀ ਤੇ ਕਾਰਡ ਵਿਚ ਉਸ ਨੇ ਆਪਣੀ ਸਿਹਤ ਬਾਰੇ ਲਿਖਿਆ।

ਲੈਕਚਰ ਕਰਨ ਲਈ ਬਹੁਤ ਸਾਰੇ ਸੱਦੇ ਆਉਣ ਲੱਗ ਪਏ, ਨਾਲ ਹੀ ਅਖਬਾਰਾਂ ਵਿਚ ਇੰਟਰਵਿਊ ਵੀ ਛਪਣ ਲਗ ਪਏ। ਮੈਂ ਪੜ੍ਹਾਉਣ ਵਿਚ ਤੇ ਲੋਕਾਂ ਨੂੰ ਤੰਦਰੁਸਤ ਰੱਖਣ ਵਿਚ ਬਹੁਤ ਹੀ ਰੁਝਿਆ ਹੋਇਆ ਸੀ। ਮੈਨੂੰ ਇਹ ਕਰਨਾ ਚੰਗਾ ਲਗਦਾ ਹੈ। ਸ਼ਾਮ ਦੀਆਂ ਕਲਾਸਾਂ ਵਧਾ ਦਿਤੀਆਂ ਗਈਆਂ ਤੇ workshop ਵੀ ਹਰ ਖੇਤਰ ਵਿਚ ਕਰ ਦਿਤੀਆਂ ਗਈਆਂ।

ਕੁਝ ਮਹੀਨਿਆਂ ਬਾਅਦ ਥਰੀਸਾ ਆ ਗਈ ਤੇ ਮੇਰੇ ਠੰਢੇ ਲੰਡਨ ਦੇ ਕਮਰੇ ਨੂੰ ਉਸ ਨੇ ਨਿੱਘਾ ਕਰ ਦਿਤਾ। ਰਹਿਣ ਦੇ ਕਾਬਲ ਬਣਾ ਦਿਤਾ। ਅਸੀਂ ਲੰਡਨ ਦੇ ਆਸ ਪਾਸ ਦੇ ਪਿੰਡਾਂ ਵਿਚ ਗਏ। ਅਜੈਬ ਘਰਾਂ ਵਿਚ ਗਏ, ਚਰਚਾ ਵਿਚ ਗਏ ਦੋਸਤਾਂ ਦੇ ਘਰਾਂ ਵਿਚ ਗਏ, ਉਹ ਸੈਟਰ ਜਾਣ ਲਗ ਪਈ ਤੇ ਆਪਣਾ ਛਪਾਈ ਦਾ ਕੰਮ ਉਹ ਟੈਲੀਫੋਨ ਤੇ ਤਾਰਾਂ ਰਾਹੀਂ ਕਰਦੀ ਰਹੀ।

## ਸਵਾਮੀ ਸੈਂਟਾਂ

ਸਰਦੀਆਂ ਦੀ ਇਕ ਸ਼ਾਮ ਨੂੰ ਟੈਲੀਫੋਨ ਵਜਿਆ। ਬਾਹਰ ਮੂਸਲਾਧਾਰ ਮੀਂਹ ਪੈ ਰਿਹਾ ਸੀ, ਇਕ ਪਿਆਰੀ ਪਿਆਰੀ ਆਵਾਜ਼ ਆਈ, ਹੇ ਜਸਟਿਨ ਤੇ ਥਰੀਸਾ ਮੈਂ ਤੁਹਾਨੂੰ ਮਿਲਣ ਆ ਸਕਦਾ ਹਾਂ? ਸਾਡੀ ਖੁਸ਼ੀ ਸਮਾ ਨਹੀਂ ਰਹੀ ਸੀ ਅਸੀਂ ਸੋਚਣ ਲਗ ਪਏ ਸਵਾਮੀ ਜੀ ਨੂੰ ਰੱਖੀਏ ਕਿੱਥੇ? ਸਾਡਾ ਕਮਰਾ ਇਕੋ ਹੀ ਸੀ, ਉਹ ਵੀ ਛੋਟਾ। ਅਸੀਂ ਉਨ੍ਹਾਂ ਦੋਸਤਾਂ ਨੂੰ ਪੁਛਿਆ ਜਿਨ੍ਹਾਂ ਕੋਲ ਵੱਡੇ-ਵੱਡੇ ਘਰ ਸੀ ਕਿ ਉਨ੍ਹਾਂ ਦੇ ਘਰ ਇਕ ਸਵਾਮੀ ਰਹਿ ਸਕਦੇ ਹਨ, ਕੀ ਉਨ੍ਹਾਂ ਨੂੰ ਚੰਗਾ ਲੱਗੇਗਾ? ਉਨ੍ਹਾਂ ਨੇ ਸਾਨੂੰ ਤਿੰਨਾਂ ਨੂੰ ਹੀ ਬੁਲਾ ਲਿਆ, ਆਪਣੇ ਘਰ ਤੇ ਦਿਲ ਵਿਚ ਬਿਠਾ ਲਿਆ।

ਕ੍ਰਿਸਮਿਸ ਦੀ ਦੁਪਹਿਰ ਨੂੰ ਜਦੋਂ ਕਿ ਦੋ ਹਫਤੇ ਤੋਂ ਅਸੀਂ ਤਿਆਰੀਆਂ ਕਰ ਰਹੇ ਸੀ ਸਾਨੂੰ ਸਭ ਤੋਂ ਸੋਹਣਾ ਤੇ ਪਿਆਰਾ ਤੋਹਫਾ ਮਿਲਿਆ। ਸਵਾਮੀ ਜੀ ਲੰਡਨ ਦੇ ਹੀਥਰੋ ਹਵਾਈ ਅੱਡੇ ਤੇ ਉਤਰੇ। ਉਨ੍ਹਾਂ ਨੇ ਸਾਡੇ ਕੋਲ ਚਾਰ ਹਫਤੇ ਰਹਿਣਾ ਸੀ। ਉਨ੍ਹਾਂ ਦੇ ਆਉਣ ਵਾਲੇ ਜੀਵਨ ਦੇ ਰੰਗ ਜੀਵਨ ਮਨੋਰਥ ਹੀ ਬਦਲ ਗਿਆ। ਲੰਡਨ ਦੀ ਠੰਡ ਬਹੁਤ ਹੀ ਸਖਤ ਹੁੰਦੀ ਤੇ ਮੈਂ ਇਹ ਮਹਿਸੂਸ ਕਰ ਰਿਹਾ ਸੀ, ਸੂਰਜ ਦੇਵਤਾ ਤਾਂ ਲੰਮੀ ਛੁੱਟੀ ਤੇ ਚਲਾ ਜਾਂਦਾ ਹੈ, ਹਰ ਵੇਲੇ ਬਾਰਿਸ਼ ਜਾਂ ਬਰਫ ਹੀ ਪੈਂਦੀ ਰਹਿੰਦੀ ਹੈ ਪਰ ਸਵਾਮੀ ਜੀ ਦੇ ਆਉਣ ਨਾਲ ਅਸੀਂ ਅੱਗ ਜਲਾ ਕੇ ਉਸ ਦੇ ਅੱਗੇ ਬੈਠਦੇ ਜਾਂ ਸੌਣ ਦੇ ਕਮਰੇ ਵਿਚ ਥੱਲੇ ਹੀ ਲੰਮੇ ਪੈ ਕੇ ਸਵਾਮੀ ਜੀ ਦੀਆਂ ਗੱਲਾਂ ਸੁਣਦੇ ਰਹਿੰਦੇ ਜਾਂ ਫੇਰ ਜਦੋਂ ਬਾਹਰ ਵੀ ਜਾਂਦੇ ਤਾਂ ਮੀਂਹ ਬਰਫ ਦੀ ਥਾਂ ਸਾਰੀ ਜਗ੍ਹਾ ਸੂਰਜ ਹੀ ਚਮਕਦਾ ਦਿਸਦਾ ਸੀ। ਇਹ ਹੈ ਗੁਰੂ ਦਾ ਨਿੱਘ, ਗੁਰੂ ਦੀ ਹੋਂਦ, ਗੁਰੂ ਦਾ ਪਿਆਰ।

ਸਵਾਮੀ ਜੀ ਕੋਲ ਕੋਈ ਇਹੋ ਜਿਹਾ ਛੇਤੀ ਖਤਮ ਕਰਨ ਵਾਲਾ ਕੰਮ ਨਹੀਂ ਸੀ। ਸੋ ਸਵਾਮੀ ਜੀ ਨੇ ਆਪਣਾ ਗਾਉਣ ਦਾ ਅਭਿਆਸ ਸ਼ੁਰੂ ਕਰ ਦਿਤਾ। ਸਵਾਮੀ ਜੀ ਦਾ ਕੰਮ ਅਮਰੀਕਾ ਵਿਚ ਖਤਮ ਹੋ ਚੁੱਕਾ ਸੀ। ਉਹ ਕੇਵਲ ਆਪਣੇ ਸ਼ਿਸ਼ਾਂ ਨੂੰ ਦੇਖਣ ਹੀ ਜਾਂਦੇ ਸੀ। ਜਾਂ ਪੈਸੇ ਕਮਾਉਣ ਤਾਂ ਜੋ ਉਹ ਆਪਣੇ ਭਾਰਤ ਦੇ ਪ੍ਰੋਜੈਕਟ ਤੇ ਲਗਾ ਸਕਣ ਜਾਂ ਆਪਣੀ ਕੋਈ ਕਿਤਾਬ ਪੂਰੀ ਕਰਨ। ਹੁਣ ਸਵਾਮੀ ਜੀ ਦੇ ਗੁਰੂ ਨੇ ਉਨ੍ਹਾਂ ਨੂੰ ਗਾਉਣ ਦੀ ਆਗਿਆ ਦੇ ਦਿਤੀ ਸੀ ਤੇ ਹੁਣ ਉਨ੍ਹਾਂ ਨੇ ਪੂਰੀ ਤਰ੍ਹਾਂ ਨਾਲ ਅਭਿਆਸ ਸ਼ੁਰੂ ਕਰ ਲਿਆ ਸੀ। ਸਵਾਮੀ ਜੀ ਦੇ ਆਸ ਪਾਸ ਵਾਲੇ ਵੀ ਕੋਈ ਨਾ ਕੋਈ ਸਾਜ਼ ਵਜਾ ਰਹੇ ਹੁੰਦੇ ਜਾਂ ਫੇਰ ਸਾਰੇ ਬੈਠ ਕੇ ਸਵਾਮੀ ਜੀ ਦਾ ਪੱਕੇ ਰਾਗਾਂ ਦਾ ਸੰਗੀਤ ਸੁਣਦੇ। ਜਦੋਂ ਵਿਚ ਸਮਾਂ ਹੁੰਦਾ ਉਹ ਆਪਣੀ ਨਵੀਂ ਪੁਸਤਕ Indian Music ਲਿਖਦੇ।

ਇਕ ਜਦੋਂ ਅਸੀਂ ਬੈਠੇ ਸਵਾਮੀ ਜੀ ਦਾ ਸੰਗੀਤ ਸੁਣ ਰਹੇ ਸੀ ਮੈਨੂੰ ਬਹੁਤ ਪੁਰਾਣੇ Glenview ਦੇ ਦਿਨ ਯਾਦ ਆ ਗਏ। ਜਦੋਂ ਇਕ ਪ੍ਰੋਫੈਸਰ ਨੇ ਮੰਤਰ ਉਚਾਰਣ ਸ਼ੁਰੂ ਕੀਤਾ। ਮੈਨੂੰ ਮੰਤਰ ਉਚਾਰਣ ਇਸ ਕਰਕੇ ਠੀਕ ਨਹੀਂ ਲਗਦਾ ਸੀ ਕਿ ਕਿਸੇ ਨੂੰ ਸਮਝ ਤਾਂ ਆਉਂਦੀ ਨਹੀਂ ਤੇ

ਸਮਾਂ ਲਗ ਰਿਹਾ ਹੁੰਦਾ ਹੈ। ਜਦੋਂ ਇਕ ਵਾਰੀ ਇਹ ਕਿਹਾ ਕਿ ਸਵਾਮੀ ਜੀ ਮੰਤਰ ਉਚਾਰਣ ਕਰਨਗੇ ਫੇਰ ਪ੍ਰਵਚਨ ਕਰਨਗੇ। ਮੈਂ ਜਾਣ ਕੇ ਦੇਰ ਨਾਲ ਆਇਆ। ਜਦੋਂ ਮੈਂ ਹਾਲ ਦਾ ਦਰਵਾਜ਼ਾ ਖੋਲ੍ਹਿਆ। ਮੈਂ ਸਵਾਮੀ ਜੀ ਨੂੰ ਸਟੇਜ ਤੇ ਸਿਤਾਰ ਵਜਾਉਂਦਿਆਂ ਦੇਖਿਆ ਤੇ ਨਾਲ ਉਹ ਗਾ ਰਹੇ ਸੀ। ਸਵਾਮੀ ਜੀ ਦਾ ਚਿਹਰਾ ਦਗ ਦਗ ਕਰ ਰਿਹਾ ਸੀ। ਸਵਾਮੀ ਜੀ ਨੇ ਮੈਨੂੰ ਦੇਖਿਆ ਤੇ ਮੁਸਕਰਾਏ, ਮੇਰਾ ਰੋਮ ਰੋਮ ਉਨ੍ਹਾਂ ਨੇ ਸੰਗੀਤ ਨਾਲ ਜਿਵੇਂ ਭਰ ਦਿਤਾ ਹੋਵੇ, ਮੈਂ ਓਥੇ ਹੀ ਜਿਵੇਂ ਜੜ ਬਣ ਗਿਆ ਹੋਵਾਂ। ਮੈਂ ਉਥੋਂ ਹਿੱਲ ਹੀ ਨਹੀਂ ਸਕਿਆ, ਮੇਰੇ ਅੰਦਰ ਜਿਵੇਂ ਕਰੰਟ ਦੌੜ ਗਿਆ ਹੋਵੇ, ਉਸ ਦਿਨ ਤੋਂ ਬਾਅਦ ਮੈਂ ਸੰਗੀਤ ਨੂੰ ਵੀ ਅਧਿਆਤਮਕਤਾ ਦਾ ਇਕ ਮਾਧਿਅਮ ਜਾਣਿਆ। ਸੁਣਿਆ ਸੀ ਪਰ ਮੰਨਿਆ ਨਹੀਂ ਸੀ ਉਸ ਦਿਨ ਤੋਂ ਬਾਅਦ ਮੰਨਿਆ।

ਜੋ ਕੁਝ ਵੀ ਸਵਾਮੀ ਜੀ ਕਰਦੇ ਅਸੀਂ ਨਾਲ ਨਾਲ ਹੀ ਰਹਿੰਦੇ। ਉਠਦੇ ਬੈਠਦੇ ਬਾਹਰ ਇਕੱਠੇ ਰਹਿੰਦੇ। ਅਸੀਂ ਜਾਣਦੇ ਸੀ ਇਹ ਇਕ ਅਨਮੋਲ ਸਮਾਂ ਸਵਾਮੀ ਜੀ ਨਾਲ ਸਾਨੂੰ ਮਿਲਿਆ ਸੀ। ਇਸ ਦਾ ਵੱਧ ਤੋਂ ਵੱਧ ਲਾਭ ਇਹ ਹੀ ਹੈ ਕਿ ਇਹ ਸਵਾਮੀ ਜੀ ਦੇ ਨਾਲ ਹੀ ਬਿਤਾਇਆ ਜਾਵੇ। ਕੇਵਲ ਜਦੋਂ ਉਨ੍ਹਾਂ ਨੇ ਮੈਡੀਟੇਸ਼ਨ ਕਰਨੀ ਹੁੰਦੀ ਜਾਂ ਜਦੋਂ ਉਹ ਸੌਂਦੇ ਬਾਕੀ ਸਮਾਂ ਅਸੀਂ ਸਵਾਮੀ ਜੀ ਦੇ ਨਾਲ ਹੀ ਬਿਤਾਉਂਦੇ। ਥਰੀਸਾ ਨੇ ਸਵਾਮੀ ਜੀ ਨੂੰ ਆਪਣੀ ਪੁਸਤਕ ਦੀ ਪਹਿਲੀ ਕਾਪੀ ਦਿਤੀ। The spiral path ਪੁਸਤਕ ਦੇਖ ਕੇ ਸਵਾਮੀ ਜੀ ਮੁਸਕਰਾਏ। ਉਨ੍ਹਾਂ ਨੇ ਆਪਣੇ ਨੇਤਰ ਬੰਦ ਕੀਤੇ ਤੇ ਪੁਸਤਕ ਹੱਥਾਂ ਵਿਚ ਫੜ ਕੇ ਉਪਰ ਨੂੰ ਕੀਤੀ। ਉਹ ਆਪਣੇ ਗੁਰੂਦੇਵ ਨੂੰ ਭੇਟਾ ਕਰ ਰਹੇ ਸੀ। ਹੋਰ ਬਹੁਤ ਸਾਰੀਆਂ ਪੁਸਤਕਾਂ ਤੁਸੀਂ ਲਿਖੋਗੇ। ਸਵਾਮੀ ਜੀ ਕਹਿਣ ਲੱਗੇ ਉਨ੍ਹਾਂ ਨੇ ਥਰੀਸਾ ਦੇ ਸਿਰ ਤੇ ਹੱਥ ਰਖਿਆ ਤੇ ਕਹਿਣ ਲੱਗੇ, ਤੂੰ ਲਿਖੀਂ ਵੀ ਤੇ ਇਸ ਜੀਵਨ ਬਾਰੇ ਤੇ ਪੜ੍ਹਾਈਂ ਵੀ, ਹੁਣ ਤੂੰ ਸ਼ੁਰੂ ਕਰ ਹੀ ਦਿਤਾ ਹੈ।

ਇਕ ਦਿਨ ਦੁਪਹਿਰ ਦੀ ਗੱਲ ਹੈ ਕਿ ਇਕ ਡਾਕਟਰੀ ਅਫਸਰ ਨੇ ਟੈਲੀਫੋਨ ਕੀਤਾ। ਉਸ ਦੀ ਪਤਨੀ ਗਰਭਵਤੀ ਸੀ ਤੇ ਹੁਣ ਉਸ ਦਾ ਖੂਨ ਬੰਦ ਨਹੀਂ ਸੀ ਹੋ ਰਿਹਾ। ਸਾਰੇ ਡਾਕਟਰਾਂ ਨੇ ਬਹੁਤ ਇਲਾਜ ਕੀਤੇ, ਦਵਾਈਆਂ ਦਿਤੀਆਂ ਪਰ ਕੁਝ ਅਸਰ ਹੀ ਨਹੀਂ ਸੀ ਹੋ ਰਿਹਾ। ਹੁਣ ਉਹ ਬਹੁਤ ਹੀ ਕਮਜ਼ੋਰ ਪੈ ਗਈ ਸੀ ਤੇ ਡਾਕਟਰਾਂ ਨੂੰ ਉਸ ਬਾਰੇ ਚਿੰਤਾ ਹੋ ਗਈ। ਸਵਾਮੀ ਜੀ ਨੇ ਸੁਣਿਆ ਥੋੜ੍ਹੀ ਦੇਰ ਸਿਰ ਥੱਲੇ ਕੀਤਾ ਤੇ ਕਹਿਣ ਲੱਗੇ, ਮੈਂ ਉਹਦੇ ਲਈ ਅਰਦਾਸ ਕਰਾਂਗਾ। ਇਸ ਗੱਲ ਨਾਲ ਡਾਕਟਰ ਦੀ ਕੋਈ ਤਸੱਲੀ ਨਹੀਂ ਹੋਈ। ਡਾਕਟਰ ਕਹਿਣ ਲੱਗਾ ਜੇ ਸਵਾਮੀ ਜੀ ਕੋਲ ਰਿੱਧੀਆਂ ਸਿੱਧੀਆਂ ਹਨ ਤਾਂ ਉਹ ਕੁਝ ਹੋਰ ਕਰਕੇ ਠੀਕ ਕਿਉਂ ਨਹੀਂ ਕਰ ਸਕਦੇ, ਕੁਝ ਘੰਟੇ ਬਾਅਦ ਜਦੋਂ ਮੈਂ ਡਾਕਟਰ ਨੂੰ ਟੈਲੀਫੋਨ ਕੀਤਾ ਤਾਂ ਉਸ ਬੀਬੀ ਦਾ ਖ਼ੂਨ ਬੰਦ ਹੋ ਚੁੱਕਾ ਸੀ। ਇਹ ਗੱਲ ਠੀਕ ਹੈ ਕਿ ਹਸਪਤਾਲ ਦੇ ਡਾਕਟਰ ਇਸ ਗੱਲ ਨੂੰ ਆਪਣੀਆਂ ਦਵਾਈਆਂ ਦਾ ਹੀ ਅਸਰ ਮੰਨਦੇ ਸੀ ਪਰ ਵਾਸਤਵ ਵਿਚ ਤਾਂ ਹੋਰ ਕੁਝ ਹੀ ਸੀ।

ਜਿਥੇ ਮੈਂ ਕੰਮ ਕਰ ਰਿਹਾ ਸੀ ਉਨ੍ਹਾਂ ਨੇ ਸਵਾਮੀ ਜੀ ਨੂੰ ਪੜ੍ਹਾਉਣ ਲਈ ਕਿਹਾ ਤੇ ਇਕ ਦਮ ਤਿੰਨ ਲੈਕਚਰ ਦੇਣ ਲਈ ਸੱਦਾ ਦਿਤਾ। ਏਨਾ ਥੋੜ੍ਹਾ ਸਮਾਂ ਸੀ ਪੂਰੀ ਤਰ੍ਹਾਂ ਦੱਸਿਆ ਵੀ ਨਹੀਂ ਸੀ ਗਿਆ ਫੇਰ ਵੀ ਤਿੰਨ ਸੌ ਲੋਕਾਂ ਤੋਂ ਵੱਧ ਨੇ ਪ੍ਰਵਚਨ ਸੁਣੇ। ਸਵਾਮੀ ਜੀ ਨੇ ਯੋਗਾ ਫਿਲੋਸਫੀ ਤੇ ਪ੍ਰਵਚਨ ਕੀਤੇ। ਕਿਵੇਂ ਇਸ ਨੂੰ ਅੱਜ ਦੇ stress ਨੂੰ ਠੀਕ ਕਰਨ ਲਈ ਵਰਤਿਆ ਜਾ ਸਕਦਾ ਹੈ। ਦੂਸਰੇ ਦਿਨ ਦੇ ਪ੍ਰਵਚਨ ਵਿਚ ਮੈਂ ਸ੍ਵਾਸਾਂ ਬਾਰੇ ਪ੍ਰੈਕਟੀਕਲ ਕਰਕੇ ਦਿਖਾਇਆ, ਠੀਕ ਤਰ੍ਹਾਂ ਨਾਲ ਸ੍ਵਾਸ ਕਿਸ ਤਰ੍ਹਾਂ ਲੈਣੇ ਚਾਹੀਦੇ ਹਨ। ਬਹੁਤ ਸਾਰੇ ਲੋਕੀ ਸਵਾਮੀ ਜੀ ਦੇ ਪ੍ਰਵਚਨਾਂ ਤੋਂ ਪ੍ਰਭਾਵਿਤ ਹੋਏ ਤੇ ਕਲਾਸਾਂ ਵਿਚ ਆਉਣ ਲਈ ਆਪਣੇ ਨਾਮ ਲਿਖਾਏ।

ਸਵਾਮੀ ਜੀ ਨੇ ਥਰੀਸਾ ਲਈ ਛੋਟੀਆਂ ਕਲਾਸਾਂ ਪਲੈਨ ਕੀਤੀਆਂ। ਉਸ ਵਿਚ ਵੀ ਭਾਗ ਲੈਣਾ ਸੀ ਡਾਇਰੈਕਟਰ ਨੇ ਵੀ, ਅਸੀਂ ਰੋਜ਼ ਹੀ ਸਵਾਮੀ ਜੀ ਨਾਲ ਬੈਠਦੇ। ਉਨ੍ਹਾਂ ਕੋਲ ਇਕ ਪੁਰਾਣਾ ਮਸੌਦਾ ਸੀ ਜਿਹੜਾ ਉਨ੍ਹਾਂ ਨੇ ਆਪਣੀ ਗੁਫਾ ਵਿਚੋਂ ਲਿਆਂਦਾ ਹੋਇਆ ਸੀ ਉਹ ਸਾਨੂੰ ਪੜ੍ਹ ਕੇ ਸੁਣਾਉਂਦੇ ਸੀ। ਉਸ ਵਿਚ ਅਨੇਕਾਂ ਪ੍ਰਯੋਗ ਦਿਤੇ ਹੋਏ ਸਨ ਜਿਹੜੇ ਸਾਧੂਆਂ ਨੇ ਪਿਛਲੀਆਂ ਕਈ ਸਦੀਆਂ ਤੋਂ ਆਪਣੇ ਉਤੇ ਕੀਤੇ ਹੋਏ ਸੀ। ਸਵਾਮੀ ਜੀ ਪ੍ਰਵਚਨ ਕਰਨ ਤੋਂ ਪਹਿਲਾਂ ਸਦਾ ਹੀ ਹਿਮਾਲੀਆ ਦੇ ਸੰਤਾਂ ਦੀ ਪਰਪਾਟੀ ਨੂੰ ਪ੍ਰਣਾਮ ਕਰਦੇ, ਉਨ੍ਹਾਂ ਸੰਤਾਂ ਨੂੰ ਨਮਸਕਾਰ ਕਰਦੇ ਫੇਰ ਬੋਲਣਾ ਸ਼ੁਰੂ ਕਰਦੇ।

ਸਵਾਮੀ ਜੀ ਕਹਿਣ ਲੱਗੇ ਸਰੀਰ ਦੀਆਂ ਦੋ ਵੱਡੀਆਂ ਸ਼ਾਖਾ ਹਨ। ਇਕ ਹੈ ਸਰੀਰ ਨੂੰ ਪਾਲਣਾ ਪੋਸਣਾ ਉਸ ਦੀ ਖੁਰਾਕ ਦਾ ਧਿਆਨ, ਦੂਸਰਾ ਹੈ ਸਰੀਰ ਦੀ ਸਫਾਈ, ਸਵੱਛਤਾ ਕੇਵਲ ਬਾਹਰੋਂ ਨਹੀਂ ਪਰ ਅੰਦਰੋਂ, ਪੱਛਮ ਵਿਚ ਖੁਰਾਕ ਪਾਲਣ ਪੋਸਣ ਤੇ ਵੱਧ ਧਿਆਨ ਦਿਤਾ ਜਾਂਦਾ ਹੈ, ਯੋਗੀ ਵਧੇਰੇ ਧਿਆਨ ਸਫਾਈ ਵਿਸ਼ੇਸ਼ ਤੌਰ ਤੇ

ਅੰਦਰ ਦੀ ਸਫਾਈ ਤੇ ਵਧੇਰੇ ਧਿਆਨ ਦਿੰਦੇ ਹਨ, ਉਹ ਜਾਣਦੇ ਹਨ ਸੁਆਦ ਤੇ ਸੋਹਣਾ ਬਣਿਆ ਭੋਜ ਸਰੀਰ ਨੂੰ ਠੀਕ ਰਿਸ਼ਟ ਪੁਸ਼ਟ ਨਹੀਂ ਬਣਾਏਗਾ। ਉਸ ਲਈ ਪਹਿਲੇ ਸਰੀਰ ਨੂੰ ਸਾਫ ਕਰਨਾ ਪਵੇਗਾ। ਇਹ ਜਿਸ ਨੂੰ ਅੱਜਕਲ੍ਹ Fast food ਕਹਿੰਦੇ ਹਨ ਇਹ, ਤਲੀਆਂ ਚੀਜ਼ਾਂ, ਹੋਰ ਸੁਆਦੂ ਭੋਜਨ ਸਰੀਰ ਲਈ ਬਹੁਤ ਹੀ ਹਾਨੀਕਾਰਕ ਹਨ। ਇਹ ਸਰੀਰ ਨੂੰ ਖਾਣੇ ਵਿਚੋਂ ਵਿਟਾਮਿਨ ਆਦਿ ਲੈਣ ਨਹੀਂ ਦਿੰਦੇ। ਮਿਹਦਾ ਖਰਾਬ ਹੋ ਜਾਂਦਾ ਹੈ। ਕਦੀ ਵੀ stress ਵਿਚ ਖਾਣਾ ਨਾ ਖਾਓ, ਕਦੀ ਵੀ ਗੰਭੀਰ ਹੋ ਕੇ ਖਾਣਾ ਨਾ ਖਾਓ, ਜੇ ਤੁਸੀਂ ਗੁੱਸੇ ਵਿਚ ਖਾਂਦੇ ਹੋ ਤੁਸੀਂ ਜ਼ਹਿਰ ਖਾ ਰਹੇ ਹੋ। ਸਭ ਤੋਂ ਚੰਗੀ ਚੀਜ਼ ਜਿਸ ਨਾਲ ਭੁੱਖ ਲਗ ਸਕਦੀ ਹੈ ਉਹ ਹੈ ਹਾਸਾ ਖੁਸ਼ੀ। ਖਾਣ ਦੇ ਸੁਆਦ ਦੇ ਦੋ ਤਰੀਕੇ ਹਨ ਇਕ ਹੈ ਖਾਣੇ ਦੇ ਸੁਆਦ ਤੋਂ ਮਸਾਲਿਆਂ ਤੋਂ, ਦੂਸਰਾ ਹੈ ਖਾਣੇ ਨੂੰ ਵਧੇਰੇ ਚਬਾ ਕੇ ਖਾਣ ਤੋਂ। ਦੂਸਰਾ ਸੁਆਦ ਤਾਂ ਤੁਸੀਂ ਤਾਂ ਹੀ ਲੈ ਸਕਦੇ ਹੋ ਜੇ ਤੁਸੀਂ ਚਬਾਓ ਹੋਰ ਚਬਾਓ ਤੇ ਹੋਰ ਚਬਾਓ।

ਸਭ ਤੋਂ ਵਿਸ਼ੇਸ਼ ਅੰਗ ਜੋ ਸਿਹਤ ਦੀ ਪੋਸ਼ਟਿਕਤਾ ਲਈ ਜ਼ਰੂਰੀ ਹੈ ਉਹ ਹੈ ਮਿਹਦਾ। ਦਿਲ ਨਹੀਂ, ਮਿਹਦੇ ਨਾਲ ਲਿਵਰ ਨਾਲ ਹੀ ਜੀਵਨ ਦੀ ਚਿਰਨਜੀਵਤਾ ਦਾ ਮੁੱਖ ਅੰਗ ਲਿਵਰ ਹੈ। ਤੁਹਾਡੀ ਸੋਚ ਵਿਚਾਰ ਦਾ ਸਭ ਤੋਂ ਵੱਧ ਪ੍ਰਭਾਵ ਤਾਂ ਲਿਵਰ ਤੇ ਹੀ ਪੈਂਦਾ ਹੈ। ਤੁਹਾਡੇ ਮਨ ਦਾ ਪ੍ਰਭਾਵ ਸਿੱਧਾ ਹੀ ਤੁਹਾਡੇ ਲਿਵਰ ਤੇ ਪੈਂਦਾ ਹੈ ਤੇ ਲਿਵਰ ਤੁਹਾਡੇ ਮੂੰਹ ਦੇ ਅੰਦਰ ਦੇ ਪਾਣੀ ਨੂੰ ਜਿਸ ਨੂੰ saliva ਕਹਿੰਦੇ ਹਨ, ਉਸ ਤੇ ਪ੍ਰਭਾਵ ਪਾਉਂਦਾ ਹੈ।

ਇਹ ਸਵਾਮੀ ਜੀ ਦੀ ਇਕ ਨਵੀਂ ਵਿਚਾਰਧਾਰਾ ਸੀ ਜਿਹੜੀ ਮੈਂ ਪਹਿਲਾਂ ਕਦੀ ਨਹੀਂ ਸੀ ਸੁਣੀ। ਮੈਂ ਸੁਣ ਕੇ ਬਹੁਤ ਹੀ ਪ੍ਰਭਾਵਿਤ ਹੋਇਆ ਕਿ ਸਵਾਮੀ ਜੀ ਲਿਵਰ ਨੂੰ ਐਨੀ ਵੱਧ ਮਹੱਤਤਾ ਦੇ ਰਹੇ ਹਨ ਤੇ ਕਹਿ ਰਹੇ ਹਨ ਕਿ ਸਿਹਤ ਲਈ ਸਭ ਤੋਂ ਵੱਧ ਲੋੜ ਲਿਵਰ ਦੀ ਹੀ ਹੈ। ਸਵਸਥ ਰਹਿਣ ਲਈ ਲਿਵਰ ਦੀ ਹੀ ਦੇਖਭਾਲ ਕਰਨੀ ਉਸ ਨੂੰ ਠੀਕ ਸਵਸਥ ਹਾਲਤ ਵਿਚ ਰੱਖਣਾ ਬਹੁਤ ਜ਼ਰੂਰੀ ਹੈ। ਸਵਾਮੀ ਜੀ ਦੇ ਬਚਨ ਸੁਣ ਕੇ ਮੇਰਾ ਧਿਆਨ ਇਕ ਵਰਕਸ਼ਾਪ ਵਲ ਚਲਾ ਗਿਆ ਜਿਹੜੀ ਮੈਂ ਥੋੜ੍ਹੀ ਦੇਰ ਪਹਿਲਾਂ ਪਾਚਨ ਸ਼ਕਤੀ ਬਾਰੇ ਦੇਖ ਕੇ ਉਸ ਵਿਚ ਭਾਗ ਲਿਆ ਸੀ। ਇਹ ਵਰਕਸ਼ਾਪ ਡਾਕਟਰ ਗਿਰਸਨ ਨੇ ਕਰਾਈ ਸੀ। ਉਹ ਜਰਮਨੀ ਤੋਂ ਸੀ ਤੇ ਉਨ੍ਹਾਂ ਦਾ ਕਹਿਣਾ ਸੀ ਕਿ ਲਿਵਰ ਹੀ ਸਭ ਤੋਂ ਵੱਧ ਮਹੱਤਵਪੂਰਨ ਸਰੀਰ ਦਾ ਅੰਗ ਹੈ ਤੇ ਬਹੁਤ ਸਾਰੇ ਕੈਂਸਰ ਵਿਚ ਲਿਵਰ ਹੀ ਲਪੇਟਿਆ ਜਾਂਦਾ ਹੈ। ਬੜੀ ਬਦਕਿਸਮਤੀ ਦੀ ਗੱਲ ਹੈ ਕਿ ਉਸ ਦੀ ਕੈਂਸਰ ਠੀਕ ਕਰਨ ਦੀ ਸਕੀਮ ਲਈ ਕਿਸੇ ਨੇ ਹਾਮੀ ਨਹੀਂ ਭਰੀ, ਉਸ ਦਾ ਕਾਰਣ ਇਕ ਹੀ ਸੀ ਉਹ ਇਹ ਸੀ ਕਿ ਡਾਕਟਰ ਹੀ ਇਸ ਸਕੀਮ ਨੂੰ ਅੱਗੇ ਨਹੀਂ ਸੀ ਆਉਣ ਦੇਣਾ ਚਾਹੁੰਦੇ ਕਿਉਂਕਿ ਫੇਰ ਕੈਂਸਰ ਦੇ ਡਾਕਟਰੀ ਇਲਾਜ ਨੂੰ ਬਹੁਤ ਭਾਰਾ ਧੱਕਾ ਲਗ ਜਾਣਾ ਸੀ।

ਸਵਾਮੀ ਜੀ ਨੇ ਆਪਣੇ ਪ੍ਰਵਚਨ ਰੋਕ ਦਿਤੇ ਜਦੋਂ ਘਰ ਦੀ ਗ੍ਰਹਿਣੀ ਚਾਹ ਦੀ ਟਰੇ ਲੈ ਕੇ ਆਈ, ਮੈਂ ਖਾਣ ਪੀਣ ਬਾਰੇ ਪੁਛਣ ਲਗ ਪਿਆ। ਉਹ ਲੋਕ ਜਿਹੜੇ ਰਾਤ ਨੂੰ ਲੇਟ ਖਾਂਦੇ ਹਨ ਤੇ ਭਾਰਾ ਖਾਣਾ ਖਾਂਦੇ ਹਨ, ਤਲੀਆਂ ਚੀਜ਼ਾਂ ਸਵਾਮੀ ਜੀ ਕਹਿਣ ਲੱਗੇ ਉਹ ਜਮ ਨੂੰ ਹੀ ਰਾਤ ਦੀ ਰੋਟੀ ਤੇ ਬੁਲਾਉਂਦੇ ਹਨ।

ਇਹ ਗੱਲ ਸਵਾਮੀ ਜੀ ਬੜੇ ਹੀ ਗੰਭੀਰ ਰੂਪ ਵਿਚ ਕਹਿ ਰਹੇ ਸੀ ਕਿਉਂ ਜੋ ਜਗ ਤੇ ਮੌਤ ਦਾ ਹੀ ਰਾਜ ਹੈ। ਰਾਤ ਨੂੰ ਦੇਰ ਨਾਲ ਖਾਣਾ ਵੀ ਉਨ੍ਹਾਂ ਹੀ ਹਾਨੀਕਾਰਕ ਹੈ, ਦੇਰ ਨਾਲ ਖਾਣ ਕਰਕੇ ਵੀ ਲਿਵਰ ਤੇ ਬੋਝ ਹੀ ਪੈਂਦਾ ਹੈ।

ਫੇਰ ਸਵਾਮੀ ਜੀ ਮੂੰਹ ਨੂੰ ਅੰਦਰੋਂ ਸਾਫ ਰੱਖਣ ਦੀ ਮਹੱਤਤਾ ਦੱਸਣ ਲਗ ਪਏ। ਸਵਾਮੀ ਜੀ ਕਹਿਣ ਲੱਗੇ ਮਸੂੜਿਆਂ ਦੀ ਮਾਲਿਸ਼ ਕਰਨ ਨਾਲ ਦੰਦਾਂ ਦੀਆਂ ਜੜ੍ਹਾਂ ਪੱਕੀਆਂ ਹੁੰਦੀਆਂ ਹਨ ਉਨ੍ਹਾਂ ਨੇ ਪੁਰਾਤਨ ਤਰੀਕੇ ਦੇ ਵਿਚਾਰ ਦੱਸਣ ਤੋਂ ਬਾਅਦ ਕਿ ਸਿਹਤ ਨੂੰ ਕਿਵੇਂ ਠੀਕ ਰੱਖਿਆ ਜਾਣਾ ਚਾਹੀਦਾ ਹੈ ਸਵਾਮੀ ਜੀ ਨੇ ਸਾਨੂੰ ਲਿਵਰ ਨੂੰ ਠੀਕ ਰੱਖਣ ਲਈ ਇਕ ਵਿਆਮ ਦੱਸਿਆ। ਬੜੇ ਗੰਭੀਰ ਹੋ ਕੇ ਸਵਾਮੀ ਜੀ ਨੇ ਲੰਮੇ ਹੋਣ ਲਈ ਵੀ ਵਿਆਮ ਦਸਿਆ। ਥਰੀਸਾ ਉਸ ਵਿਆਮ ਵਿਚ ਬਹੁਤ ਹੀ ਰੁਚੀ ਰਖਦੀ ਸੀ। ਸਵਾਮੀ ਜੀ ਨੇ ਸਾਨੂੰ ਦਿਲ ਦੀ ਧੜਕਣ ਹੌਲੀ ਕਰਨ ਲਈ ਵੀ ਦੱਸਿਆ ਕਿ ਕਿਵੇਂ ਕੀਤੀ ਜਾ ਸਕਦੀ ਹੈ ਤੇ ਸਰੀਰ ਨੂੰ ਨਿਸਲ ਕੀਤਾ ਜਾ ਸਕਦਾ ਹੈ।

ਇਸ ਤੋਂ ਪਿਛੋਂ ਉਨ੍ਹਾਂ ਨੇ ਮੈਨੂੰ ਮੰਤਰ ਦਾ ਗਿਆਨ ਦ੍ਰਿੜ੍ਹ ਕਰਾਇਆ ਤੇ ਦੱਸਿਆ ਕਿ ਅੰਤਰ ਦ੍ਰਿਸ਼ਟੀ ਨਾਲ ਕਿਵੇਂ ਬਿਮਾਰੀ ਦੇ ਚਿੰਨ੍ਹ ਜਾਣੇ ਜਾ ਸਕਦੇ ਹਨ।

(ਪੰਨਾ 40 ਦੀ ਬਾਕੀ)

ਕੀਤਾ।

ਸੁਜਾਨ ਸਿੰਘ ਨੇ ਸਤਿਕਾਰ ਨਾਲ ਲੈ ਲਿਆ ਤੇ ਫੇਰ ਦਰਸਨ ਦੇਣ ਲਈ ਬਿਨੈ ਕੀਤੀ। ਸੰਤਾਂ ਨੇ ਉਹੋ ਉਤਰ ਦਿਤਾ ਕਿ ਗੁਰੂ ਕੇ ਵਸ ਹੈ। ਜੇ ਪ੍ਰੇਰਨਾ ਹੋ ਗਈ ਤਾਂ ਪਹੁੰਚ ਪਵੇਗਾ ਇਹ ਸਰੀਰ ਤੇ ਜੇ ਨਾ ਪੁੱਜ ਸਕਿਆ ਤਾਂ ਪ੍ਰਸੰਗ ਤੁਸੀਂ ਲੈ ਹੀ ਚੱਲੇ ਹੋ।

ਹੁਣ ਭਾਈ ਸੁਜਾਨ ਸਿੰਘ ਨੇ ਆਗਿਆ ਲਈ ਤੇ ਉਥੋਂ ਟੁਰ ਪਿਆ।

## ੬

ਜੋ ਪ੍ਰਸੰਗ ਸੰਤਾਂ ਤੋਂ ਗੁਰਪੁਰਬ ਪੁੰਨ ਲਈ ਉਹ ਲਿਆਇਆ ਸੀ ਇਸ ਪ੍ਰਕਾਰ ਦਾ ਸੀ –

ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਜਗਤ ਜਲੰਦੇ ਨੂੰ ਉਬਾਰਨ ਲਈ ਘਰ ਬਾਰ ਤਿਆਗ ਕੇ ਪਰਦੇਸਾਂ ਨੂੰ ਟੁਰੇ ਸਨ ਤਾਂ ਪਹਿਲੋਂ ਆਪ ਨੇ ਤੁਲੰਭੇ ਲਾਗ ਵਾਰ ਵਸਦੇ ਜਿਸ ਕੁਫਰ ਗੜ੍ਹ ਨੂੰ ਤੋੜਿਆ ਸੀ ਉਹ ਸੱਜਣ ਠੱਗ ਦਾ ਠੱਗੀ ਵਾਲਾ ਟਿਕਾਣਾ ਸੀ। ਇਸ ਭੁੱਲੇ ਹੋਏ ਜੰਤ ਨੂੰ ਰਸਤੇ ਪਾ ਕੇ ਤੇ ਇਸਦੇ ਪਾਪ ਗ੍ਰਹਿ ਨੂੰ ਪਹਿਲੀ ਧਰਮਸਾਲ ਬਣਾ ਕੇ ਆਪ ਅੱਗੇ ਟੁਰੇ ਸਨ। ਰਸਤੇ ਵਿਚ ਅਨੇਕਾਂ ਜੀਵ ਤਾਰੇ, ਅਨੇਕਾਂ ਵੱਡੇ ਪਾਪੀ ਰਸਤੇ ਪਾ ਕੇ ਬਚਾਏ। ਛੇਕੜ ਆਪ ਆਸਾਮ ਪਹੁੰਚੇ। ਇਥੇ ਸਭ ਤੋਂ ਔਖਾ ਥਾਉਂ ਇਕ ਚੇਟਕੀ ਫਕੀਰ ਨੂਰ ਸ਼ਾਹ ਨਾਮੇ ਦਾ ਸੀ। ਇਸ ਤ੍ਰੀਮਤ ਫਕੀਰ ਨੇ ਜੋ ਮਰਦਾਂ ਤੋਂ ਵਧੀਕ ਤਕੜੀ ਤੇ ਤ੍ਰੀਮਤਾਂ ਤੋਂ ਵਧੀਕ ਸਿਆਣੀ ਸੀ ਬੜੇ ਬੜੇ ਦਾਨੇ ਤੇ ਸਿਆਣੇ ਸਾਧ ਅਮੀਰ ਤੇ ਵੱਡੇ ਲੋਕ ਚੇਲੇ ਬਣਾ ਰਖੇ ਸਨ। ਇਸਦੀ ਤ੍ਰਾਟਕ ਮੁਦਰਾਂ ਨੇੜੇ ਆਇਆਂ ਨੂੰ ਫਾਹ ਲੈਂਦੀ ਸੀ ਤੇ ਇਸਦੇ ਰੁਪਏ ਨਾਲ ਛੱਡੇ ਦੂਤ ਦੂਤਣੀਆਂ ਦੂਰ ਨੇੜੇ ਤੋਂ ਲੋਕਾਂ ਨੂੰ ਇਸਦੇ ਜਗ ਗਾ ਗਾ ਕੇ ਇਸਦੇ ਫੰਧੇ ਵਿਚ ਫਸਾ ਦਿੰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਸੱਚ ਦੇ ਸੂਰਜ ਨੇ ਇਸ ਕੁਫਰਗੜ੍ਹ ਨੂੰ ਸੋਧਿਆ। ਇਹ ਬੀਬੀ ਸਿੱਧੇ ਰਸਤੇ ਪੈ ਗਈ। ਪਾਪ ਤੇ ਝੂਠ ਇਸਨੇ ਤਿਆਗ ਦਿਤੇ। ਜਦ ਵਾਹਿਗੁਰੂ ਜੀ ਦੇ ਨਾਮ ਦੇ ਰਸਤੇ ਪੈ ਗਈ ਤਾਂ ਇਹ ਸੁਭਾਗ ਹੋ ਗਈ। ਅਨੇਕਾਂ ਲੋਕਾਂ ਜੋ ਇਸਦੇ ਮਗਰ ਲੱਗ ਕੇ ਕੁਰਾਹੇ ਪੈ ਰਹੇ ਸਨ ਸੁਮਾਰਗ ਪੈ ਗਏ। ਇਹ ਭਾਰੀ ਦੁੱਖਾਂ ਦਾ ਟਿਕਾਣਾ ਸੁਖਾਂ ਵਿਚ ਬਦਲ ਕੇ ਹੁਣ ਸ੍ਰੀ ਗੁਰੂ ਜੀ ਨੂੰ ਇਕ ਹੋਰ ਟਿਕਾਣੇ ਦੀ ਸੂਹ ਪਈ ਕਿ ਜਿੱਥੇ ਪੁੰਨ ਦੇ ਭੁਲੇਵੇ ਪਾਪ ਵਰਤ ਰਿਹਾ ਸੀ। ਢਾਕੇ ਦੀ ਇਕ ਵਸਤੀ ਵਿਚ ਇਕ ਜ਼ਿਮੀਦਾਰ ਰਹਿੰਦਾ ਸੀ। ਜਾਪਦਾ ਹੈ ਕਿ ਇਹ ਗਿਰਾਂ ਢਾਕੇ ਦੇ ਇਲਾਕੇ ਵਿਚ ਕਿਤੇ ਨੇੜੇ ਹੀ ਸੀ। ਇਹ ਆਦਮੀ ਸੀ ਤਾਂ ਜ਼ਿਮੀਦਾਰ ਪਰ ਇਸਦਾ ਕਿੱਤਾ ਇਹ ਗੱਲ ਹੋ ਚੁੱਕੀ ਸੀ ਕਿ ਇਹ ਦਿਨ ਨੂੰ ਰਾਹਾਂ ਖਹਿੜਿਆਂ ਵਿਚ ਤੇ ਹੋਰ ਥੇ ਧਾੜੇ ਮਾਰਦਾ ਮਰਵਾਉਂਦਾ ਸੀ ਤੇ ਰਾਤ ਵੇਲੇ ਚੋਰੀਆਂ ਕਰਵਾਉਂਦਾ ਸੀ। ਇਸ ਤਰ੍ਹਾਂ ਮਾਲ ਪਦਾਰਥ ਬਹੁਤ ਹੱਥ ਆ ਜਾਣ ਕਰਕੇ ਏਸ ਪਾਸ ਚੋਰ ਤੇ ਧਾੜਵੀ ਨੌਕਰ ਬੀ ਸਨ। ਪਰੰਤੂ ਇਸ ਭੁੱਲੇ ਹੋਏ ਜੀਵ ਨੂੰ ਇਹ ਸੋਝੀ ਕਿਤੋਂ ਪਈ ਹੋਈ ਸੀ ਕਿ ਪਾਪ ਪੁੰਨਾਂ ਦੇ ਬਦਲੇ ਵਟਾਂਦਰਾ ਖਾ ਜਾਂਦੇ ਹਨ, ਇਸ ਕਰਕੇ ਏਸਨੇ ਆਪਣੇ ਘਰ ਲੰਗਰ ਵਾਂਙੂ ਸਦਾ ਬ੍ਰਤ ਬੀ ਲਾਇਆ ਹੋਇਆ ਸੀ। ਐਤਨਾ ਖੁਲ੍ਹਾ ਸੀ ਇਹ ਸਦਾ ਬ੍ਰਤ ਕਿ ਜੋ ਜੀਅ ਆਵੇ ਤ੍ਰਿਪਤ ਹੋ ਕੇ ਜਾਵੇ, ਕਿਸੇ ਨੂੰ ਨਾਂਹ ਨਹੀਂ ਸੀ। ਇਸ ਜ਼ਿਮੀਦਾਰ ਨੇ, ਜਿਸਨੂੰ 'ਭੂਮੀਆ' ਕਰਕੇ ਲਿਖਿਆ ਹੈ, ਆਪਣੇ ਗਿਰਾਂ ਦੇ ਲੋਕਾਂ ਨੂੰ ਕਹਿ ਛੱਡਿਆ ਸੀ ਕਿ ਜੇ ਕੋਈ ਸਾਧ ਫਕੀਰ ਆਵੇ ਮੇਰੇ ਘਰ ਘੱਲ ਦਿਓ, ਮਤ ਕੋਈ ਹੋਰ ਕਿਸੇ ਅਤਿੱਥੀ ਨੂੰ ਆਪਣੇ ਘਰ ਰੱਖੇ। ਜੇ ਕੋਈ ਰੱਖੇਗਾ, ਤਾਂ ਮੈਂ ਉਸਦਾ ਘਰ ਬਾਰ ਲੁੱਟ ਲੁਟਾ ਦਿਆਂਗਾ। ਇਸਦਾ ਸਦਾ ਬ੍ਰਤ ਅੱਠੇ ਪਹਿਰ ਚਲਦਾ ਰਹਿੰਦਾ ਸੀ, ਕਿ ਮੇਰੇ ਅੰਨ ਦਾਨ ਨਾਲ ਮੇਰਾ ਭਲਾ ਹੁੰਦਾ ਪਿਆ ਹੈ। ਮੈਂ ਜੋ ਧਾੜੇ ਚੋਰੀਆਂ ਦੇ ਪਾਪ ਕਰਦਾ ਕਰਾਉਂਦਾ ਹਾਂ ਉਹ ਮੈਨੂੰ ਨਹੀਂ ਲਗਦੇ ਕਿਉਂਕਿ ਮੈਂ ਅੰਨ ਦਾਨ ਦਾ ਸਭ ਤੋਂ ਵੱਡਾ ਪੁੰਨ ਜੋ ਪਿਆ ਕਰਦਾ ਹਾਂ। ਨਾਲੇ ਕਦੇ ਇਹ ਬੀ ਸੋਚ ਲਿਆ ਕਰਕੇ ਕਿ ਐਡਾ ਵੱਡਾ ਸਦਾਬ੍ਰਤ ਜੋ ਮੈਂ ਟੋਰਨਾ ਹੋਇਆ ਇਹ ਪਦਾਰਥ ਬਿਨਾਂ ਕਿਵੇਂ ਟੁਰੇ, ਮੈਂ ਜੋ ਲੋਕਾਂ ਤੋਂ ਰੁਪਏ ਖੋਹ ਮਾਰ ਕੇ ਲੈਂਦਾ ਹਾਂ ਇਸਦੇ ਟੋਰਨ ਵਾਸਤੇ ਹੀ ਲੈਂਦਾ ਹਾਂ।

ਸੱਜਣ ਠੱਗ ਤੇ ਹੋਰ ਇਹੋ ਜਿਹੇ ਭੁੱਲੇ ਹੋਏ ਲੋਕਾਂ ਨੂੰ, ਜਿਨ੍ਹਾਂ ਨੂੰ ਸਤਿਗੁਰ ਨੇ ਤਾਰਿਆ ਸੀ, ਇਹ ਭੁਲੇਖਾ ਨਹੀਂ ਸੀ ਕਿ ਅਸੀਂ ਪੁੰਨ ਪਏ ਕਰਦੇ ਹਾਂ, ਉਹ ਜਾਣਦੇ ਸਨ ਕਿ ਇਹ ਪਾਪ ਕਰਮ ਹਨ। ਉਨ੍ਹਾਂ ਨੇ ਪੁੰਨ ਕਰਮਾਂ ਨੂੰ ਪਾਪ ਢਕਣੇ ਦਾ ਪਰਦਾ ਬਨਾਯਾ ਹੋਯਾ ਸੀ। ਪਰ ਏਸ ਧਾੜਵੀ ਨੂੰ ਆਪਣੇ ਪੁੰਨ ਕਰਮਾਂ ਨੇ ਭੁਲੇਵਾ ਪਾਇਆ ਹੋਇਆ ਸੀ ਕਿ ਮੈਂ ਪਰਸੁਆਰਥੀ ਹਾਂ ਤੇ ਪੁੰਨੀ ਹਾਂ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੀੜਾ ਹਰਨ ਵਾਲੇ ਪਵਿੱਤਰ ਕੰਨਾਂ ਨੇ ਸੁਣ ਪਾਈ ਇਹ ਸੋਇ ਤੇ ਦਿਲ ਦ੍ਰਵ ਗਿਆ ਕਿ ਇਸ ਮੂਰਖ ਦੇ ਹੱਥੋਂ ਕਸ਼ਟ ਪਾ ਰਹੀ ਸ੍ਰਿਸ਼ਟੀ ਦਾ ਉਧਾਰ ਕਰੀਏ। ਕੁਰਲਾ ਰਹੀ ਦੁਖੀ ਪਰਜਾ ਦਾ ਸੰਕਟ ਹਰਨ ਵਾਸਤੇ ਗੁਰੂ ਬਾਬੇ ਨੇ ਆਪਣੇ ਪੈਰ ਹੁਣ ਏਸ ਧਰਤੀ ਵਲ ਮੋੜੇ। ਜਾਂਦੇ ਜਾਂਦੇ ਜਾਂ ਆਪ ਓਸ ਪਿੰਡ

ਅੱਪੜੇ ਤਾਂ ਇਕ ਭਲੇ ਪੁਰਖ ਦੇ ਘਰ ਜਾ ਖੜ੍ਹੇ ਹੋਏ। ਓਸ ਨੇ ਦਰਸ਼ਨ ਕਰਕੇ ਸੁਖ ਪਾਇਆ, ਚਿੱਤ ਕੀਤੋਸੁ ਕਿ ਸੇਵਾ ਭਾਉ ਕਰਾਂ, ਅੰਨ ਖੁਲਾਵਾਂ ਤੇ ਰਾਤ ਪਾਸ ਰੱਖਾਂ, ਐਸੇ ਸੋਹਣੇ ਰੂਪ ਰੰਗ ਵਾਲੇ ਸਾਧ ਕਦੇ ਨਹੀਂ ਡਿੱਠੇ। ਪਰ ਫੇਰ ਭੂਮੀਏ ਦੇ ਭੈ ਕਰਕੇ ਡਰਿਆ ਤੇ ਕਹਿਣ ਲੱਗਾ ਆਓ ਜੀਓ, ਜੀ ਆਇਆਂ ਨੂੰ, ਬੈਠੋ, ਆਰਾਮ ਕਰੋ, ਸੇਵਾ ਦੱਸੋ, ਇਹ ਆਪ ਦਾ ਘਰ ਹੈ। ਪਰ ਹੇ ਹੰਸ ਰੂਪ ਜੀ! ਸਾਨੂੰ ਆਪਣੇ ਗਿਰਾਂ ਦੇ ਚਉਧਰੀ ਦਾ ਡਰ ਹੈ ਜੋ ਵੱਡਾ ਜ਼ਿਮੀਦਾਰ ਤੇ ਬੜੇ ਪਦਾਰਥ ਵਾਲਾ ਹੈ ਤੇ ਬੜਾ ਸਦਾ ਬ੍ਰਤ ਲਾਇਆ ਹੈਸੁ ਆਏ ਗਏ ਦੇ ਵਾਸਤੇ। ਉਸਦਾ ਹੁਕਮ ਹੈ ਕਿ ਮਤ ਕੋਈ ਆਪਣੇ ਘਰ ਕਿਸੇ ਆਏ ਸੰਤ, ਫਕੀਰ, ਅਭਆਗਿਤ ਦਾ ਉਤਾਰਾ ਕਰਾਵੇ ਕਿ ਸੇਵਾ ਭਾਉ ਕਰੇ। ਸਭ ਕੋਈ ਜੋ ਆਵੇ ਮੇਰੇ ਘਰ ਪੁਚਾ ਦਿਓ। ਜੇ ਕੋਈ ਮੇਰੀ ਆਗਿਆ ਭੰਨੇਗਾ ਉਸ ਦਾ ਘਰ ਮੈਂ ਭੰਨ ਲਵਾਂਗਾ। ਸੋ ਹੇ ਦੇਵ ਮੂਰਤੀ ਭਗਵਾਨ! ਆਓ ਮੈਂ ਆਪ ਨੂੰ ਉਸ ਦੇ ਘਰ ਪਹੁੰਚਾ ਆਵਾਂ। ਫੇਰ ਉਹ ਅਸਮਾਨਾਂ ਵਲ ਤੱਕਿਆ ਤੇ ਹਾਹ ਵਾਂਙ ਹਾਹ ਮਾਰ ਕੇ ਤੇ ਠੰਢਾ ਸਾਹ ਲੈ ਕੇ ਕਹਿਣ ਲੱਗਾ, ਹੇ ਨੀਲੇ ਨੀਲੇ ਪਰਦੇ ਦੇ ਉਹਲੇ ਰਹਿਣ ਵਾਲਿਆ! ਏਸ ਭੂਮੀਏ ਨੇ ਜਗਤ ਦੇ ਤਾਂ ਧਨ ਮਾਲ ਖੋਹ ਲਏ ਪਰ ਸਾਡੇ ਪੁੰਨ ਕਰਮ ਬੀ ਖੋਹ ਲਏ। ਅਸੀਂ ਭਲਿਆਈ ਕਿਸ ਮੌਕੇ ਤੇ ਕਰੀਏ ਤੇ ਆਪਣੇ ਲਈ ਪੁੰਨਾਂ ਦਾ ਤੋਸ਼ਾ ਕਦੋਂ ਲੱਦੀਏ, ਚੰਗਾ ਹੋਵੇ ਜੋ ਇਸ ਸਾਡੇ ਘਰ ਬਾਰ ਬੀ ਲੁੱਟ ਲਵੇ ਤੇ ਸਾਨੂੰ ਨੇਕੀਓਂ ਨਾਂ ਵਾਂਜੇ। ਇਹ ਕਹਿ ਕੇ ਹੋਰ ਸੋਚੀਂ ਪੈ ਗਿਆ ਕਿ ਜੇ ਇਹ ਸਾਡਾ ਸਭ ਕੁਛ ਖੋਹ ਲਵੇ ਤਾਂ ਅਸੀਂ ਫੇਰ ਪੁੰਨ ਕਾਹਦੇ ਨਾਲ ਕਰਾਂਗੇ। ਹੱਛਾ ਭਾਵੀ ਪ੍ਰਬਲ ਹੈ। ਸਹੁ ਹੇ ਮਨ ਸਹੁ। ਇੰਨੇ ਨੂੰ ਭੂਮੀਏ ਦਾ ਘਰ ਆ ਗਿਆ ਤੇ ਉਹ ਬੰਦਾ ਸਤਿਗੁਰਾਂ ਨੂੰ ਸਾਥੀਆਂ ਸਣੇ ਓਥੇ ਛੋੜ ਕੇ ਨਮਸਕਾਰ ਕਰਕੇ ਚਲਾ ਗਿਆ।

ਜਦ ਭੂਮੀਏ ਨੂੰ ਖਬਰ ਹੋਈ ਕਿ ਮੇਰੇ ਘਰ ਕੋਈ ਬੜੇ ਤੇਜ ਰੂਪ ਵਾਲਾ ਸੰਤ ਆਇਆ ਹੈ ਤੇ ਉਸਦਾ ਨਾਲ ਉਸਦੇ ਦੇਸ ਦਾ ਬੀ ਕੋਈ ਹੋਰ ਸਾਧੂ ਹੈ, ਹਿਕੇ ਕੋਈ ਹੋਰ ਸੰਤ ਹੈ ਤਾਂ ਉਹ ਆਦਰ ਕਰਨ ਲਈ ਆਇਆ ਤੇ ਬੜੇ ਭਾਉ ਨਾਲ ਸੋਹਣੇ ਟਿਕਾਣੇ ਬਿਠਾ ਕੇ ਆਦਰ ਭਾਉ ਲੱਗਾ ਕਰਨ। ਦਰਸ਼ਨ ਕਰਕੇ ਠੰਢ ਪਈ, ਦਿਲ ਨੂੰ ਕਹਿਣ ਲੱਗਾ ਕਿ ਐਸਾ ਸੋਹਣਾ ਦੀਦਾਰ ਅੱਗੇ ਨਹੀਂ ਸੀ ਕਦੇ ਡਿੱਠਾ। ਖਿੱਚ ਪਵੇ ਸੁ ਮਿੱਠੇ ਲਗਾਣ ਸੁ, ਪਰ ਸਮਝ ਨਾ ਆਵੇ ਸੁ ਕਿ ਕਿਉਂ। ਭੂਮੀਏ ਨੇ ਪਹਿਲਾਂ ਬਚਨਾਂ ਦਾ ਆਦਰ ਭਾਉ ਕੀਤਾ। ਫੇਰ ਆਖਣ ਲੱਗਾ, ਜੀਓ ਸੰਤ ਜੀ! ਅੰਨ ਭੋਜਨ ਤਿਆਰ ਹੈ। ਆਓ ਆਪ ਜੀਵੋਂ। ਤਾਂ ਸਤਿਗੁਰੂ ਜੀ ਨੇ ਆਖਿਆ, ਭਾਈ ਭਲਾ ਹੋਵੀ, ਅਸਾਨੂੰ ਪਹਿਲੋਂ ਦੱਸ ਜੋ ਤੂੰ ਕਿਰਤ ਕੀਹ ਕਰਦਾ ਹੈਂ? ਇਹ ਸੁਣ ਕੇ ਭੂਮੀਏ ਦੇ ਜੀਅ ਵਿਚ ਇਕ ਟੋਆ ਜਿਹਾ ਪੈ ਗਿਆ। ਸੋਚਣ ਲੱਗਾ ਕਿ ਜੇ ਮੈਂ ਆਖਦਾ ਹਾਂ ਕਿ ਚੋਰੀ ਕਰਦਾ ਤੇ ਧਾੜੇ ਮਾਰਦਾ ਹਾਂ ਤਾਂ ਗਲ ਕੋਝੀ ਹੋਈ ਤੇ ਜੇ ਕੂੜ ਮਾਰਦਾ ਹਾਂ ਤਾਂ ਏਹ ਪੂਰੇ ਭਾਂਡੇ ਜਾਪਦੇ ਹਨ, ਲੱਖ ਲੈਣਗੇ। ਜੇ ਇਹ ਕਿਤੇ ਕਿਸੇ ਵੈਰੀ ਤੋਂ ਸੂੰਹ ਸੁਣ ਹੀ ਆਏ ਹੋਣ ਕਿ ਮੇਰਾ ਕਿੱਤਾ ਮਾਰਨਾ ਤੇ ਖੁਹਣਾ ਹੈ ਤਾਂ ਮੂੰਹ ਤੇ ਸ਼ਰਮਿੰਦਿਆਂ ਕਰ ਦੇਣਗੇ, ਕਿਵੇਂ ਇਨ੍ਹਾਂ ਅੱਗੇ ਕੂੜ ਕਹਾਂ। ਜਿਸ ਵੇਲੇ ਇਸ ਦਾ ਮਨ ਇਸ ਤਰ੍ਹਾਂ ਦੀਆਂ ਸੋਚਾਂ ਵਿਚ ਸੀ ਸ੍ਰੀ ਗੁਰੂ ਜੀ ਇਸ ਦੇ ਚਿਹਰੇ ਵਲ ਪਵਿੱਤਰ ਨਜ਼ਰ ਪਾ ਕੇ ਤੱਕ ਰਹੇ ਸਨ। ਜਿਸ ਨਜ਼ਰ ਨਾਲ ਇਸ ਦੇ ਪਾਪ ਇਸਦੇ ਅੰਦਰ ਕੰਬ ਪਏ ਤੇ ਮਨ ਨੇ ਸੋਝੀ ਵਲ ਰੁਖ ਕੀਤਾ ਪਰ ਕਿਸੇ ਘਬਰਾ ਜਿਹੇ ਵਿਚ। ਇਸ ਘਬਰਾ ਵਿਚ, ਇਸ ਦੁਚਿਤਾਈ ਵਿਚ ਜੋ ਅੰਦਰ ਰੇੜਕਾ ਪਿਆ ਉਸ ਨਾਲ ਮੱਖਣ ਵਾਂਙੂ ਸੱਚ ਉਪਰ ਤਰ ਆਇਆ ਤੇ ਉਸਦੇ ਮੂੰਹੋਂ ਨਿਕਲ ਗਿਆ, ਦਾਤਾ ਮੇਰੇ! ਰੋਜ਼ੀ ਮੇਰੀ ਮਾੜੀ ਹੈ, ਕਿਰਤ ਮੇਰੀ ਚੰਗੀ ਨਹੀਂ, ਤੁਸਾਂ ਪੁਛਿਆ ਹੈ ਦੱਸ ਤੇ ਮੈਨੂੰ ਡਰ ਲਗਦਾ ਹੈ ਸੱਚ ਬੋਲਣ ਤੋਂ, ਪਰ ਸੱਚ ਤਾਂ ਇਹ ਜੇ ਕਿ ਮੈਂ ਦਿਨੇ ਰਾਹ ਖਹਿੜੇ ਲੁੱਟਦਾ ਹਾਂ, ਰਾਤੀ ਚੋਰੀਆਂ ਕਰਵਾਉਂਦਾ ਹਾਂ, ਪਰ ਇਕ ਗੱਲ ਜੇ! ਮੈਂ ਲਾਉਂਦਾ ਭਲੇ ਅਰਥ ਹਾਂ, ਸਦਾਬ੍ਰਤ ਮੇਰਾ ਜੇ ਜਾਰੀ, ਆਇਆ ਗਿਆ ਸਾਧ ਸੰਤ ਸਭ ਵਰੋਸਾਕੇ ਜਾਂਦਾ ਹੈ ਇਥੋਂ, ਦੂਰੋਂ ਦੂਰੋਂ ਸਾਧੂ ਸੰਤ ਇਥੇ ਆਉਂਦੇ ਹਨ ਤੇ ਮੈਂ ਸੇਵਾ ਕਰਦਾ ਹਾਂ ਹਰ ਤਰ੍ਹਾਂ ਨਾਲ, ਸਭ ਪ੍ਰਸੰਨ ਜਾਂਦੇ ਹਨ, ਆਖਦੇ ਹੈਨ ਜੋ ਤੇਰੇ ਜੈਸਾ ਪੁੰਨੀ ਤੂੰਹੋਂ ਹੀ ਹੈਂ। ਸਤਿਗੁਰੂ ਜੀ ਮੁਸਕਰਾਏ ਤੇ ਕਹਿਣ ਲੱਗੇ 'ਭਲਾ ਹੋਵੀ, ਸੱਚ ਬੋਲਿਆ ਈ।'

ਭੂਮੀਆ - ਅੱਗੇ ਤਾਂ ਹੀਏ ਨਾਲ ਕਦੇ ਨਹੀਂ ਕਿਸੇ ਮੈਥੋਂ ਏਦਾਂ ਪੁੱਛਿਆ ਤੇ ਨਾ ਮੈਂ ਕਦੇ ਆਪਣੇ ਮੂੰਹੋਂ ਆਪਣਾ ਮੜੱਪਣ ਆਪ ਮੰਨਿਆਂ ਹੈ, ਪਰ ਹੇ ਸੰਤ! ਤੇਰੇ ਨੈਣਾਂ ਵਿਚ ਪਤਾ ਨਹੀਂ ਕੀ ਹੈ, ਅੱਜ ਪਹਿਲਾ ਦਿਨ ਹੈ ਕਿ ਮੈਂ ਕੰਬਿਆ ਹਾਂ ਤੇ ਆਪਣਾ ਕੀਤਾ ਆਪ ਸੱਚ ਕਹਿ ਦਿਤਾ ਹੈ। ਲਓ ਹੁਣ ਆਓ ਭੋਜਨ ਖਾਓ।

ਸਤਿਗੁਰ - ਜਦ ਭਾਈ ਤੇਰੀ ਕਮਾਈ ਤੂੰ ਆਪ ਮਾੜੀ ਦੱਸੀ ਹੈ ਤਾਂ ਤੇਰਾ ਭੋਜਨ ਫਕੀਰਾਂ ਦੇ ਖਾਣ ਦਾ ਨਹੀਂ ਹੈ।

ਭੂਮੀਆ – ਜਦ ਸਭ ਕੁਛ ਮੈਂ ਭਲੇ ਅਰਤ ਪਿਆ ਲਾਉਂਦਾ ਹਾਂ ਤਾਂ ਬੀ ਕਮਾਈ ਵਿਚ ਦੋਸ਼ ਹੈ?

ਸਤਿਗੁਰ – ਜਿਨ੍ਹਾਂ ਨੂੰ ਤੂੰ ਮਾਰਦਾ ਹੈਂ, ਖੁਹਦਾ ਹੈਂ, ਉਹ ਰੋਂਦੇ ਹਨ, ਦੁਖੀ ਹੁੰਦੇ ਹਨ। ਦੱਸ ਉਸ ਪਦਾਰਥ ਨਾਲ ਕੀਤੇ ਪੁੰਨ ਕਿਸ ਤਰ੍ਹਾਂ ਉੱਗ ਸਕਦੇ ਹਨ। ਜਮਦੂਤ ਦਾਣੇ ਬੀਜੇ ਤਾਂ ਉਗਦੇ ਹਨ ਕਦੇ ਦਾਲ ਬੀ ਬੀਜੀ ਉੱਗੀ ਹੈ?

ਭੂਮੀਆ ਸੋਚੀਂ ਪੈ ਗਿਆ, ਉਸਦੇ ਪਾਪ ਕੰਬੇ। ਜ਼ਖਮੀ ਕੀਤੇ, ਲੁੱਟੇ, ਖੋਹੇ, ਮਾਰੇ ਲੋਕ, ਤੜਫਦੇ, ਰੋਂਦੇ, ਬਦ ਅਸੀਸਾਂ ਦਿੰਦੇ ਸਭ ਅੱਖਾਂ ਅੱਗੇ ਆ ਗਏ। ਇਕ ਮੈਦਾਨ ਐਸੇ ਕਸ਼ਟ ਵਿਚ ਦੁਖੀਆਂ ਦਾ ਭਰਿਆ ਹੋਇਆ ਨਜ਼ਰੇ ਪੈ ਗਿਆ। ਭੂਮੀਆ ਫੇਰ ਕੰਬਿਆ। ਸਤਿਗੁਰ ਦੇ ਇਲਾਹੀ ਨੈਣ ਉਸਦੇ ਮੱਥੇ ਨੂੰ ਦੇਖ ਰਹੇ ਸਨ, ਪਰ ਭੂਮੀਆ ਦੇਖ ਰਿਹਾ ਸੀ ਤੜਫਣੀਆਂ ਵਿਲਕਣੀਆਂ ਤੇ ਉਸਨੂੰ ਮਿਲ ਰਹੀਆਂ ਬਦ ਅਸੀਸਾਂ ਨੂੰ। ਕੁਛ ਦੇਰ ਐਉਂ ਹੋ ਹਵਾਕੇ ਫੇਰ ਉਸਦੇ ਮਨ ਅੱਗੋਂ ਇਹ ਦਰਸ਼ਨ ਦੂਰ ਹੋ ਗਿਆ। ਫਿਰ ਸਤਿਗੁਰ ਦੇ ਚਰਨਾਂ ਵਲ ਤੱਕਿਆ ਤੇ ਆਖਣ ਲੱਗਾ, ਤੁਸਾਂ ਠੀਕ ਕਿਹਾ ਹੈ, ਪਰ ਹੁਣ ਤੁਸੀਂ ਭੋਜਨ ਪਾਓ ਜੋ ਮੇਰਾ ਭਲਾ ਹੋਵੇ। ਭਲੇ ਭਲੇ ਇਥੇ ਅੰਨ ਪਾ ਗਏ ਹਨ, ਉਨ੍ਹਾਂ ਦੀਆਂ ਅਸੀਸਾਂ ਦਾ ਪੁੰਨ ਫਲ ਬੀ ਤਾਂ ਹੈ, ਮੈਨੂੰ ਮਿਲੇਗਾ, ਕਰੋ ਮਿਹਰ!

ਸਤਿਗੁਰ – ਭਾਈ ਇਹ ਕਿਰਤ ਛੋੜ, ਧਰਮ ਕਿਰਤ ਕਰ, ਤਾਂ ਤੇਰਾ ਭਲਾ ਹੋਵੇਗਾ। 'ਰਤੂ ਨਾਲ ਲਿਬੜਿਆ ਧਨ' ਅਸੀਸਾਂ ਨਾਲ 'ਧਰਮ ਧਨ' ਨਹੀਂ ਬਣ ਸਕਦਾ। ਜੋ ਤੂੰ ਫੇੜੇ ਹਨ, ਫੇੜਿਆਂ ਦਾ ਦੁੱਖ ਤੂੰ ਸਹਿਣਾ ਹੈ। ਤੇਰੇ ਫੇੜਿਆਂ ਦਾ ਦੁੱਖ ਤੇਰੇ ਘਰੋਂ ਖਾਣ ਵਾਲਿਆਂ ਨੇ ਨਹੀਂ ਸਹਿਣਾ। ਦੇਖ ਜੇ ਕਿਸੇ ਦਿਨ ਤੂੰ ਰਾਜੇ ਦੇ ਢਹੇ ਚੜ੍ਹ ਗਿਆ ਤਾਂ ਸੂਲੀ ਕੌਣ ਚੜ੍ਹੇਗਾ ਤੂੰ ਕਿ ਤੇਰੇ ਘਰ ਖਾ ਗਏ ਸਾਧ ਫਕੀਰ? ਇਸੇ ਤਰ੍ਹਾਂ ਵੀਚਾਰ ਲੈ ਕਿ ਧਰਮ ਜਿੱਥੇ ਤੁਲੇਗਾ ਤੂੰ ਉਥੇ ਮਰੀਏਂਗਾ, ਆਪਣੇ ਅੰਦਰ ਝਾਤੀ ਮਾਰ। ਪਾਪ ਕਰ ਕਰਕੇ ਤੇਰਾ ਮਨ ਕਠੋਰ ਹੋ ਗਿਆ ਹੈ, ਓਥੇ ਦਇਆ ਨਹੀਂ ਉਪਜਦੀ, ਪਰਮੇਸ਼ਰ ਦਾ ਭਉ ਨਹੀਂ ਪੈਂਦਾ। ਹਾਂ ਤੇਰੀ ਨੀਯਤ ਵਿਚ ਜੁ ਨੇਕੀ ਦਾ ਕੁਛ ਮਾੜਾ ਮਾੜਾ ਖਿਆਲ ਰਿਹਾ ਹੈ ਤੇ ਉਹ ਮਰਿਆ ਨਹੀਂ ਉਸਦਾ ਸਦਕਾ ਅੱਜ ਤੂੰ ਸੱਚ ਬੋਲਿਆ ਹੈਂ। ਤੇਰੇ ਤੇ ਮਿਹਰ ਹੋ ਸਕਦੀ ਹੈ ਪਰ ਤਾਂ ਜੇ ਤੂੰ ਅੱਗੋਂ ਨੂੰ ਇਹ ਕਿੱਤਾ ਛੱਡ ਦੇਵੇਂ ਤੇ ਧਰਮ ਕਿਰਤ ਕਰੇਂ। ਧਰਮ ਦੀ ਕਿਰਤ ਵਿਚ ਭਲੇ ਅਰਥ ਲਾਵੇਂ ਤਾਂ ਤੇਰਾ ਦਿੱਤਾ ਥਾਂ ਪਵੇਗਾ। ਭੂਮੀਆ ਸੋਚਣ ਲਗ ਪਿਆ, ਸਿਰ ਫੇਰਨ ਲੱਗ ਪਿਆ 'ਊਂ ਊਂ' ਦੀ ਆਵਾਜ਼ ਆਵੇ ਤੇ ਬੰਦ ਹੋ ਹੋ ਜਾਵੇ। ਫੇਰ ਮੱਥੇ ਤੇ ਹੱਥ ਫੇਰ ਕੇ ਕਹਿਣ ਲੱਗਾ ਹੇ ਚੀਰਵੀਂਆਂ ਨਜ਼ਰਾਂ ਵਾਲਿਆਂ ਅੰਦਰ ਵਿੰਨ੍ਹ ਘੱਤਿਆ ਈ! ਕੀਹ ਆਖਾਂ, ਝੂਠ ਬੋਲਣ ਦੀ ਹਿੰਮਤ ਹਾਰ ਗਈ ਆ, ਵਲਾ ਕਰਨਾ ਭੁੱਲ ਗਿਆ ਈ, ਤੂੰ ਕੋਈ ਆਪ 'ਸੱਚ' ਹੈਂ ਜੋ ਤੇਰੇ ਸਾਮ੍ਹਣੇ ਝੂਠ ਆਉਂਦਾ ਨਹੀਂ, ਮੇਰੇ ਅੰਦਰ ਹੀ ਅੰਦਰ ਲੁਕਦਾ ਜਾਂਦਾ ਏ। ਜੋ ਪਤਾ ਭੋਰਾ ਸੱਚ ਮੇਰੇ ਅੰਦਰ ਹਈ ਉਹੋ ਹੰਭਲੇ ਮਾਰ ਮਾਰ ਮੂੰਹ ਚੜ੍ਹ ਬਾਹਰ ਆਉਂਦਾ ਪਿਆ ਏ। ਮੇਰੇ ਤੇ ਮਿਹਰ ਕਰ ਤੇ ਮੇਰੇ ਕੀਤੇ ਹੋਏ ਕਰਮ ਬਖਸ਼ ਦੇਹ, ਪਰ ਹੇ ਬਖਸ਼ਣਹਾਰ ਰੱਖ ਭਾਵੇਂ ਮਾਰ, ਮੇਰਾ ਹੋ ਚੁਕਾ ਏ ਸੁਭਾਵ ਇਹੋ ਚੋਰੀਆਂ ਤੇ ਧਾੜੇ, ਮੈਥੋਂ ਇਹ ਨਹੀਓ ਛੁੱਟਣੇ। ਮੇਰਾ ਤਾਂ ਲਹੂ ਇਹੋ, ਮੇਰਾ ਸੁਭਾਵ ਇਹੋ। ਪਿਉ ਇਹੋ ਕਿੱਤਾ ਕਰਦਾ ਗਿਆ, ਦਾਦਾ ਇਹੋ ਕਰਦਾ ਰਿਹਾ, ਮੈਂ ਇਹੋ ਕਰਦਾ ਰਿਹਾ। (ਸਿਰ ਫੇਰ ਕੇ) ਕੂੜੀ ਗੱਲ, ਨਹੀਂ, ਮੈਥੋਂ ਨਹੀਂ ਛੁੱਟ ਸਕਦਾ ਇਹ ਕਿੱਤਾ। ਪਰ ਸੁਹਣਿਆਂ! ਤੂੰ ਡਾਢਾ ਚੰਗਾ ਲੱਗਾ ਏਂ, ਉਹ ਜਾਣੇ ਦੋ ਘੜੀਆਂ ਹੋ ਲਈਂ ਔਖਾ ਦੋ ਬੁਰਕੀਆਂ ਅੰਨ ਤਾਂ ਖਾ ਜਾਹ। (ਸੋਚ ਕੇ) ਮੇਰੇ ਜਿਮੀਂ ਬੀ ਹੈ, ਉਸ ਦਾ ਅੰਨ ਆਉਂਦਾ ਹੈ। ਉਸ ਅੰਨ ਦੀ ਰੋਟੀ ਪਕਵਾ ਦੇਂਦਾ ਹਾਂ। ਕਿਵੇਂ ਮੰਨ, ਭੋਜਨ ਪਾ ਤੇ ਮੇਰੇ ਤੇ ਮਿਹਰ ਕਰ।

ਸਤਿਗੁਰ ਜੀ ਹੁਣ ਮਰਦਾਨੇ ਵਲ ਤੱਕੇ। ਮਰਦਾਨੇ ਰਬਾਬ ਛੇੜ ਦਿੱਤਾ ਤਾਂ ਆਸਾ ਦੀ ਵਾਰ ਦੀ ਇਹ ਪਉੜੀ ਗਾਇਨ ਹੋਈ –

***ਸਚਾ ਸਾਹਿਬੁ ਏਕੁ ਤੂੰ***
***ਜਿਨਿ ਸਚੋ ਸਚੁ ਵਰਤਾਇਆ॥***
***ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ***
***ਤਾ ਤਿਨੀ ਸਚੁ ਕਮਾਇਆ॥***
***ਸਤਿਗੁਰਿ ਮਿਲਿਐ ਸਚੁ ਪਾਇਆ***
***ਜਿਨਕੈ ਹਿਰਦੈ ਸਚੁ ਵਸਾਇਆ॥***
***ਮੂਰਖ ਸਚੁ ਨ ਜਾਣਨੀ***
***ਮਨਮੁਖੀ ਜਨਮੁ ਗਵਾਇਆ॥***
***ਵਿਚਿ ਦੁਨੀਆ ਕਾਹੇ ਆਇਆ॥***

ਇਸ ਪਉੜੀ ਨੂੰ ਭੂਮੀਏ ਨੇ ਸੁਣਿਆ। ਉਸਦੇ ਜੀਉ ਤੇ ਨਕਸ਼ ਬੱਝ ਗਿਆ ਕਿ ਸੱਚ ਕੋਈ ਬੜੀ ਅਮੋਲਕ ਚੀਜ਼ ਹੈ। ਆਪ ਸੱਚ ਬੋਲਿਆ ਸਾਸੁ ਤੇ ਤੱਕ ਰਿਹਾ ਸੀ ਕਿ ਭਾਵੇਂ ਇਹ ਰੱਬ ਦਾ ਪਿਆਰਾ ਸੰਤ ਮੇਰੇ ਪੁੰਨਾ ਤੇ ਤਾਂ ਰੀਝ ਨਹੀਂ ਰਿਹਾ ਪਰ ਉਸ ਸੱਚ ਦੀ ਕਦਰ ਪਾ ਰਿਹਾ ਹੈ। ਫੇਰ ਆਖਣ ਲੱਗਾ, ਤੁਸੀਂ ਸੱਚ ਦੇ ਪਿਆਰੇ ਹੋ, ਮੈਂ ਤਾਂ ਜਾਤਾ ਸੀ ਮੇਰੇ ਸੱਚ ਉਤੇ ਗੁੱਸੇ ਹੋਵੋਗੇ, ਪਰ ਤੁਸੀਂ ਮੇਰੇ ਪੁੰਨਾਂ ਤੇ ਨਹੀਂ ਰੀਝੇ ਤੇ ਇਕ ਨਿੱਕੇ ਜਿਹੇ ਸੱਚ ਤੇ ਰੀਝੇ

ਹੋ। ਮੈਂ ਕੀਹ ਕਰਾਂ, ਮੈਂ ਸੋਚਿਆ ਹੈ ਮੈਥੋਂ ਕਿੱਤਾ ਛੁਟਣਾ ਨਹੀਂ, ਸੱਚ ਦੇ ਪਿਆਰਿਆਂ ਨੂੰ ਮੈਂ ਕੂੜਾ ਬਚਨ ਕੀਹ ਦੇ ਦਿਆਂ, ਆਪਦੇ ਦਰ ਕੂੜ ਦੀ ਜਾਹੁ ਕੋਈ ਨਹੀਂ।

ਸਤਿਗੁਰ ਸੂਰਾ ਵੈਦ ਸੀ। ਉਹ ਜਾਣਦਾ ਸੀ ਕਿ ਇਸ ਨੇ ਇਹ ਬੀ ਨਿਰੋਲ ਸੱਚ ਕਿਹਾ ਹੈ। ਪੀੜ੍ਹੀਆਂ ਦਾ ਕਿੱਤਾ ਤੇ ਉਮਰਾ ਦਾ ਆਪਣਾ ਸੁਭਾਉ ਕਹਿਣੀ ਮਾਤ੍ਰ ਨਾਲ ਨਹੀਂ ਛੁੱਟ ਸਕਦਾ। ਇਹ ਪਾਪ ਵਿਚ ਪਥਰਾ ਗਿਆ ਦਿਲ ਸਹਜੇ ਸਹਜੇ ਨਰਮ ਹੋਵੇਗਾ। ਇਸ ਨੂੰ ਉਸ ਰਾਹੇ ਪਾ ਦੇਈਏ ਕਿ ਆਪੇ ਇਸ ਤੋਂ ਬੇਮਲੂੰਮੇ ਇਹ ਮਾੜਾ ਕੰਮ ਜੋ ਕਰ ਰਿਹਾ ਹੈ, ਛੁੱਟ ਜਾਏ। ਤਾਂ ਸ੍ਰੀ ਗੁਰੂ ਜੀ ਆਖਣ ਲੱਗੇ - ਭੂਮੀਆਂ! ਰੱਬ ਹੈ ਤੇ ਉਸ ਸਦਾ ਰਹਿਣਾ ਹੈ ਤੇ ਹੋਰ ਸਭਨਾਂ ਮਰਨਾ ਹੈ, ਪਰ ਮਰ ਕੇ ਮਿਟ ਨਹੀਂ ਜਾਣਾ ਮੂਲੋਂ, ਫੇਰ ਰਹਿਣਾ ਹੈ, ਹਾਂ ਜੀਵਨ ਨੇ ਰਹਿਣਾ ਹੈ ਕਿਸੇ ਰੰਗ। ਰੱਬ ਸੱਚ ਹੈ, ਸੱਚ ਨਾਲ ਮਿਲਦਾ ਹੈ ਤੇ ਸੱਚ ਨਾਲ ਮਿਲਿਆਂ ਹੀ ਕੂੜੇ ਕਰਮਾਂ ਨੇ ਨਾਸ਼ ਹੋਣਾ ਹੈ। ਸਮਝ ਲੈ ਕਿ ਸੱਚ ਹੈ ਸੱਚ ਬੋਲਣਾ ਤੇ ਸੱਚ ਹੈ ਸੱਚ ਧਾਰਨਾ ਅੰਦਰ ਮਨ ਵਿਚ ਤੇ ਸੱਚ ਨਾਲ ਐਨਾ ਪਿਆਰ ਕਰਨਾ ਕਿ ਭਾਵੇਂ ਕੌੜਾ ਲੱਗੇ ਸੱਚ ਸੁਣਕੇ, ਪਰ ਉਸਨੂੰ ਪਿਆਰ ਕਰੇ ਇਸ ਕਰਕੇ ਕਿ ਇਹ ਸੱਚ ਹੈ। ਜੇ ਇਉਂ ਕਰੇ ਤਾਂ ਫੇਰ ਸੱਚੀ ਸਿਖਿਆ ਲੈਣ ਦਾ ਤੇ ਉਸਨੂੰ ਧਾਰਨ ਦਾ ਵਲ ਆ ਜਾਂਦਾ ਹੈ। ਸੱਚੀ ਸਿਖਿਆ ਧਾਰਨ ਨਾਲ ਹੀ ਮੁਕਤੀ ਦਾ ਦਰਵਾਜ਼ਾ ਖੁਲ੍ਹ ਜਾਂਦਾ ਹੈ। ਸੱਚੀ ਸਿਖਿਆ ਹੈ ਉਸ ਦਾ ਨਾਮ। ਪਰਮੇਸਰ ਜਿਵੇਂ ਆਪ ਸੱਚ ਹੈ ਤਿਵੇਂ ਉਸ ਦਾ ਨਾਮ ਸੱਚ ਹੈ। ਉਸ ਸੱਚੇ ਨਾਮ ਦੀ ਕਰੇ ਆਰਾਧਣਾ, ਹਾਂ ਸੱਚੇ ਨਾਮ ਨੂੰ ਧਿਆਵੇ। ਇਉਂ ਕਿ ਇਸ ਦੇਹੀ ਨੂੰ ਧਰਤੀ ਜਾਣੇ। ਜਿਵੇਂ ਧਰਤੀ ਵਾਹੀ ਤੇ ਸੁਹਾਗੇ ਨਾਲ ਭੰਨੀ ਸਾਧੀ ਦੀ ਹੈ ਤਿਵੇਂ ਇਹ ਕਾਯਾਂ ਭਲੇ ਕਰਮਾਂ (ਪੁੰਨ ਦਾਨ ਕਰਨ) ਤੇ ਸੱਚ ਬੋਲਣ ਤੇ ਸੱਚ ਧਾਰਣ ਨਾਲ ਸਾਧੀਦੀ ਹੈ। ਇਸ ਸਾਧੀ ਹੋਈ ਧਰਤੀ ਵਿਚ ਫੇਰ ਉਸ ਸੱਚੇ ਦੇ ਸਤਿਨਾਮ ਨੂੰ ਬੀਜਦਾ ਹੈ। ਇਹ ਬੀਉ ਫੇਰ ਮੌਲਦਾ ਹੈ ਅੰਦਰ ਆਪਣੇ, ਫੇਰ ਅੰਦਰਲਾ ਤੀਰਥ ਰੂਪ ਹੋ ਜਾਂਦਾ ਹੈ ਤੇ ਇਸ ਜੀਵ ਦਾ ਉਸ ਤੀਰਥ ਤੇ ਨਿਵਾਸ ਹੋ ਜਾਂਦਾ ਹੈ। ਇਹ ਸੱਚ ਅੰਦਰ ਵਸਦੇ ਸਾਰੇ ਪਾਪਾਂ ਨੂੰ ਸੋਧ ਕੇ ਕੱਢ ਦਿੰਦਾ ਹੈ, ਪਰ ਹੇ ਭੂਮੀਆਂ! ਸ਼ਰਤ ਇਹ ਹੈ ਕਿ ਸੱਚ ਨੂੰ ਘੁੱਟ ਕੇ ਖਿੱਚ ਕੇ ਪੱਲੇ ਬੰਨ੍ਹ ਲਵੇ। ਹਾਂ, ਸੱਚ ਪਾਰ ਉਤਾਰਾ ਕਰ ਦੇਵੇਗਾ ਤੇਰਾ। ਮਿਹਰ ਹੋ ਜਾਏਗੀ ਤੇਰੇ ਉਤੇ ਬੀ ਪਰ ਜੇ ਸੱਚ ਨੂੰ ਪੱਲੇ ਰਖਿਓਈ ਤਾਂ।

ਭੂਮੀਆ - ਸੱਚ? ਸੱਚ? ਸੱਚ? ਹੱਛਾ ਹੁਣ ਮੈਂ ਸੱਚ ਧਾਰਨ ਕਰ ਲਵਾਂ। ਸਦਾ ਸੱਚ ਬੋਲਾਂ? ਸੱਚ ਨੂੰ ਪਿਆਰ ਕਰਾਂ? ਦੂਜੀ ਗੱਲ, ਕੋਈ ਮੈਨੂੰ ਸੱਚੀ ਗੱਲ ਆਖੇ ਚਾਹੇ ਕੌੜੀ ਹੋਵੇ ਸਹਿ ਲਵਾਂ ਕਿ ਸੱਚੀ ਹੈ? ਹੈਂ? ਠੀਕ ਹੈ ਜਾਓ! ਅੰਦਰੋਂ ਸੱਚਾ ਹੋਵਾਂ, ਲੋਕੀਂ ਕੁਛ ਸਮਝਣ ਪਏ, ਮੈਂ ਅੰਦਰੋਂ ਸੱਚਾ ਹੋਵਾਂ। ਹੈਂ? ਠੀਕ! ਫਿਰ ਸੱਚਾ ਰੱਬ ਲਵਾਂ, ਉਹ ਤਾਂ ਮੇਰੇ ਵੱਸ ਨਾ ਨਾ ਹੋਇਆ, ਪਰ ਹੈ ਉਹ ਸੱਚ, ਹੈਂ ਸੱਚ ਕੀਕੂੰ ਹੋਇਆ?

ਮਰਦਾਨਾ - ਭਾਈ ਜੋ ਸਦਾ ਹੋਵੇ ਉਹ ਸੱਚ, ਹੈ ਹੈਸੀ ਸਦਾ ਤੋਂ ਉਹ ਸੱਚ, ਜੋ ਹੈ ਹੁਣ, ਜੋ ਹੋਵੇਗਾ ਸਦਾ ਉਹ 'ਸਦਾ ਸੱਚ' ਹੋਇਆ ਨਾ।

ਭੂਮੀਆਂ - ਠੀਕ, ਉਹ ਰੱਬ ਸੱਚ ਹੈ, ਸਦਾ ਜੋ ਹੋਇਆ। ਜੋ ਸਦਾ ਹੋਵੇ ਉਹ ਸੱਚ, ਠੀਕ ਹੈ। ਕੂੜ ਤਾਂ ਨਹੀਂ ਸਦਾ ਹੁੰਦਾ, ਉਸਨੂੰ ਸੱਚ ਬਣਾ ਕੇ ਬੋਲੀਦਾ ਹੈ, ਤਾਂ ਜਿੰਨਾ ਚਿਰ ਅਗਲੇ ਨੂੰ ਉਸ ਦੇ ਸੱਚੇ ਹੋਣ ਦਾ ਭਰੋਸਾ ਰਹਿੰਦਾ ਹੈ ਉਨਾ ਚਿਰ ਉਸ ਸੱਚ ਦੀ ਉਮਰ ਹੋਈ। ਜਦੋਂ ਪਤਾ ਲਗ ਗਿਆ ਕਿ ਇਹ ਕੂੜ ਹੈ ਤਾਂ ਸੱਚ ਮਰ ਗਿਆ। ਪਰ ਉਹ ਸੱਚ ਤਾਂ ਸੀ ਹੀ ਨਹੀਂ, ਉਹ ਤਾਂ ਕੂੜ ਸੀ, ਸੋ ਮਰ ਗਿਆ, ਕੂੜ ਮਰਦਾ ਹੈ। ਠੀਕ ਹੈ ਜੀ ਸੱਚ ਉਹ ਜੋ ਸਦਾ ਰਹੇ ਤੇ ਜੋ ਸਦਾ ਜੀਵੇ ਸੋ ਸੱਚ। ਐਉਂ ਰੱਬ ਜੋ ਸਦਾ ਜੀਉਂਦਾ ਹੈ ਉਹ ਸੱਚ ਹੀ ਹੋਇਆ ਨਾ। ਜਗਤ ਨਹੀਂ ਰਹਿੰਦਾ ਉਹ ਕੂੜ ਹੈ, ਉਹ ਰੱਬ ਰਹਿੰਦਾ ਹੈ ਉਹ ਸੱਚ ਹੈ, ਠੀਕ ਹੈ ਜੀ। ਹਾਂ ਫਿਰ ਤੁਸਾਂ ਕਿਹਾ ਹੈ ਉਸਦਾ ਨਾਮ ਸੱਚ ਹੈ। ਇਹ ਬੀ ਮੈਂ ਅੰਦਰ ਧਾਰ ਲਵਾਂ। ਉਸਦਾ ਨਾਉਂ ਰੱਬ ਦਾ ਨਾਉਂ ਕੀਕੂੰ ਸੱਚ ਹੈ। ਹਾਂ, ਰੱਬ ਜੁ ਸੱਚ ਹੋਇਆ ਤਾਂ ਸੱਚ ਦਾ ਨਾਉਂ ਬੀ ਸੱਚਾ। ਮੈਂ ਮਰ ਜਾਣਾ ਹੈ, ਮੈਂ ਝੂਠਾ ਹਾਂ, ਮੇਰਾ ਨਾਉਂ ਬੀ ਮਰ ਜਾਏਗਾ ਮੇਰੇ ਮਰਨ ਮਗਰੋਂ, ਸੋ ਮੇਰਾ ਨਾਉਂ ਬੀ ਝੂਠਾ। ਐਉਂ ਸੱਚੇ ਦਾ ਨਾਉਂ ਸੱਚਾ ਆਪੇ ਹੋਯਾ। ਐਉਂ ਕਿ ਐਉਂ ਹੈ? ਹੈਂ ਜੀਓ? ਜੀਕੂੰ ਸੂਰਜ ਚਾਨਣ ਹੈ ਤੇ ਉਸਦੀ ਧੁੱਪ ਬੀ ਚਾਨਣ ਹੈ। ਰੱਬ ਬੀ ਸੱਚ ਉਸਦਾ ਨਾਉਂ ਬੀ ਸੱਚ। ਰੱਬ ਸੂਰਜ, ਉਸਦਾ ਨਾਮ ਧੁੱਪ। ਠੀਕ ਹੈ। ਹੁਣ ਕਾਯਾਂ ਧਰਤੀ ਵਾਂਙੂ ਸਾਧਣੀ ਹੈ। ਦਇਆ, ਪੁੰਨ ਦਾਨ ਨਾਲ। ਪੁੰਨ ਦਾਨ ਤਾਂ ਮੈਂ ਕਰਦਾ ਹਾਂ ਇਹ ਤਾਂ ਕਰਨੇ ਜਾਣਦਾ ਹਾਂ, ਪਰ ਦਇਆ ਮੈਂ ਨਾ ਜਾਣੀ ਸੀ। ਹੱਛਾ ਹੁਣ ਦਇਆ ਸਿੱਖਣੀ ਪਈ। ਦਇਆ ਹੋਵੇ ਤਾਂ ਪੁੰਨ ਦਾਨ ਠਈਕ ਹੈ ਐਵੇਂ ਤਾਂ ਫੋਕੇ ਹੋਏ ਨਾਂ ਪੁੰਨ ਜਿਵੇਂ ਹੁੰਦੇ ਹਨ ਤੀਲੀਆਂ ਦੇ ਤੀਰ। ਠੀਕ ਹੈ। ਪਰ ਜੀਓ ਇਹ ਨਾ ਸਮਝਿਆ ਮੈਂ ਕਿ ਆਤਮਾ ਤੀਰਥ ਕੀਹ ਹੈ ਤੇ ਓਥੇ ਅੰਦਰ ਵੱਸਣਾ ਕੀਹ ਹੈ। ਪਰ ਚੰਗਾ ਮੈਂ ਦਇਆ ਸਿੱਖਾਂ, ਪੁੰਨ ਦਾਨ ਕਰਾਂ, ਜੋ ਕਰਦਾ ਹਾਂ ਤੇ ਸੱਚੇ ਨਾਮ ਨੂੰ ਧਿਆਵਾਂ ਤੇ ਸੱਚੇ ਰੱਬ ਨੂੰ ਮੰਨਾਂ?

ਹੈਂ ਮੰਨਾ? ਹਾਂ ਅੱਗ ਜਾਣਦਾ ਹਾਂ ਰੱਬ ਪਰ ਕਦੇ ਚੇਤੇ ਨਹੀਂ ਰੱਖਿਆ। ਹੱਛਾ ਜੀ! ਹੁਣ ਗੱਲ ਕੋਈ ਮੋਟੀ ਜਿਹੀ ਕਰਕੇ ਦੱਸ ਦਿਓ ਨਾ।

ਗੁਰੂ ਜੀ – ਭਾਈ ਇਕ ਬਚਨ ਤਾਂ ਇਹ ਹਈ ਕਿ ਸੱਚ ਧਾਰਨ ਕਰ, ਸੱਚ ਬੋਲ, ਸੱਚ ਸੁਣ, ਸੱਚੀ ਸਿਖਿਆ ਸੁਣ ਜੋ ਤੈਨੂੰ ਦੇ ਰਹੇ ਹਾਂ, ਅੰਦਰੋਂ ਸੱਚਾ ਰਹੁ, ਸੱਚਾ ਨਾਮ ਜਪੁ। ਦੂਜੀ ਗੱਲ ਇਹ ਹਈ ਕਿ ਦਇਆ ਕਰਿਆ ਕਰ, ਗਰੀਬਾਂ ਤੇ ਦਇਆ, ਹੈਂ? ਤੀਜੀ ਗੱਲ ਇਹ ਕਿ ਤੂੰ ਐਉਂ ਸਮਝ ਲੈ ਕਿ ਲੂਣ ਖਾ ਕੇ ਬੁਰਾ ਨਾ ਕਰੀਂ ਕਿਸੇ ਦਾ। ਜੇ ਤੂੰ ਤਰੈਏ ਬਚਨ ਪਾਲੇਂਗਾ ਤਾਂ ਕਰਮ ਸ਼ੁੱਧ ਹੋ ਜਾਣਗੇ ਤੇ ਮਿਹਰ ਹੋ ਜਾਏਗੀ, ਤੂੰ ਬਖਸ਼ਿਆ ਜਾਏਂਗਾ।

ਭੂਮੀਆ – ਠੀਕ, ਲਓ ਜੀ ਤੁਸਾਂ ਤਰੈਏ ਕਰਮ ਦੱਸੇ ਹਨ, ਸੱਚ, ਗਰੀਬ ਮਾਰ ਨਾ ਕਰਨੀ ਦਇਆ ਜਿਹੜੀ ਆਖੀ ਨੇ, ਲੂਣ ਖਾ ਕੇ ਬੁਰਾ ਨਾ ਕਰਨਾ, ਚੰਗਾ ਜੀ। ਪਰ ਹੁਣ ਪਹਿਲਾ ਸੱਚ ਇਹ ਹੈ ਜੋ ਮੈਂ ਆਖਿਆ ਏ ਕਿ ਮੈਥੋਂ ਇਹ ਕਿੱਤਾ ਨਹੀਂ ਜੇ ਛੁੱਟਣਾ, ਉਂਞ ਮੈਂ ਜ਼ੋਰ ਲਾਵਾਂਗਾ ਆਪਣੀ ਵਲੋਂ, ਜੇ ਛੱਡ ਦਿਆਂ, ਪਰ ਮੈਨੂੰ ਆਪਣੇ ਆਪ ਦੇ ਦ੍ਰਿੜ੍ਹਤਾ ਨਹੀਂ ਜੇ, ਪਰ ਸੱਚ ਬੋਲਾਂਗਾ। ਹੋਰ ਸੱਚ ਜੋ ਤੁਸਾਂ ਆਖੇ ਹਨ, ਹੌਲੇ ਹੌਲੇ ਸਿੱਖ ਲਵਾਂਗਾ, ਪਰ ਜੋ ਤਾਂ ਹੁਣੇ ਧਾਰਦਾ ਹਾਂ। ਇਕ ਬੋਲਣ ਵਾਲਾ ਸੱਚ, ਦੂਸਰੇ ਸੱਚੇ ਦਾ ਨਾਮ ਜਪੀ ਜਾਣਾ। ਸੱਚ ਦਾ ਫਲ ਤਾਂ ਮੈਂ ਪ੍ਰਤੱਖ ਜੁ ਦੇਖ ਲਿਆ, ਤੁਸੀਂ ਸੱਚ ਪਰ ਹੀ ਰੀਝੇ ਹੋਣਾ, ਜੋ ਐਨੀ ਮਿਹਰ ਪਏ ਕਰਦੇ ਹੋ। ਦੂਜੀ ਗੱਲ ਲੂਣ ਖਾ ਕੇ ਬੁਰਾ ਨਾ ਕਰਨਾ ਤੇ ਤੀਜੀ ਗੱਲ ਗਰੀਬ ਮਾਰ ਨਾ ਕਰਨੀ। ਚੰਗਾ ਜੀਓ!

## ੭

ਜਿਵੇਂ ਜ਼ੋਰ ਦੀ ਹਵਾ ਵਗੇ ਤਾਂ ਮੈਲੀਆਂ ਮੁਸ਼ਕਾਂ ਦੂਰ ਹੋ ਜਾਂਦੀਆਂ ਹਨ, ਮੀਂਹ ਪਵੇ ਤਾਂ ਛੱਪੜ ਜੂਹੜ ਤਾਜ਼ੇ ਹੋ ਜਾਂਦੇ ਹਨ, ਚਾਨਣ ਦਾ ਧੱਕਾ ਵਜੇ ਤਾਂ ਹਨ੍ਹੇਰਾ ਦੂਰ ਹੋ ਜਾਂਦਾ ਹੈ। ਭੂਮੀਏ ਦੇ ਪਾਪਾਂ ਨੂੰ ਇਉਂ ਦਾ ਧਮਾਕਾ ਦੇ ਕੇ ਉਪਕਾਰੀ ਸਤਿਗੁਰੂ ਜੀ ਅੱਗੇ ਨੂੰ ਰਮਦੇ ਰਹੇ।

ਭੂਮੀਆਂ ਹੁਣ ਆਪਣੇ ਕਿੱਤੇ ਨੂੰ ਛੱਡਦਾ ਹੈ, ਦੋ ਚਾਰ ਦਿਨ ਟਿਕ ਕੇ ਬੈਠਦਾ ਹੈ, ਪਰ ਫੇਰ ਝੱਸ ਆ ਪੈਂਦਾ ਹੈ। ਸੱਚੇ ਦਾ ਨਾਮ ਬੀ ਜਪਦਾ ਹੈ, ਪਰ ਅਜੇ ਨਾਮ ਤਾਂ ਨਵਾ ਫੁੱਟਿਆ ਅੰਗੂਰ ਹੈ ਤੇ ਬਣੇ ਹੋਏ ਸੁਭਾਉ ਰੁੱਖ ਹਨ ਪਤਾਲੀਂ ਜੜ੍ਹਾਂ ਵਾਲੇ। ਪਰ ਇਕ ਫਰਕ ਪੈ ਰਿਹਾ ਹੈ, ਅੱਗੇ ਕਰਦਾ ਸੀ ਤਾਂ ਬਫਾਉਂਦਾ ਸੀ ਆਪਣੀ ਕਾਮਯਾਬੀ ਉਤੇ, ਹੁਣ ਕਰਦਾ ਹੈ ਤਾਂ ਕਹਿੰਦਾ ਹੈ, ਕੀਹ ਲੀਤਾ ਕਿਸੇ ਦਾ ਧਨ ਹਿਰਕੇ। ਤਦੇ ਬਾਬਾ ਗੁਰੂ ਜੀ ਕਹਿੰਦੇ ਸਨ ਛੱਡ ਦੇ ਕਿੱਤਾ। ਐਉਂ ਜੇ ਜੱਕੋ ਤੱਕਿਆਂ ਵਿਚ ਸੋਚਣ ਲੱਗਾ, ਉਹ ਹੋ ਮੈਂ ਤਾਂ ਬਚਨ ਦਿੱਤਾ ਸੀ ਕਿ ਦਇਆ ਕਰਾਂਗਾ ਤੇ ਜੋ ਕੁਛ ਮੈਂ ਕਰਦਾ ਹਾਂ ਇਹ ਤਾਂ ਦਇਆ ਨਹੀਂ। ਜਾਂ ਇਹ ਸੋਚ ਲੱਗੀ ਵੱਢ ਵੱਢ ਕੇ ਖਾਣ ਤਾਂ ਕਹਿਣ ਲੱਗਾ ਮਨਾਂ ਛੱਡ ਹੁਣ ਤੂੰ ਘਰ ਭਨਾਉਣੇ ਤੇ ਰਾਹ ਖਹਿੜੇ ਲੋਕਾਂ ਨੂੰ ਖੁਹਣਾ। ਇਸ ਵਿਚ ਦਇਆ ਨਹੀਂ ਤੇ ਗਰੀਬਮਾਰ ਬੀ ਕਈ ਵੇਰ ਹੋ ਜਾਂਦੀ ਹੈ। ਪਰ ਮਨਾਂ! ਸਦਾ ਬ੍ਰਤ ਕੀਕੂੰ ਚੱਲੇ, ਨੌਕਰਾਂ ਜੋਗੇ ਰੁਪੈ ਕਿਥੋਂ ਆਉਣ। ਖਰਚ-ਸ਼ਾਹ ਖਰਚ-ਕੀਕੂੰ ਟੁਰਨ? ਹੱਛਾ ਬਈ, ਵਾਹ ਵਾਹ ਫੁਰ ਪਈ, ਚੰਗਾ.....। ਚਲੋ ਰਾਜੇ ਦਾ ਘਰ ਭੰਨੀਏ। ਇਸ ਵਿਚ ਗਰੀਬਮਾਰ ਕੋਈ ਨਹੀਂ, ਰਾਜਾ ਸਭ ਤੋਂ ਵੱਡਾ ਅਮੀਰ ਹੈ, ਉਸਦਾ ਘਰ ਲੁੱਟਣ ਵਿਚ ਕੁਦਇਆ ਬੀ ਕੋਈ ਨਹੀਂ, ਰਾਜੇ ਪਾਸ ਕਿਹੜਾ ਆਪਣਾ ਹੈ ਤੇ ਓਹਨੇ ਕਿਹੜਾ ਕੰਗਾਲ ਹੋ ਜਾਣਾ ਹੈ। ਬੱਸ ਠੀਕ ਹੈ, ਮਨ ਮੇਰੇ! ਚੱਲ ਹੁਣ ਘਰ ਭੰਨ ਰਾਜੇ ਦਾ। ਇੱਕੋ ਵੇਰ ਆ ਜਾਇਗੀ ਮਾਇਆ ਚੋਖੀ ਤੇ ਢੇਰ ਚਿਰ ਲੰਘ ਜਾਏਗਾ।

ਇਹ ਸੋਚ ਕੇ ਉਸ ਨੇ ਅਗਲੀ ਰਾਤ ਅਮੀਰਾਂ ਵਾਲੇ ਕਪੜੇ ਪਹਿਨੇ ਤੇ ਮੱਥੇ ਜਿਗਾ ਬੀ ਲਾ ਲਈ, ਸੁਹਣਾ ਸ਼ਾਹਜ਼ਾਦਾ ਬਣ ਕੇ ਚਾਰ ਘੜੀ ਰਾਤ ਗਈ ਰਾਜ ਦੁਆਰ ਚਲਾ ਗਿਆ ਬੇਝਕ ਤੇ ਆਪਣੇ ਮੂੰਹ ਧਿਆਨ ਅੰਦਰ ਜਾਣ ਲੱਗਾ ਤਾਂ ਦਰਵਾਨ ਨੇ ਕਿਹਾ, ਮਹਾਰਾਜ ਆਪ ਕੌਣ ਹੋ ਜੋ ਅੰਦਰ ਜਾਂਦੇ ਹੋ।

ਭੂਮੀਏ ਨੂੰ ਸੋਚ ਪੈ ਗਈ- ਝੂਠ ਕਹਾਂ ਕਿ ਸੱਚ? ਮਨ ਨੇ ਕਿਹਾ ਪ੍ਰਣ ਜੋ ਕੀਤਾ ਹੈ। ਕਹੁ ਸੱਚ ਤਾਂ ਉਸ ਨੇ ਬੜੀ ਦ੍ਰਿੜ੍ਹਤਾ ਨਾਲ ਆਖਿਆ! ਮੈਂ ਚੋਰ ਹਾਂ। ਦਰਵਾਨ ਸੁਣ ਕੇ ਘਾਬਰਿਆ, ਫਿਰ ਠਿਠੰਬਰਿਆ ਕਿ ਇਹ ਰਾਜਾ ਦਾ ਕੋਈ ਸਨਬੰਧੀ ਰਾਜ ਕੁਮਾਰ ਹੈ ਜੋ ਬੇਖਟਕੇ ਅੰਦਰ ਲੰਘ ਚਲਿਆ ਸੀ, ਮੈਂ ਰੋਕਿਆ ਹੈ ਤਾਂ ਗੁੱਸੇ ਹੋ ਗਿਆ ਹੈ ਤੇ ਗੁੱਸੇ ਨਾਲ ਆਪ ਨੂੰ ਚੋਰ ਕਹਿੰਦਾ ਹੈ, ਐਸਾ ਨਾ ਹੋਵੇ ਕਿ ਰਾਜਾ ਨੂੰ ਜਾ ਕਹੇ ਕਿ ਦਰਵਾਨ ਨੇ ਮੇਰੀ ਹੱਤਕ ਕੀਤੀ ਹੈ ਤਾਂ ਮੈਂ ਸਜ਼ਾ ਪਾ ਜਾਵਾਂ, ਮੈਂ ਨਵਾਂ ਆਦਮੀ ਹਾਂ। ਤਾਂ ਕਹਿਣ ਲੱਗਾ – ਹੱਛਾ ਮਹਾਰਾਜ ਜੀ ਜਾਓ ਖਿਮਾ ਕਰਨੀ।

ਭੂਮੀਆਂ ਚਲਾ ਗਿਆ ਅੰਦਰ ਨੂੰ, ਉਹ ਰਾਜ ਮਹਲ ਦਾ ਜਾਣੂ ਸੀ। ਜ਼ਿਮੀਦਾਰ ਵੱਡਾ ਹੋਣ ਕਰਕੇ ਕਈ ਵੇਰ ਆਇਆ ਗਿਆ ਮੂੰਹ ਚਿਤ ਲਗਦਾ ਸੀ। ਸਾਰੀਆਂ

ਗੁਪਤ ਥਾਵਾਂ ਦੀਆਂ ਸੂੰਹਾਂ ਬੀ ਕੱਢ ਕਢਾ ਚੁੱਕਾ ਸੀ। ਜਾ ਰਾਜੇ ਦਾ ਨਿਜਦਾ ਥਾਂ ਲੱਭਿਓਸੁ। ਰਾਜੇ ਰਾਣੀ ਦੇ ਗਹਿਣੇ ਲੈ ਦੇ ਕੇ ਸੁਹਣੀ ਤਰ੍ਹਾਂ ਸੰਭਾਲ ਕੇ ਟੁਰਨ ਲੱਗਾ ਤਾਂ ਇਕ ਸੋਨੇ ਦੀ ਰਕੇਬੀ ਹੋਰ ਦਿੱਸੀਓਸੁ। ਇਸਨੂੰ ਚਾਇਓਸੁ ਤਾਂ ਉਸਦੇ ਵਿਚ ਕੁਝ ਸੀ, ਟੋਹ ਕੇ ਦੇਖਣ ਲੱਗਾ ਕਿ ਇਹ ਕੀ ਹੈ ਤਾਂ ਉਹ ਹੱਥਾਂ ਨੂੰ ਲੱਗ ਗਿਆ। ਹਰਿਆਨ ਹੋ ਕੇ ਚਖਿਓਸੁ ਤਾਂ ਉਹ ਹਾਜ਼ਮੇ ਦਾ ਚੂਰਨ ਲੱਗਾ, ਪਰ ਦੇਖੋ ਉਸ ਵਿਚ ਲੂਣ ਸੀ, ਉਹ ਲੱਗ ਗਿਆ ਭੂਮੀਏ ਦੇ ਮੂੰਹ ਨੂੰ। ਭੂਮੀਆਂ ਸੋਚੀਂ ਪੈ ਗਿਆ। ਹੈਂ, ਮੈਂ ਤਾਂ ਰਾਜੇ ਦਾ ਲੂਣ ਖਾ ਲਿਆ ਹੈ! ਸਤਿਗੁਰ ਨਾਲ ਬਚਨ ਕੀਤਾ ਸੀ ਕਿ ਮੈਂ ਤਾਂ ਲੂਣ ਖਾ ਕੇ ਬੁਰਾ ਨਹੀਂ ਕਰਾਂਗਾ, ਹੁਣ ਚੋਰੀ ਕਿਵੇਂ ਕਰਾਂ, ਪਰ ਨਹੀਂ ਸਤਿਗੁਰ ਦੀ ਸਿਖਿਆ ਏਸ ਵਿਚ ਇਹ ਸੀ ਕਿ ਆਪਣੇ ਮਿਤ੍ਰਾਂ ਤੇ ਸੰਬੰਧੀਆਂ ਦਾ ਬੁਰਾ ਨਹੀਂ ਕਰਨਾ, ਕਿਉਂਕਿ ਖਾਣ ਪੀਣ ਦੀ ਸਾਂਝ ਉਨ੍ਹਾਂ ਨਾਲ ਹੁੰਦੀ ਹੈ। ਦੂਜੇ ਇਹ ਬੀ ਹੋਊ ਕਿ ਜਿਸਦੀ ਨੌਕਰੀ ਕਰੀਏ ਉਸਦਾ ਦਿੱਤਾ ਖਾਈਦਾ ਹੈ, ਉਸਦਾ ਬੁਰਾ ਨਾ ਕਰਨਾ ਬੀ ਏਸ ਵਿਚ ਆ ਗਿਆ, ਤੀਸਰੇ ਮੰਗ ਖਾਣ ਵਾਲੇ ਵਾਸਤੇ ਬੀ ਸਿਖਿਆ ਹੋਊ ਕਿ ਜਿਸਦਾ ਦਿੱਤਾ ਖਾਣਾ ਹੈ ਦਾਤੇ ਦਾ, ਉਸਦਾ ਬੁਰਾ ਨਾ ਕਰੀਏ, ਸੋ ਨਾਂ ਮੈਂ ਕਿਸੇ ਦਾ ਦਿੱਤਾ ਖਾਂਦਾ ਹਾਂ, ਨਾਂ ਕਿਸੇ ਦਾ ਚਾਕਰ ਹਾਂ, ਸੰਬੰਧੀਆਂ ਮਿਤ੍ਰਾਂ ਦਾ ਬੁਰਾ ਮੈਂ ਕਰਦਾ ਹੀ ਨਹੀਂ। ਫਿਰ ਸਿਖਿਆ ਤਾਂ ਕਮਾਈ ਗਈ ਹੈ, ਹੈਂ। (ਹੋਰ ਸੋਚ ਕੇ) ਹੈਂ ਪਰ ਬਚਨ ਤਾਂ ਇਹੋ ਕੀਤਾ ਸੀ ਗੁਰੂ ਜੀ ਨੇ ਕਿ ਲੂਣ ਖਾ ਕੇ ਬੁਰਾ ਨਹੀਂ ਕਰਨਾ। ਲੂਣ ਹੁਣ ਖਾਧਾ ਗਿਆ ਚਾਹੋ ਕਿਵੇਂ ਖਾਧਾ ਗਿਆ, ਮੈਨੂੰ ਤਾਂ ਬਚਨ ਪਾਲਣਾ ਚਾਹੀਏ। ਜੇ ਮੈਂ ਕੁਛ ਸਮਝਿਆ ਹੈ ਠੀਕ ਨਾ ਨਿਕਲੇ ਤਾਂ ਦਾਤਾ ਗੁਰੂ ਮਿਹਰ ਨਾ ਕਰਸੀ। ਹਾਂ ਜੀ ਮਿਹਰ ਨਾਲ ਪਾਪ ਬਖਸ਼ੀਣੇ ਹਨ। ਮਿਹਰ ਨਾਲ ਮੈਂ ਸੱਚ ਦੇ ਤੀਰਥ ਤੇ ਅੱਪੜਨਾ ਹੈ। ਮਿਹਰ ਨਾਲ ਮੈਂ ਅੱਗੇ ਜਾ ਕੇ ਸੁਖੀ ਹੋਣਾ ਹੈ, ਸੋ ਮਿਹਰ ਲੈਣ ਲਈ ਮੈਂ ਹੁਕਮ ਪਾਲਣਾ ਹੈ। ਲੂਣ ਖਾ ਕੇ ਬੁਰਾ ਨਹੀਂ ਕਰਨਾ ਇਹ ਹੁਕਮ ਹੈਸੀ। ਮੈਂ ਬਚਨ ਦਿੱਤਾ ਹੈ ਕਿ ਕਮਾਵਾਂਗਾ, ਇਹ ਪਾਲਣਾ ਹੈ ਜ਼ਰੂਰ।...ਹੈਂ....ਫੇਰ ਘਰ ਦਾ ਖਰਚ ਕੀਕੂੰ ਟੁਰੂ? ਹੱਛਾ ਹੋਰ ਰਾਜਾ ਕੋਈ ਚੱਲ ਸੱਲਾਂਗੇ। ਚਲ ਮਨਾਂ ਹੁਣ ਚੱਲ। ਇਹੋ ਜਿਹੀਆਂ ਗਿਣਤੀਆਂ ਗਿਣਦਾ ਸਭ ਕੁਛ ਲੀਤਾ ਬੱਧਾ ਓਥੇ ਹੀ ਛੋੜ ਕੇ ਭੂਮੀਆ ਟੁਰ ਗਿਆ ਤੇ ਆਪਣੇ ਸਿਆਣੇ ਰਸਤਿਓਂ ਕਿਸੇ ਚਾਤਰੀ ਨਾਲ ਮਲਕੜੇ ਨਿਕਲ ਗਿਆ।

## ੮

ਜਾਂ ਦਿਨ ਹੋਇਆ ਤਾਂ ਰਾਜੇ ਨੇ ਡਿੱਠਾ ਕਿ ਮੇਰੇ ਹੀਰੇ ਪੰਨੇ ਤੇ ਰਾਣੀ ਦੇ ਸਾਰੇ ਜਵਾਹਰਾਤ ਦੇ ਗਹਿਣੇ ਕੱਠੇ ਕੀਤੇ ਬੱਧੇ ਪਏ ਹਨ। ਖੋਹਲੇ ਦੇਖੇ, ਸਾਰੇ ਜਿਉਂ ਕੇ ਤਿਉਂ ਸਨ। ਪਰ ਇਹ ਪ੍ਰਤੱਖ ਦਿਸਦਾ ਸੀ ਕਿ ਕੋਈ ਚੋਰ ਆਇਆ ਹੈ ਤੇ ਉਹ ਸਭ ਕੁਛ ਲੈ ਚੱਲਿਆ ਸੀ, ਪਰ ਫੇਰ ਕਿਸੇ ਗੱਲੇ ਛੱਡ ਕੇ ਟੁਰ ਗਿਆ ਹੈ। ਇਹ ਹੈਰਾਨੀ ਸੀ ਕਿ ਉਹ ਕਿਉਂ ਛੱਡ ਗਿਆ ਹੈ, ਪਰ ਨਾਲ ਹੀ ਰਾਜੇ ਨੂੰ ਗੁੱਸਾ ਸੀ ਕਿ ਮੇਰੇ ਮਹਿਲਾਂ ਤੱਕ ਚੋਰ ਅਪੜ ਕੀਕੂੰ ਗਿਆ। ਸੋ ਪਹਿਲੀ ਪੁੱਛ ਪਹਿਰੇਦਾਰਾਂ ਨੂੰ ਹੋਈ। ਉਨ੍ਹਾਂ ਤੋਂ ਪਤਾ ਲਗ ਗਿਆ ਕਿ ਰਾਜਕੁਮਾਰ ਦੇ ਭੇਸ ਵਿਚ ਇਕ ਆਦਮੀ ਅੰਦਰ ਗਿਆ ਹੈ ਰਾਤ ਨੂੰ। ਉਸ ਗੁੱਸੇ ਨਾਲ ਆਖਿਆ ਬੀ ਸੀ ਕਿ ਮੈਂ ਚੋਰ ਹਾਂ। ਪਰ ਨਵੇਂ ਪਹਿਰੇਦਾਰ ਨੇ ਰਾਜਕੁਮਾਰ ਸਮਝ ਕੇ ਉਸਨੂੰ ਲੰਘ ਜਾਣ ਦਿਤਾ। ਹੁਣ ਐਸੇ ਦਿਲਾਵਰ ਚੋਰ ਨੂੰ ਪਕੜਨ ਦੀ ਚਾਹ ਰਾਜੇ ਦੇ ਦਿਲ ਵਿਚ ਹੋਰ ਥਾਂ ਕਰ ਗਈ ਕਿ ਜੋ ਤਲੀ ਤੇ ਦੀਵਾ ਧਰਕੇ ਚੋਰੀ ਦਾ ਹੀਅ ਕਰ ਸਕਦਾ ਹੈ। ਸੋ ਹੁਕਮ ਹੋ ਗਿਆ ਤੇ ਕੋਤਵਾਲ ਅਰ ਉਸਦੇ ਸੇਵਕ ਲੱਗੇ ਲੱਭਣ। ਇਨ੍ਹਾਂ ਨੂੰ ਲੋਕਾਂ ਨੂੰ ਤਰਸ ਦਇਆ ਨਹੀਂ ਹੁੰਦੀ, ਇਨ੍ਹਾਂ ਲੋਕਾਂ ਦਾ ਪਾਪੀਆਂ ਨਾਲ ਵਾਹ ਪੈ ਕੇ ਇਹ ਹਰ ਕਿਸੇ ਨੂੰ ਮਾੜਾ ਸਮਝਣ ਲਗ ਜਾਂਦੇ ਹਨ, ਸੋ ਸ਼ੁਭੇ ਵਿਚ ਹੀ ਕਈ ਦਿਨ ਬੀਤ ਗਏ, ਪਕੜ ਪਕੜਾਈ ਹੁੰਦੀ ਰਹੀ, ਜਦ ਕੋਈ ਪਤਾ ਨਾ ਲੱਗਾ ਤਾਂ ਮਾਰ ਕੁਟਾਈਆਂ ਟੁਰ ਪਈਆਂ। ਇਹ ਖਬਰ ਹੁਣ ਭੂਮੀਏ ਨੂੰ ਬੀ ਆ ਲੱਗੀ ਕਿ ਮੇਰੇ ਕੀਤੇ ਅਪਰਾਧ ਦੇ ਬਦਲੇ ਗਰੀਬ ਮਾਰ ਹੋ ਰਹੀ ਹੈ। ਬੇਗੁਨਾਹ ਫੜੇ ਜਾ ਰਹੇ ਹਨ, ਧਨ ਪੈਸੇ ਵਾਲੇ ਵਢੀਆਂ ਦੇ ਕੇ ਛੁੱਟ ਆਉਂਦੇ ਹਨ ਪਰ ਗਰੀਬਾਂ ਦੀਆਂ ਪਈਆਂ ਖੱਲਾਂ ਉਧੜਦੀਆਂ ਹਨ। ਭੂਮੀਏ ਸੋਚਿਆ, ਸਤਿਗੁਰਾਂ ਦਾ ਮੈਨੂੰ ਹੁਕਮ ਸੀ ਕਿ ਗਰੀਬ ਮਾਰ ਨਹੀਂ ਕਰਨੀ ਪਰ ਗਰੀਬ ਮਾਰ ਹੋ ਰਹੀ ਹੈ। ਭਾਵੇਂ ਮੈਂ ਗਰੀਬ ਮਾਰ ਨਹੀਂ ਕਰ ਰਿਹਾ, ਪਰ ਇਹ ਹੋ ਤਾਂ ਮੇਰੇ ਬਦਲੇ ਹੀ ਰਹੀ ਹੈ ਨਾ। ਕਰਾਂ ਮੈਂ ਤੇ ਭਰਨ ਗਰੀਬ, ਤਾਂ ਤੇ ਇਸ ਗਰੀਬ ਮਾਰ ਦਾ ਦੋਸ਼ ਮੇਰੇ ਮੱਥੇ ਹੈ। ਚਲ ਹੇ ਮਨ ਹੁਣ ਮੌਤ ਕਿ ਬਦੀ ਜੋ ਮਿਲੇ ਸੋ ਸਹਿ ਲੈ ਪਰ ਗਰੀਬਾਂ ਨੂੰ ਛੁਡਾ ਦੇਹ ਤੇ ਸਤਿਗੁਰਾਂ ਦੀ ਮਿਹਰ ਨਾ ਗੁਆ। ਅੰਤ ਨੂੰ ਪਿਛਲੇ ਕੀਤਿਆਂ ਦਾ ਭੋਗ ਭੋਗਣਾ ਹੀ ਹੈ ਨਾ। ਚੱਲ ਸਹੁ ਆਪਣੇ ਕੀਤੇ ਦਾ ਫਲ। ਇਹ ਵੀਚਾਰ ਕੇ ਭੂਮੀਆਂ ਬਣ ਠਣ ਕੇ ਰਾਜੇ ਦੇ ਦਰਬਾਰ ਪਾਸ ਚਲਾ ਗਿਆ ਤੇ ਅਚਾਨਕ ਮਿਲਣ ਦਾ ਦਾਉ ਤਕਦਾ ਰਿਹਾ। ਜਦ ਰਾਜਾ ਦਰਬਾਰੋਂ ਬਾਹਰ ਆਇਆ ਤਾਂ ਦਾਉ ਬਚਾ ਕੇ ਫੁਰਤੀ ਨਾਲ ਰਾਜੇ ਦੇ ਸਾਮ੍ਹਣੇ ਜਾ ਖੜੋਤਾ। ਹੱਥ ਬੰਨ੍ਹ ਕੇ ਅਰਜ਼ ਕੀਤੀ ਓਸੁ ਕਿ ਹੇ ਰਾਜਨ! ਤੇਰਾ ਚੋਰ ਮੈਂ ਹਾਂ, ਤੇਰਾ ਧਨ ਮਾਲ ਮੈਂ ਚੁਰਾਇਆ ਸੀ, ਪਰ ਫੇਰ ਓਥੇ ਹੀ

ਛੱਡ ਕੇ ਟੁਰ ਆਇਆ ਸਾਂ। ਇਹ ਜੋ ਆਪ ਦੇ ਕੋਤਵਾਲ ਦੇ ਕਰਮਚਾਰੀ ਗਰੀਬਾਂ ਨੂੰ ਮਾਰ ਰਹੇ ਹਨ ਛੁਡਾ ਦੇਹ, ਜੋ ਉਹ ਸਭ ਬੇਗੁਨਾਹ ਹਨ, ਗੁਨਾਹੀ ਮੈਂ ਹਾਂ, ਮੈਨੂੰ ਜੋ ਦੰਡ ਚਿੱਤ ਆਵੇ ਦਿਓ।

ਰਾਜਾ ਤੇ ਰਾਜੇ ਦੇ ਪਾਸ ਦੇ ਖੜ੍ਹੇ ਅਹਿਲਕਾਰ ਹੱਕੇ ਬੱਕੇ ਰਹਿ ਗਏ ਕਿ ਐਸਾ ਚੋਰ ਕਦੇ ਨਹੀਂ ਸੀ ਸੁਣਿਆ। ਕਿਸ ਦਲੇਰੀ ਤੇ ਹਿਕਮਤ ਨਾਲ ਚੋਰੀ ਕਰਦਾ ਹੈ, ਫਿਰ ਮਾਲ ਧਨ ਛੋੜ ਜਾਂਦਾ ਹੈ। ਫਿਰ ਚੋਰ ਹੋ ਕੇ ਕਿਤਨਾ ਤਰਸਵਾਨ ਹੈ ਕਿ ਗਰੀਬਾਂ ਦਾ ਦੁੱਖ ਦੇਖ ਨਹੀਂ ਸਕਦਾ, ਇਹ ਧਰਮੀ ਹੈ ਕਿ ਕੁਧਰਮੀ?

ਤਦ ਰਾਜੇ ਨੇ ਪੁਛਿਆ, ਭਾਈ ਤੂੰ ਇਤਨਾ ਮਾਲ ਪਦਾਰਥ ਲੈ ਕੇ ਛੱਡ ਕਿਉਂ ਗਿਆ? ਕੋਈ ਜਾਗ ਪਿਆ ਸੀ ਕਿ ਤੈਨੂੰ ਕੋਈ ਭੁਲੇਖਾ ਲੱਗਾ ਸੀ?

ਭੂਮੀਆ – ਨਹੀਂ ਰਾਜਾ। ਸੱਚ ਇਹ ਹੈ ਕਿ ਮੈਨੂੰ ਕੋਈ ਨਹੀਂ ਸੀ ਫੜ ਸਕਦਾ ਤੇ ਮੈਨੂੰ ਡਰ ਬੀ ਕੋਈ ਨਹੀਂ ਸੀ, ਪਰ ਮੈਨੂੰ ਗੁਰੂ ਮਿਲਿਆ ਹੈ ਜੋ ਆਕਾਸਾਂ ਵਿਚੋਂ ਉਤਰਿਆ ਹੈ। ਓਸ ਨੇ ਮੈਨੂੰ ਤ੍ਰੈ ਸੁਮੱਤਾਂ ਦਿੱਤੀਆਂ ਸਨ। ਉਨ੍ਹਾਂ ਵਿਚੋਂ ਇਕ ਇਹ ਸੀ ਕਿ ਲੂਣ ਖਾ ਕੇ ਬੁਰਾ ਨਹੀਂ ਕਰਨਾ। ਜਦ ਆਪ ਦਾ ਮਾਲ ਪਦਾਰਥ ਲੈ ਕੇ ਟੁਰਿਆ ਤਾਂ ਆਪ ਦਾ ਚੂਰਨ ਕਿਵੇਂ ਮੇਰੇ ਮੂੰਹ ਲਗ ਗਿਆ, ਸੋ ਰਾਜਾ! ਲੂਣ ਖਾਧਾ ਗਿਆ। ਹੁਣ ਮੈਂ ਕਿਵੇਂ ਬੁਰਿਆਈ ਕਰ ਸਕਦਾ ਸਾਂ। ਸੋ ਸਭ ਕੁਛ ਛੋੜ ਕੇ ਟੁਰ ਗਿਆ। ਰਾਜਾ ਇਹ ਸੁਣ ਕੇ ਹੋਰ ਅਚਰਜ ਹੋ ਗਿਆ ਕਿ ਹੈਂ ਇਹ ਚੋਰ ਹੈ ਦੁਰਾਚਾਰੀਆਂ ਕਰਨ ਵਾਲਾ ਪਰ ਕੈਸਾ ਗੁਰੂ ਆਗਿਆ ਦਾ ਪ੍ਰੇਮੀ ਹੈ ਕਿ ਅੱਖਰ ਅੱਖਰ ਦੀ ਸਿਖਿਆ ਪੂਰੀ ਕਰਦਾ ਹੈ। ਇਹ ਕੀ ਹੋਇਆ – ਸ੍ਰੇਸ਼ਟਾਚਾਰੀ ਕਿ ਦੁਰਾਚਾਰੀ? ਫੇਰ ਰਾਜੇ ਨੂੰ ਆਪਣੇ ਰਾਜ ਸਾਸ਼ਨ ਦੀ ਗੱਲ ਫੁਰੀ, ਪੁੱਛਣ ਲੱਗਾ ਓਹ ਨਿਡਰ ਆਦਮੀ ਤੈਨੂੰ ਇਹ ਡਰ ਨਹੀਂ ਆ ਰਿਹਾ ਕਿ ਮੈਂ ਤੈਨੂੰ ਦੰਡ ਦੇ ਸਕਦਾ ਹਾਂ, ਕਿਵੇਂ ਸੱਚ ਸੱਚ ਬਿਨਾਂ ਮਾਰੇ ਕੁੱਟੇ ਆਪੇ ਮੇਰੇ ਦੁਆਰ ਆ ਕੇ ਦੱਸ ਰਿਹਾ ਹੈਂ?

ਭੂਮੀਆਂ – ਏਸ ਕਰਕੇ ਰਾਜਾ! ਕਿ ਮੈਂ ਆਪਣੇ ਸਤਿਗੁਰ ਨਾਲ ਨੇਮ ਕੀਤਾ ਹੈ ਕਿ ਕਦੇ ਝੂਠ ਨਹੀਂ ਬੋਲਾਂਗਾ। ਸੱਚ ਨਾਲ ਪਿਆਰ ਕਰਾਂਗਾ ਤੇ ਸੱਚ ਨੂੰ ਰਿਦੇ ਵਿਚ ਧਾਰਾਂਗਾ। ਏਸ ਲਈ ਮੈਂ ਸੱਚ ਬੋਲ ਰਿਹਾ ਹਾਂ।

ਰਾਜਾ (ਹੋਰ ਸੋਚ ਵਿਚ ਪੈ ਕੇ) ਤੂੰ ਪਕੜਿਆ ਨਹੀਂ ਗਿਆ, ਆਪੇ ਕਿਉਂ ਆ ਗਿਆ ਹੈਂ ਤੂੰ ਰਾਜਾ ਦੰਡ ਨੂੰ ਆਪਣੇ ਉਤੇ ਲੈਣ ਵਾਸਤੇ?

ਭੂਮੀਆਂ – ਹੇ ਰਾਜਨ! ਮੈਂ ਬੇਨਤੀ ਕਰ ਚੁਕਾ ਹਾਂ ਕਿ ਮੇਰਾ ਸਤਿਗੁਰ ਨਾਲ ਬਚਨ ਹੈ ਕਿ ਗਰੀਬ ਮਾਰ ਨਹੀਂ ਕਰਾਂਗਾ ਤੇ ਹੁਣ ਆਪ ਦੇ ਕਰਮਚਾਰੀ ਗਰੀਬਾਂ ਨੂੰ ਮਾਰ ਕੁੱਟ ਰਹੇ ਹਨ ਤੇ ਇਸ ਦਾ ਕਾਰਣ ਮੈਂ ਹਾਂ। ਇਸ ਕਰਕੇ ਮੈਂ ਆਇਆ ਹਾਂ ਕਿ ਕਰਾਂ ਮੈਂ ਤੇ ਭਰਨ ਗਰੀਬ! ਇਹ ਕਿਉਂ? ਨਹੀਂ, ਕਰੇ ਭੂਮੀਆਂ ਤੇ ਭਰੇ ਬੀ ਭੂਮੀਆਂ।

ਰਾਜਾ ਹੋਰ ਅਚੰਭਾ ਹੋ ਕੇ – ਹੈਂ, ਓਇ ਤੂੰ ਭੂਮੀਆਂ ਹੈਂ। ਤੂੰ ਤਾਂ ਬੜਾ ਦਾਨੀ ਪ੍ਰਸਿੱਧ ਹੈਂ, ਸਾਧ ਸੇਵੀ ਹੈਂ, ਤੂੰ ਚੋਰ! ਤੂੰ ਤਾਂ ਅਸਾਂ ਧਰਮੀ ਜਾਣਿਆਂ ਸੈਂ?

ਭੂਮੀਆ – ਜੀ ਠੀਕ ਹੈ ਜੀਉ। ਮੈਂ ਬੀ ਆਪ ਨੂੰ ਧਰਮੀ ਸਮਝਦਾ ਸਾਂ। ਜੋ ਮੈਂ ਚੋਰੀ ਕਰਕੇ ਧਾੜਾ ਮਾਰ ਕੇ ਧਨ ਲਿਆਉਂਦਾ ਸਾਂ ਸੋ ਮੈਂ ਪਰਸੁਆਰਥ ਤੇ ਸਾਧ ਸੇਵਾ ਤੇ ਲਾਉਂਦਾ ਸਾਂ। ਮੈਂ ਸਮਝਦਾ ਸਾਂ ਕਿ ਮੈਂ ਪੁੰਨੀ ਹਾਂ, ਦਾਨ ਜੁ ਕਰਦਾ ਹਾਂ, ਪਰ ਵੇਖ ਰਾਜਾ! ਇਕ ਦਿਨ ਆ ਗਿਆ ਉਹ ਸੰਤ – ਸੰਤ ਕਿ ਆਪ ਰੱਬ ਦੀ ਜੋਤ ਓਨੇ ਮੇਰੇ ਨੈਣ ਖੋਹਲੇ। ਉਹ ਆਖੇ ਤੇਰੇ ਘਰ ਦਾ ਅੰਨ ਨਹੀਂ ਖਾਣਾ, ਤੇਰਾ ਅੰਨ, ਪਾਪ ਦੀ ਕਮਾਈ ਦਾ ਹੈ। ਮੈਂ ਪੁੰਨੀ ਬਣ ਬਣ ਬਹਾਂ, ਉਹ ਆਖੇ ਨਹੀਂ ਤੇਰੀ ਕਮਾਈ ਪਾਪਾਂ ਭਰੀ ਹੈ ਜਿਸ ਵਿਚ ਲੋਕਾਂ ਦਾ ਦੁੱਖ ਕਸ਼ਟ ਤੇ ਪੀੜਾ ਭਰੀ ਪਈ ਹੈ। ਲੈ ਰਾਜਾ! ਮੈਂ ਮੰਨ ਗਿਆ ਪਰ ਮੈਂ ਕਿਹਾ ਮੇਰਾ ਸੁਭਾਉ ਹੋ ਚੁਕਾ ਹੈ ਇਨ੍ਹਾਂ ਕੰਮਾਂ ਦਾ, ਉਹ ਛੁਟਣ ਨਹੀਂ ਲੱਗਾ। ਤਾਂ ਉਸ ਦਾਤੇ ਨੇ ਮੈਥੋਂ ਤਿੰਨ ਪ੍ਰਣ ਲਏ ਜੋ ਮੈਂ ਦੱਸੇ ਹਨ। ਉਨ੍ਹਾਂ ਨੇ ਮੈਨੂੰ ਆਖਿਆ ਜੇ ਮਿਹਰ ਦਾ ਲੋੜਵੰਦ ਹੈਂ ਤਾਂ ਇਨ੍ਹਾਂ ਤੇ ਮਨੋ ਤਨੋ ਅਮਲ ਕਰ! ਜਦ ਉਹ ਟੁਰ ਗਏ ਮੈਂ ਉਨ੍ਹਾਂ ਦੇ ਤਿੰਨਾਂ ਹੀ ਹੁਕਮਾਂ ਤੇ ਅਮਲ ਕਰਨ ਲੱਗਾ। ਹੁਣ ਮੈਂ ਜਦ ਚੋਰੀ ਕਰਨ ਕਿ ਡਾਕੇ ਮਾਰਨ ਵਿਚ ਜਾਵਾਂ ਤਾਂ ਮੈਂ ਕਈ ਵੇਰ ਦੁਖੀ ਹੋ ਜਾਵਾਂ ਲੁਟਦਿਆਂ ਦਾ ਦੁੱਖ ਦੇਖ ਕੇ। ਅੱਗੇ ਤਾਂ ਮੈਂ ਦੁੱਖ ਦੇ ਕੇ ਦੁੱਖੀ ਨਹੀਂ ਸਾਂ ਹੁੰਦਾ। ਜਿਵੇਂ ਸ਼ਿਕਾਰੀ ਮਰਦੇ ਪਸ਼ੂ ਪੰਖੀਆਂ ਦੀ ਤੜਫਨੀ ਵੇਖ ਕੇ ਉਦਾਸੀ ਨਹੀਂ ਖਾਂਦਾ ਤਿਵੇਂ ਮੈਂ ਬੀ ਇਨਸਾਨਾਂ ਦੀ ਤੜਫਨੀ ਵਿਲਕਣੀ ਉਤੇ ਨਾ ਪਸੀਜਣ ਨੂੰ ਬਹਾਦਰੀ ਸਮਝਦਾ ਸਾਂ। ਪਰ ਹੁਣ ਗੁਰੂ ਕੀ ਦੱਸੀ ਦਇਆ ਉਪਜਣ ਲਗ ਪਈ, ਨਾਲੇ ਉਨ੍ਹਾਂ ਕਿਹਾ ਸੀ ਕਿ ਹਿ ਕਿੱਤਾ ਛੋਡ ਦੇਹ ਮਾੜਾ ਹੈ, ਪਰ ਮੈਥੋਂ ਛੁਟੇ ਨਾਂਹ। ਪਰ ਜਦ ਹੁਣ ਜੇ ਕਿਸੇ ਨੂੰ ਖੋਹਾਂ ਤਾਂ ਦਇਆ ਉਪਜੇ, ਮੈਂ ਚਾਹਾਂ ਕਿ ਮੈਂ ਗਰੀਬਾਂ ਨੂੰ ਛੱਡਾਂ ਤੇ ਅਮੀਰਾਂ ਨੂੰ ਲੁੱਟਾਂ, ਪਰ ਕਈ ਵੇਰ ਪਤਾ ਨਾ ਲੱਗੇ ਕਿ ਅਮੀਰ ਹੈ ਕਿ ਗਰੀਬ। ਸੋ ਮੈਨੂੰ ਫਿਕਰ ਪਿਆ ਕਿ ਇਸ ਕੰਮ ਵਿਚ ਅਣਜਾਣੇ ਗਰੀਬ ਮਾਰ ਹੋ ਜਾਂਦੀ ਹੈ। ਇਸ ਕਰਕੇ ਮੈਂ ਕਿਹਾ ਕਿਸੇ ਰਾਜੇ ਦਾ ਘਰ ਭੰਨ ਕੇ ਵਰ੍ਹਾ ਦੋ ਵਰ੍ਹੇ ਆਰਾਮ ਕਰਾਂ ਤੇ ਨਿਰਸੰਸੇ ਹੋ ਜਾਵਾਂ ਕਿ ਗਰੀਬ ਮਾਰ ਮੈਂ ਨਹੀਂ ਕਰ ਰਿਹਾ। ਇਉਂ ਕਰਕੇ ਰਾਜਾ ਤੇਰੇ ਘਰ ਚੋਰੀ ਕਰਨ ਲਈ ਆਇਆ ਸਾਂ, ਇਸੇ ਗਰੀਬ ਮਾਰ ਨਾ ਕਰਨ ਨੇ ਹੁਣ ਤੇਰੇ ਸਾਮ੍ਹਣੇ ਲਿਆ ਖੜ੍ਹਾ ਕੀਤਾ ਹੈ।

ਦੂਜੇ ਉਪਦੇਸ਼ 'ਲੂਣ ਖਾ ਕੇ ਬੁਰਾ ਨਹੀਂ ਕਰਨਾ' ਨੇ

ਮੈਥੋਂ ਤੇਰੀ ਚੋਰੀ ਕੀਤੀ ਦੌਲਤ ਛੁਟਵਾਈ ਸੀ। ਇਸੇ ਨੇ ਸਾਕਾਂ ਮਿਤਰਾਂ ਤੇ ਜਿਨ੍ਹਾਂ ਦਾ ਕਦੇ ਬੀ ਕੁਛ ਖਾਧਾ ਸੀ ਉਨ੍ਹਾਂ ਦੇ ਬੁਰੇ ਕਰਨੋ ਰੋਕ ਲਿਆ। ਤੀਸਰੇ ਇਸ ਪ੍ਰਣ ਨੇ ਕਿ ਸਦਾ ਸੱਚ ਬੋਲਾਂਗਾ, ਆਪ ਦੇ ਸਾਮ੍ਹਣੇ ਸਭ ਕੁਛ ਠੀਕ ਠੀਕ ਦੱਸ ਦੇਣ ਲਈ ਆਖਿਆ ਹੈ, ਹੁਣ ਜੋ ਜੀ ਕਰੇ ਕਰੋ, ਮੈਂ ਭੋਗਣ ਲਈ ਤਿਆਰ ਹਾਂ। ਰਾਜਾ ਸੁਣ ਕੇ ਹੋਰ ਹਰਿਆਨ ਹੋਇਆ। ਸੋਚੇ ਇਸ ਦਾ ਗੁਰੂ ਕੋਈ ਅਚਰਜ ਅਕਲ ਦਾ ਕੋਟ ਹੈ ਕਿ ਕਿਸ ਤਰ੍ਹਾਂ ਇਸ ਤੋਂ ਪਾਪ ਕਰਮ ਛੁਡਵਾਏ ਸੁ। ਝੱਸ, ਬੁਰਾ ਹੁੰਦਾ ਹੈ, ਪਰ ਇਹ ਕੀਕੂੰ ਉਸ ਘੇਰ ਵਿਚ ਆ ਗਿਆ ਹੈ ਕਿ ਸਾਰਾ ਝੱਸ ਚੋਰੀ ਡਾਕੇ ਦਾ ਇਸਦਾ ਆਪੇ ਛੁਟ ਜਾਏ। ਪਰ ਹਾਂ ਉਹ ਗੁਰੂ ਨਿਰਾ ਅਕਲ ਦਾ ਕੋਟ ਨਹੀਂ ਉਹ ਜ਼ਰੂਰ ਤੇਜ਼ ਵਾਲਾ ਹੈ, ਸਤਿਆ ਵਾਲਾ ਹੈ ਕਿ ਜਿਸਦੇ ਆਖੇ ਦਾ ਐਡਾ ਡੂੰਘਾ ਅਸਰ ਡਾਕੂਆਂ ਤੇ ਚੋਰਾਂ ਹੁੰਦਾ ਹੈ। ਐਸੇ ਗੁਰੂ ਦੇ ਦਰਸ਼ਨ ਕਰਨੇ ਚਾਹੀਏ। ਤਾਂ ਰਾਜਾ ਫੇਰ ਖੁਸ਼ੀ ਨਾਲ ਮੁਸਕਰਾਇਆ ਤੇ ਕਹਿਣ ਲੱਗਾ, ਤੇਰਾ ਗੁਰੂ ਕਿੱਥੇ ਹੈ?

ਭੂਮੀਏ ਕਿਹਾ ਓਹ ਆਪਣੇ ਰੰਗ ਚਲੇ ਗਏ ਪਤਾ ਨਹੀਂ ਕਿਧਰ?

ਰਾਜਾ – ਉਸਦਾ ਨਾਉਂ ਕੀ ਹੈ?

ਭੂਮੀਆਂ – ਮੈਂ ਤਾਂ ਨਾਮ ਪੁੱਛ ਨਹੀਂ ਸਾਂ ਸਕਿਆ ਪਰ ਲੋਕਾਂ ਮੈਨੂੰ ਪਿਛੋਂ ਦੱਸਿਆ ਸੀ ਕਿ ਉਹ ਗੁਰੂ ਨਾਨਕ ਦੇਵ ਜੀ ਸੀਗੇ ਜੋ ਲਾਹੌਰ ਦੇ ਦੇਸ਼ ਤੋਂ ਆਏ ਸੀ।

ਰਾਜਾ (ਕੰਬ ਕੇ) ਹੈਂ! ਓਹੋ ਹੈ ਗੁਰੂ ਨਾਨਕ। ਇਧਰ ਦੀ ਲੰਘ ਗਏ ਸੁਣੇ ਹਨ।

ਰਾਜਾ (ਜੀ ਵਿਚ) ਸ਼ੋਕ! ਐਸੇ ਮਹਾਂ ਜਯੋਤੀ ਦੇ ਦਰਸ਼ਨ ਨਾ ਹੋਏ।

(ਭੂਮੀਏ ਨੂੰ) ਸੁਣ ਭਾਈ ਤੂੰ ਆਪਣੇ ਮੂੰਹੋਂ ਅੱਜ ਆਪਣੇ ਪਾਪਾਂ ਨੂੰ ਮੰਨਿਆ ਹੈ ਮੈਨੂੰ ਚਾਹੀਦਾ ਹੈ ਕਿ ਤੈਨੂੰ ਦੰਡ ਦੇਵਾਂ, ਪਰ ਦੰਡ ਦੇਣ ਨਾਲ ਤੂੰ ਕੈਦ ਵਿਚ ਜਾ ਕੇ ਤੰਗ ਪਵੇਂਗਾ ਓਥੇ ਹੋਰ ਤੇਰੇ ਵਰਗੇ ਤੈਨੂੰ ਮਿਲਣਗੇ। ਮੈਨੂੰ ਡਰ ਹੈ ਕਿ ਤੂੰ ਓਥੇ ਉਨ੍ਹਾਂ ਦੇ ਕੁਸੰਗ ਨਾਲ ਮੁੜ ਪਾਪਾਂ ਵਿਚ ਪੈ ਜਾਏਂਗਾ। ਜੇ ਮੈਂ ਤੈਨੂੰ ਛੱਡਦਾ ਹਾਂ ਤਾਂ ਮੇਰਾ ਨਿਆਂ ਪੂਰਾ ਨਹੀਂ ਹੁੰਦਾ। ਪਰ ਅਸਲ ਨਿਆਂ ਹੈ ਪਾਪੀਆਂ ਨੂੰ ਸੁਧਾਰ ਦੇਣਾ, ਮੈਨੂੰ ਜਾਪਦਾ ਹੈ ਕਿ ਮੈਥੋਂ ਵੱਡਾ, ਬ੍ਰਹਮ ਲੋਕ ਦਾ ਰਾਜਾ, ਤੈਨੂੰ ਦੰਡ ਬੀ ਦੇ ਗਿਆ ਹੈ ਤੇ ਸੁਧਾਰ ਬੀ ਗਿਆ ਹੈ। ਤੂੰ ਜੋ ਪੁੰਨੀ ਮਸ਼ਹੂਰ ਸੈਂ ਅੱਜ ਪਾਪੀ ਪ੍ਰਸਿੱਧ ਹੋ ਗਿਆ ਹੈਂ। ਜਸ ਜੀਵਨ ਅਪਜਸ ਮਰਨ। ਅਪਜਸ ਦੀ ਮੌਤ ਦਾ ਤੈਨੂੰ ਦੰਡ ਆਪੇ ਮਿਲ ਗਿਆ ਹੈ। ਬਾਕੀ ਉਹ ਤੈਨੂੰ ਸੁਧਾਰ ਦੇ ਰਸਤੇ ਐਸਾ ਪਾ ਗਿਆ ਹੈ ਕਿ ਤੂੰ ਆਪੇ ਸੁਧਰ ਜਾਣਾ ਹੈ, ਖਬਰੇ ਸੁਧ ਹੀ ਗਿਆ ਹੈਂ। ਚੋਰੀ ਹੁਣ ਤੂੰ ਕਰ ਨਹੀਂ ਸਕਦਾ, ਧਾੜਾ ਮਾਰ ਨਹੀਂ ਸਕਦਾ, ਕਿਉਂਕਿ ਇਸ ਵਿਚ ਗਰੀਬ ਮਾਰ ਹੁੰਦੀ ਹੈ। ਅਮੀਰਾਂ ਤੇ ਰਾਜਿਆਂ ਨੂੰ ਤੂੰ ਲੁੱਟ ਨਹੀਂ ਸਕਦਾ ਜੋ ਜਦ ਸ਼ੁਬਹ ਪਏ ਸਭ ਤੋਂ ਪਹਿਲਾਂ ਤੈਨੂੰ ਪੁੱਛ ਹੋਣੀ ਹੈ, ਤੇ ਤੂੰ ਸੱਚ ਬੋਲਣਾ ਹੈ ਇਉਂ ਤੂੰ ਆਪੇ ਹੀ ਪਕੜੇ ਜਾਣਾ ਹੈ, ਸੋ ਤੇਰੇ ਲਈ ਚੋਰੀ ਧਾੜਾ ਕਰ ਸਕਣਾ ਕਠਨ ਹੋ ਗਿਆ। ਤੇਰੇ ਸੱਚੇ ਵੈਦ ਨੇ ਐਸਾ ਦਾਰੂ ਤੈਨੂੰ ਦਿਤਾ ਹੈ ਕਿ ਤੂੰ ਹੁਣ ਆਪੇ ਸਾਧ ਬਣ ਜਾਏਂਗਾ, ਪਰ ਸ਼ਾਬਾਸ਼ੇ ਤੇਰੇ ਕਿ ਤੂੰ ਹੁਕਮ ਤੇ ਪਹਿਰਾ ਦਿਤਾ ਹੈ ਤੇ ਜਿੰਦ ਖਤਰੇ ਵਿਚ ਪਾ ਕੇ ਬੀ ਤੂੰ ਹੁਕਮ ਪਾਲਿਆ ਹੈ। ਸੋ ਜਦ ਮੈਂ ਦੇਖਦਾ ਹਾਂ ਕਿ ਤੂੰ ਹੁਣ ਭਲਾ ਹੋ ਚਲਿਆ ਹੈਂ ਤੇ ਨਾਲ ਤੇਰੇ ਵਿਚ ਬਲ ਹੈ, ਸਾਹਸ ਹੈ, ਸਤਿਆ ਹੈ, ਅਣਖ ਹੈ, ਸੱਚ ਤੇ ਪਹਿਰਾ ਦੇਣ ਦਾ ਹੀਆ ਹੈ ਤੇ ਹੁਣ ਇਨ੍ਹਾਂ ਗੁਣਾਂ ਨਾਲ ਤੂੰ ਇਤਨਾ ਭਲਾ ਹੋ ਜਾਣਾ ਹੈ ਕਿ ਮਹਾਤਮਾ ਤੇਰੇ ਦਰਸ਼ਨਾਂ ਨੂੰ ਆਇਆ ਕਰਨਗੇ, ਸੋ ਮੈਂ ਖਿਮਾ ਕਰਦਾ ਹਾਂ ਤੇ ਤੈਨੂੰ ਛਡਦਾ ਹਾਂ। ਪਰ ਮੇਰੀ ਅੱਖ ਤੇਰੇ ਤੇ ਰਹੇਗੀ ਇਹ ਦੇਖਣ ਲਈ ਕਿ ਤੂੰ ਗੁਰੂ ਦੇ ਦੱਸੇ ਰਾਹ ਤੇ ਟੁਰ ਰਿਹਾ ਹੈਂ ਤੇ ਪਰਜਾ ਨੂੰ ਦੁਖਾ ਤਾਂ ਨਹੀਂ ਰਿਹਾ।

## ੯

ਕੁਛ ਸਮਾਂ ਲੰਘ ਗਿਆ, ਭੂਮੀਆਂ ਸੱਚਮੁੱਚ ਸੰਤ ਹੋ ਗਿਆ। ਪਾਪ ਕਰਮ ਉਸਦੇ ਸਾਰੇ ਛੁੱਟ ਗਏ। ਦਇਆ ਵਾਲੇ ਪੁੰਨ ਦਾਨ ਉਸ ਵਿਚ ਵੱਸ ਗਏ। ਸੱਚ ਟਿਕ ਗਿਆ ਉਸ ਦੇ ਅੰਦਰ, ਜਿਸ ਨੇ ਸਾਰੇ ਪਾਪ ਧੋ ਕੱਢੇ। ਨਾਮ ਨੇ ਅੰਦਰ ਸਵੱਛ ਕਰ ਦਿਤਾ ਬਰੀਕ ਮੈਲਾਂ ਤੋਂ ਤੇ ਪਿਛਲੇ ਕਰਮਾਂ ਦੀ ਕਾਈ ਤੋਂ। ਨਾਮ ਨੇ ਬਲ ਭਰ ਦਿਤਾ ਨੇਕੀ ਦਾ, ਹਾਂ ਨਾਮ ਨੇ ਰਸ ਲਾ ਦਿਤਾ – ਆਤਮ ਰਸ। ਭੂਮੀਏ ਦੇ ਹੁਣ ਦੇ ਹਾਲ ਸੁਣ ਸੁਣ ਕੇ ਰਾਜੇ ਨੂੰ ਪ੍ਰਤੀਤ ਹੋ ਆਈ ਕਿ ਏਹ ਪੂਰਨ ਸੰਤ ਹੋ ਗਿਆ ਹੈ। ਤਾਂ ਉਸ ਨੇ ਭੂਮੀਏ ਨੂੰ ਸੱਦ ਕੇ ਕਿਹਾ, ਮੈਂ ਤੈਨੂੰ ਗੁਰੂ ਧਾਰਨ ਕਰਦਾ ਹਾਂ ਤੂੰ ਮੈਨੂੰ ਦੀਖਯਾ ਦੇਹ। ਤਾਂ ਭੂਮੀਏ ਆਖਿਆ, ਰਾਜਾ ਮੈਂ ਤਾਂ ਅਜੇ ਸਿੱਖ ਬੀ ਨਹੀਂ ਹਾਂ, ਗੁਰੂ ਤਾਂ ਉਹ ਆਪ ਹੈ, ਜਿਸ ਨੇ ਮੇਰੇ ਜਿਹੇ ਪਾਪੀ ਨੂੰ ਪਾਪ ਵਿਚੋਂ ਕੱਢ ਕੇ ਮਿਹਰ ਵਿਚ ਪੁਚਾ ਦਿਤਾ। ਰਾਜਾ! ਮਿਹਰ ਹੋਈ ਨਾਮ ਰਸ ਵਿਚ ਪਹੁੰਚ ਪੈਣਾ, ਮੈਨੂੰ ਸੋਝੀ ਆਈਏ ਹੁਣ, ਮਿਹਰ ਹੈ – ਨਾਮ ਰਸ ਬ੍ਰਹਮਾਨੰਦ। ਹਾਂ ਜੇ ਤੂੰ ਚਾਹੁੰਦਾ ਹੈਂ ਤਾਂ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਧਾਰਨ ਕਰ। ਰਾਜੇ ਨੇ ਕਿਹਾ ਕਿ ਉਹ ਕਿਥੇ ਹਨ? ਤਾਂ ਭੂਮੀਏ ਨੇ ਕਿਹਾ ਕਿ ਉਹ ਤਾਂ ਦੂਰ ਚਲੇ ਗਏ ਹਨ ਪਰ ਉਹ ਜਾਣਨਹਾਰ ਹਨ, ਪ੍ਰੇਮ ਦੀ ਆਵਾਜ਼ ਦੂਰ ਤੋਂ ਸੁਣਦੇ ਹਨ ਤੇ ਪ੍ਰੇਮ ਭਾਉ ਕਰਕੇ ਪ੍ਰਗਟ ਹੋ ਜਾਂਦੇ ਹਨ। ਤੂੰ ਧਰਮਸਾਲ ਬਨਾਉ ਜਿੱਥੇ ਕੀਰਤਨ ਹੋਵੇ ਤੇ ਆਪ ਬੀ ਆ ਕੇ ਸੁਣਿਆ ਕਰ, ਕੀਰਤਨ ਰਾਜਾ, ਉਸ ਗੁਰੂ ਦੀ ਬਾਣੀ ਦਾ ਹੋਵੇ, ਜੋ ਮੇਰੇ ਡੇਰੇ ਦੇ ਕੁਛ ਸਜਣ ਹੁਣ ਕਰਦੇ ਹਨ। ਗੁਰੂ ਜੀ ਤਾਂ ਤਦੋਂ ਚਲੇ ਗਏ ਸਨ ਪਰ ਮੇਰੇ ਸੇਵਕ ਨੂਰਸ਼ਾਹ ਤੋਂ ਜਾ ਕੇ ਗੁਰੂ

(ਪੰਨਾ 5 ਦੀ ਬਾਕੀ)

ਜੀ ਦੀ ਬਾਣੀ ਕੁਛ ਲਿਖ ਕੇ ਲੈ ਆਏ ਹਨ, ਉਸ ਦਾ ਅਸੀਂ ਕੀਰਤਨ ਕਰਦੇ ਹਾਂ। ਸੋ ਜੇ ਸ਼ਰਧਾ ਹੋ ਆਈ ਹੈ ਹੇ ਰਾਜਾ! ਤਾਂ ਧਰਮਸਾਲ ਪੁਆਓ ਤੇ ਇਹ ਕਾਰਜ ਕਰੋ। ਮੇਰੇ ਘਰ ਹੁਣ ਓਹ ਸਦਾਬ੍ਰਤ ਨਹੀਂ ਰਿਹਾ, ਪਰ ਹਾਂ ਲੰਗਰ ਗੁਰੂ ਕਾ ਹੁੰਦਾ ਹੈ ਜਿਤਨਾ ਮੇਰਾ ਵਿਤ ਹੈ ਉਸ ਮੂਜਬ ਜੋ ਧਰਮ ਨਾਲ ਆਉਂਦਾ ਹੈ ਮੈਂ ਵੰਡ ਛਕਦਾ ਹਾਂ। ਤਾਂ ਰਾਜੇ ਨੇ ਧਰਮਸਾਲ ਪੁਆਈ, ਧਰਮਸਾਲ ਨਾਲ ਲੰਗਰ ਲਾ ਦਿਤਾ ਗੁਰੂ ਨਾਨਕ ਦੇ ਨਾਮ ਦਾ। ਜੋ ਕੋਈ ਆਵੇ ਅਤਿਥੀ, ਪਰਦੇਸੀ, ਲੋੜਵੰਦ ਸਾਧ ਸੰਤ ਓਥੇ ਪ੍ਰਸ਼ਾਦਾ ਛਕੇ। ਤੀਸਰੇ ਪਹਿਰ ਓਥੇ ਕੀਰਤਨ ਹੋਵੇ। ਭੂਮੀਏ ਦੇ ਸੇਵਕ, ਜੋ ਹੁਣ ਗੁਰੂ ਕੇ ਸਿੱਖ ਸਦਾਉਂਦੇ ਸੇ, ਕੀਰਤਨ ਕਰਿਆ ਕਰਨ। ਦੂਰੋਂ ਨੇੜਿਓਂ ਬੀ ਸਿੱਖ ਕਦੇ ਕਦੇ ਆ ਜੁੜਦੇ ਸਨ। ਰਾਜਾ ਆਪ ਕੀਰਤਨ ਸੁਣਨ ਆਇਆ ਕਰੇ। ਹੋਰ ਕਈਆਂ ਨੂੰ ਬੀ ਪ੍ਰੇਮ ਹੋ ਆਇਆ।

ਭੂਮੀਏ ਤੇ ਰਾਜੇ ਦੀ ਇੰਨੀ ਨਿਸ਼ਾ ਹੋਈ ਕਿ ਉਸਨੂੰ ਆਪਣੇ ਵਜ਼ੀਰਾਂ ਵਿਚ ਥਾਉਂ ਦੇ ਦਿਤੀਓਸੁ ਕਿ ਜੋ ਸੱਚਾ ਹੈ, ਭਲਾ ਹੈ, ਦਇਆਵਾਨ ਹੈ ਤੇ ਮਨ ਵਿਚ ਬਲ ਰਖਦਾ ਹੈ ਨੇਕੀ ਦਾ ਤੇ ਭਉ ਰਖਦਾ ਹੈ ਰੱਬ ਦਾ, ਇਹ ਰਾਜ ਦੇ ਕੰਮ ਧਰਮ ਨਾਲ ਨਿਬਾਹੇਗਾ। ਆਪ ਰਾਜਾ ਹੁਣ ਏਸ ਅਰਦਾਸ ਵਿਚ ਰਿਹਾ ਕਰੇ ਕਿ ਕਦੇ ਹੇ ਗੁਰੂ ਨਾਨਕ ਤੇਰੇ ਦੀਦਾਰ ਹੋਣ ਤੇ ਮੈਂ ਬੀ ਦਰਸ਼ਨ ਕਰਾਂ ਤੇ ਮਨ ਦੀਆਂ ਮੁਰਾਦਾਂ ਪ੍ਰਾਪਤ ਕਰਾਂ।

ਭੂਮੀਆਂ ਜੋ ਭੂਮੀ ਦਾ ਭਾਰ ਤੇ ਪਾਪ ਦਾ ਮੋਢੀਵਾਲ ਸੀ ਹੁਣ ਪਿਆਰ, ਧਰਮ ਤੇ ਸੱਚੇ ਨਾਮ ਦਾ ਪ੍ਰਚਾਰ ਕਰਨ ਵਾਲਾ ਹੋ ਗਿਆ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਨੇ ਥੋਹਰਾਂ ਦੇ ਪੇੜ ਮਲਯਾਗਰ ਦੇ ਚੰਦਨ ਬਣਾ ਦਿਤੇ, ਉਹ ਤਰ ਗਏ ਤੇ ਸਾਡੇ ਨਿਸਤਾਰੇ ਲਈ ਉਨ੍ਹਾਂ ਚੰਦਨ ਬਣਿਆਂ ਦੇ ਜੀਵਨ ਪੂਰਨੇ ਬਣ ਗਏ ਸੁਮੱਤੇ ਲਾਉਣ ਦੇ।

ਸੋ ਅੱਜ ਹੈ ਉਸ ਗੁਰੂ, ਸੂਰੇ ਗੁਰੂ, ਪੂਰੇ ਗੁਰੂ, ਦਿਲ ਪੀੜਾਂ ਦੇ ਜਾਣਨ ਵਾਲੇ ਤੇ ਮਨ ਦੀਆਂ ਨਾੜੀਆਂ ਨੂੰ ਪਛਾਣ ਕੇ ਠੀਕ ਦਾਰੂ ਨਾਲ ਮਨ ਦੇ ਰੋਗ ਮਿਟਾਵਣ ਵਾਲੇ ਸੱਚੇ ਗੁਰੂ ਦੇ ਅਵਤਾਰ ਦਾ ਦਿਨ, ਜਿਸ ਨੇ ਬੜੇ ਬੜੇ ਅਧਮ ਜੀਵਾਂ ਦਾ ਨਿਸਤਾਰਾ ਕੀਤਾ। ਹਾਂ ਅੱਜ ਹੈ ਉਹ ਦਿਨ, ਹੇ ਪਾਠਕ! ਚਾਹੀਦਾ ਹੈ ਕਿ ਅਸੀਂ ਸਾਰੇ ਆਪਣੇ ਆਪਣੇ ਪਾਪ ਲੈ ਕੇ ਉਸ ਗੁਰੂ ਦੇ ਅੱਗੇ ਧਰ ਦੇਈਏ ਕਿ ਹੇ ਕਰਤਾਰ ਦੇ ਘੱਲੇ ਪਾਪਹਰਨ ਦਾਤਾ! ਸਾਨੂੰ ਬੀ ਧੌ ਦੇ ਭੂਮੀਏ ਵਾਂਙੂ ਤੇ ਲਾ ਦੇ ਕਿਸੇ ਰਸਤੇ, ਜੋ ਅਸੀਂ ਬੀ ਹੋ ਜਾਈਏ ਪਾਰਗਿਰਾਮੀ ਤੇ ਜਿੱਤ ਲਈਏ ਹੀਰਾ ਜਨਮ।

ਆਖੋ ਧੰਨ ਗੁਰੂ ਨਾਨਕ।

***ਆਪੇ ਬੀਜਿ ਆਪੇ ਹੀ ਖਾਹੁ ॥***
***ਨਾਨਕ ਹੁਕਮੀ ਆਵਹੁ ਜਾਹੁ ॥ ਅੰਗ - 5***

ਧਰਤੀ ਵਿਚ ਜੋ ਬੀਜ ਪਾਉਂਦੇ ਹਾਂ, ਧਰਤੀ ਵੈਸਾ ਹੀ ਪੌਦਾ, ਰੁੱਖ, ਫਸਲ ਪੈਦਾ ਕਰ ਦਿੰਦੀ ਹੈ। ਬੀਜ ਅਨੁਸਾਰ ਹੀ ਪੌਦਿਆਂ ਦਾ ਰੰਗ ਰੂਪ, ਸ਼ਕਲ, ਆਕਾਰ ਹੁੰਦਾ ਹੈ। ਬੀਜ ਅਨੁਸਾਰ ਹੀ ਫਲ, ਫੁੱਲ, ਪੱਤੇ ਲਗਦੇ ਹਨ। ਧਰਤੀ ਕੋਈ ਵਖੇਵਾਂ ਨਹੀਂ ਕਰਦੀ ਦਖਲ ਨਹੀਂ ਦਿੰਦੀ, ਛੋਟੇ ਵੱਡੇ, ਰਾਣਾ ਰੰਕ, ਗੋਰੇ ਕਾਲੇ ਦਾ ਫਰਕ ਨਹੀਂ ਮੰਨਦੀ। ਇਹ ਨਹੀਂ ਹੋ ਸਕਦਾ ਕਿ -

***ਫਰੀਦਾ ਲੋੜੈ ਦਾਖ ਬਿਜਉਰੀਆਂ***
***ਕਿਕਰਿ ਬੀਜੈ ਜਟੁ ॥***
***ਹੰਢੈ ਉੰਨ ਕਤਾਇਦਾ***
***ਪੈਧਾ ਲੋੜੈ ਪਟੁ ॥ ਅੰਗ - 1380***

ਧਰਤੀ ਵਿਚ ਰੱਬੀ ਗੁਣ ਹਨ। ਧਰਤੀ ਨੂੰ ਵੀ ਰੱਬ ਨੇ ਹੁਕਮ ਵਿਚ ਰਚ ਕੇ ਕ੍ਰਿਆਸ਼ੀਲ ਕਰ ਦਿਤਾ ਤੇ ਸੰਤਾਂ ਮਹਾਂਪੁਰਸ਼ਾਂ ਤੇ ਰੱਬੀ ਕਲਾਮ, ਬਾਣੀ ਰਾਹੀਂ ਸਮਝਾ ਦਿਤਾ ਕਿ 'ਦੁਕ੍ਰਿਤ ਸੁਕ੍ਰਿਤ ਥਾਰੋ ਕਰਮ ਰੀ।'

ਕਰਮ ਤਿੰਨ ਪ੍ਰਕਾਰ ਦੇ ਹੁੰਦੇ ਹਨ - 1. ਸੰਚਿਤ ਕਰਮ ਇਸ ਜਨਮ ਦੇ ਅਤੇ ਪਿਛਲੇ ਜਨਮਾਂ ਦੇ ਇਕੱਠੇ ਹੋਏ ਕਰਮ, ਜਿਨ੍ਹਾਂ ਦਾ ਫਲ ਹਾਲੀ ਭੋਗਣਾ ਹੈ (2) ਪਰਾਲਬਧ ਕਰਮ - ਉਹ ਪਿਛਲੇ ਕਰਮ ਜਿਨ੍ਹਾਂ ਨੂੰ ਫਲ ਲੱਗ ਗਿਆ ਹੈ, ਅਸੀਂ ਭੋਗ ਰਹੇ ਹਾਂ (3) ਅਗਾਮੀ ਕਰਮ ਜਿਹੜੇ ਅਸੀਂ ਭਵਿੱਸ਼ ਵਿਚ ਕਰਨੇ ਹਨ। ਇਨ੍ਹਾਂ ਵਿਚੋਂ ਸੰਚਿਤ ਕਰਮ ਦੇ ਪ੍ਰਤੀਕਰਮਾਂ ਵਿਚ ਤਬਦੀਲੀ ਹੋ ਸਕਦੀ ਹੈ ਅਤੇ ਅਗਾਮੀ ਕਰਮਾਂ ਨੂੰ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਇਸ ਦਾ ਸਾਧਨ ਹੈ ਗੁਰੂ ਦੀ ਸ਼ਰਨ, ਨਾਮ ਬਾਣੀ, ਸਿਮਰਨ ਰਾਹੀਂ ਆਪਣੇ ਅਸਲ ਆਤਮਿਕ ਵਜੂਦ ਦਾ ਅਨੁਭਵ। ਇਸ ਅਨੁਭਵ ਨੇ ਹੀ ਸੰਸਾਰ ਤੇ ਬ੍ਰਹਿਮੰਡ ਰਚਨਾ ਦੇ ਭੇਦ ਖੋਲ੍ਹਣੇ ਹਨ ਅਤੇ ਫੇਰ ਦੁਖ ਸੁਖ ਦੀ ਸੋਝੀ ਹੁੰਦੀ ਹੈ। ਮਨ, ਹਉਮੈ ਅਤੇ ਇਨ੍ਹਾਂਦੇ ਸਿਰਜੇ ਸੰਸਾਰ ਦੇ ਬੰਧਨਾਂ ਤੋਂ ਮੁਕਤ ਹੋਈਦਾ ਹੈ। ਗੁਰਮਤਿ ਜੀਵਨ-ਮੁਕਤਿ ਹੋਣਾ ਸਿਖਾਂਦੀ ਹੈ ਜਿਸ ਦੇ ਇਹ ਲੱਛਣ ਦੱਸੇ ਹਨ -

***ਪ੍ਰਭ ਕੀ ਆਗਿਆ ਆਤਮ ਹਿਤਾਵੈ ॥***
***ਜੀਵਨ ਮੁਕਤਿ ਸੋਊ ਕਹਾਵੈ ॥***
***ਤੈਸਾ ਹਰਖੁ ਤੈਸਾ ਉਸੁ ਸੋਗੁ ॥***
***ਸਦਾ ਅਨੰਦੁ ਤਹ ਨਹੀ ਬਿਓਗੁ ॥***
***ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥***
***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥***
***ਤੈਸਾ ਮਾਨੁ ਤੈਸਾ ਅਭਿਮਾਨੁ ॥***
***ਤੈਸਾ ਰੰਕੁ ਤੈਸਾ ਰਾਜਾਨੁ ॥***
***ਜੋ ਵਰਤਾਏ ਸਾਈ ਜੁਗਤਿ ॥***
***ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥***
***ਅੰਗ - 276***

ਮਹਾਂਪੁਰਸ਼ਾਂ ਨੇ ਆਤਮ ਮਾਰਗ ਦਾ ਸੰਚਾਲਨ ਐਸੇ ਉਪਦੇਸ਼ਾਂ ਦੇ ਪ੍ਰਸਾਰ ਲਈ ਕੀਤਾ ਅਤੇ ਆਪ ਜੀ ਦੇ ਸਹਿਯੋਗ ਨਾਲ ਇਹ ਉਦਮ ਨਿਰੰਤਰ ਹੋ ਰਿਹਾ ਹੈ।

# 14 ਅਪ੍ਰੈਲ ਨੂੰ ਵਿਸਾਖੀ ਦੇ ਦਿਹਾੜੇ ਤੇ ਵਿਸ਼ੇਸ਼

# ਨਿਸ਼ਾਨੇ ਸਿਖੀ ਈਂ ਪੰਜ ਹਰਫ ਕਾਫ

ਨੋਟ – ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਜੀ ਦਾ ਇਹ ਲੇਖ ਮੀਤ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੱਤਰ ਨੰ 2592/18 ਮਿਤੀ 18.3.06 ਨੂੰ ਪ੍ਰਾਪਤ ਹੋਇਆ ਸੀ ਉਸ ਸਮੇਂ ਅਪ੍ਰੈਲ ਦਾ ਮੈਗਜ਼ੀਨ ਪ੍ਰੈਸ ਵਿਚ ਜਾ ਚੁੱਕਾ ਸੀ। ਇਸ ਲਈ ਅਸੀਂ ਖਿਮਾ ਦੇ ਜਾਚਕ ਹੁੰਦੇ ਹੋਏ ਹੁਣ ਮਈ ਮਹੀਨੇ ਮੈਗਜ਼ੀਨ ਵਿਚ ਪ੍ਰਕਾਸ਼ਿਤ ਕਰਨ ਦੀ ਸੰਗਤਾਂ ਤੋਂ ਖੁਸ਼ੀਆਂ ਲੈ ਰਹੇ ਹਾਂ।

ਵਰਤਮਾਨ ਭਾਰਤ ਦੀ ਘਾੜਤ ਘੜਨ ਹਿੱਤ ਸਿੱਖ ਧਰਮ ਨੇ ਚੋਖਾ ਹਿੱਸਾ ਪਾਇਆ ਹੈ। ਸਿੱਖ ਧਰਮ ਦੇ ਆਦਿ ਆਰੰਭ ਕਰਤਾ, ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਆਪਣੇ ਸਮੇਂ ਭਾਰਤ ਦੀ ਸਮਾਜਿਕ, ਸਭਿਆਚਾਰਕ, ਰਾਜਸੀ ਤੇ ਧਾਰਮਿਕ ਖੇਤਰਾਂ ਵਿਚ ਆ ਚੁੱਕੀ ਗਿਰਾਵਟ ਨੂੰ ਪਾਵਨ-ਪਵਿੱਤਰ ਬਾਣੀ ਰਾਹੀਂ ਦਰਸਾਇਆ ਹੈ ਕਿ ਕਿਸ ਤਰ੍ਹਾਂ ਰਾਜਾ ਅਤੇ ਪਰਜਾ, ਬ੍ਰਾਹਮਣ, ਮੌਲਵੀ ਕਾਜ਼ੀ, ਆਪਣੇ-ਆਪਣੇ ਇਖਲਾਕ ਤੋਂ ਗਿਰ ਚੁੱਕੇ ਸਨ –

*1. ਰਾਜੇ ਸੀਹ ਮੁਕਦਮ ਕੁਤੇ॥ ਅੰਗ - 1288*

*2. ਕਲਿ ਕਾਤੀ ਰਾਜੇ ਕਾਸਾਈ॥*
*ਧਰਮੁ ਪੰਖ ਕਰਿ ਉਡਰਿਆ॥ ਅੰਗ - 154*

*3. ਨਾ ਓਇ ਜੋਗੀ ਨਾ ਓਇ*
*ਜੰਗਮ ਨਾ ਓਇ ਕਾਜੀ ਮੁੰਲਾ॥ ਅੰਗ - 149*

*4. ਘਰਿ ਘਰਿ ਮੀਆ ਸਭਨਾਂ ਜੀਆਂ*
*ਬੋਲੀ ਅਵਰ ਤੁਮਾਰੀ॥ ਅੰਗ - 1412*

ਅਜਿਹੀ ਰਸਾਤਲ ਦੀ ਹਾਲਤ ਨੂੰ ਪਹੁੰਚ ਚੁਕੇ ਭਾਰਤੀਆਂ ਦੀ ਆਤਮਾ ਨੂੰ ਜਗਾਉਣ ਤੇ ਗੁਲਾਮੀ ਦਾ ਜੂਲਾ ਗਲੋਂ ਲਾਹੁਣ ਲਈ 'ਨਾਨਕ ਨਿਰਮਲ ਪੰਥ' ਦੀ ਅਧਾਰਸ਼ਿਲਾ ਰੱਖੀ। ਨਾਨਕ ਨਿਰਮਲ ਪੰਥ ਦੇ ਮੈਂਬਰ ਬਣਨ ਲਈ ਪਹਿਲੀ ਸ਼ਰਤ ਇਹ ਰੱਖੀ ਗਈ....

***ਜਉ ਤਉ ਪ੍ਰੇਮ ਖੇਲਣ ਕਾ ਚਾਉ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ॥***
***ਇਤੁ ਮਾਰਗਿ ਪੈਰੁ ਧਰੀਜੈ॥***
***ਸਿਰੁ ਦੀਜੈ ਕਾਣਿ ਨ ਕੀਜੈ॥੨੦॥***

***ਅੰਗ - 1412***

ਇਸ ਕਾਰਜ ਦੀ ਸਿੱਧੀ ਲਈ ਹੀ ਗੁਰਦੇਵ ਜੀ ਨੇ ਉਦਾਸੀਆਂ ਕੀਤੀਆਂ ਤੇ ਸਮੇਂ ਦੇ ਹਾਕਮਾਂ, ਜ਼ਾਬਰਾਂ, ਬਾਬਰਾਂ ਦੇ ਜ਼ੁਲਮ ਦੇ ਵਿਰੁੱਧ ਆਵਾਜ਼ ਉਠਾਈ। ਇਨ੍ਹਾਂ ਜ਼ੁਲਮੀ ਹਨੇਰੀਆਂ ਨੂੰ ਠੱਲ੍ਹਣ ਲਈ ਹੀ ਪੰਜਵੇਂ ਤੇ ਨਾਵੇਂ ਨਾਨਕ ਨੂੰ ਸ਼ਹਾਦਤ ਦਾ ਜਾਮ ਪੀਣਾ ਪਿਆ। ਆਪਣੀ ਹੋਂਦ ਦੀ ਪਹਿਚਾਣ, ਅਸਲ ਨਾਲ ਜੁੜਨ, ਸਵੈਮਾਨ ਤੇ ਅਣਖਮਈ ਜੀਵਨ ਜੀਵਨ ਜੀਉਣ, 'ਨਾਨਕ ਮਿਸ਼ਨ' ਦੀ ਪੂਰਤੀ ਲਈ ਰੱਬੀ ਆਦੇਸ਼ ਮੁਤਾਬਿਕ 1699 ਈ. ਨੂੰ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ 'ਖਾਲਸਾ ਪੰਥ' ਦੀ ਸਾਜਨਾ ਦਾ ਐਲਾਨ ਕੀਤਾ।

ਖਾਲਸਾ ਅਰਬੀ ਭਾਸ਼ਾ ਦਾ ਸ਼ਬਦ ਹੈ। ਇਹ ਸ਼ਬਦ ਉਸ ਜ਼ਮੀਨ ਜਾਇਦਾਦ ਵਾਸਤੇ ਇਸਤੇਮਾਨ ਹੁੰਦਾ ਸੀ ਜਿਸ ਦਾ ਸਬੰਧ ਸਿੱਧਾ ਬਾਦਸ਼ਾਹ ਨਾਲ ਹੁੰਦਾ ਸੀ। ਖਾਲਸਾ ਉਸੇ ਤਰ੍ਹਾਂ ਅਕਾਲ ਪੁਰਖ ਵਾਹਿਗੁਰੂ ਦੇ ਸਿੱਧੇ ਰੂਪ ਵਿਚ ਸਬੰਧਿਤ ਹੈ, ਜੋ ਵਾਹਿਗੁਰੂ ਦੀ ਆਪਣੀ ਰਜ਼ਾ ਅਨੁਸਾਰ ਹੀ ਪ੍ਰਗਟ ਹੋਇਆ ਹੈ –

***ਖਾਲਸਾ ਅਕਾਲ ਪੁਰਖ ਕੀ ਫੌਜ॥***
***ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥***

ਖਾਲਸਾ ਖੁਦਮੁਖਤਿਆਰ ਹੈ। ਇਹ ਖੁਦਮੁਖਤਿਆਰੀ ਹਲਤ ਮੁੱਖੀ ਵੀ ਹੈ ਤੇ ਪਲਤ ਮੁਖੀ ਵੀ ਹੈ। ਖਾਲਸਾ ਪੰਥ ਦੇ ਹਰ ਮੈਂਬਰ ਦਾ ਅੰਮ੍ਰਿਤਧਾਰੀ ਹੋਣਾ ਤੇ ਆਪਣੀ ਨਿਵੇਕਲੀ ਹੋਂਦ ਨੂੰ ਬਣਾਈ ਰੱਖਣ ਲਈ ਪੰਜ ਕਕਾਰ ਬਾਣੇ ਦਾ ਧਾਰਨੀ ਹੋਣਾ ਅਤੀ ਅਵੱਸ਼ਕ ਹੈ। ਖਾਲਸਈ ਸਰੂਪ ਨੂੰ ਬਣਾਈ ਰੱਖਣ ਲਈ ਹਰ ਸਿੱਖ ਰੋਜ਼ਾਨਾ ਗੁਰੂ ਚਰਨਾਂ 'ਚ ਅਰਦਾਸ ਕਰਦਾ ਹੈ – ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, "ਖਾਲਸਈ ਸਰੂਪ ਨੂੰ ਧਾਰਨਾ ਤੇ ਇਸ ਨੂੰ ਬਣਾਈ ਰੱਖਣਾ ਗੁਰਮਤਿ ਭਗਤੀ ਲਈ ਜ਼ਰੂਰੀ ਹੈ। ਆਪਣੇ ਗੁਰੂ ਵਲੋਂ ਬਖਸ਼ਿਸ਼ ਕੀਤੇ ਪੰਜ ਕਕਾਰੀ ਬਾਣੇ ਨੂੰ ਪਿਆਰ ਕਰਨਾ ਤੇ ਇਨ੍ਹਾਂ ਦੇ ਆਦਰਸ਼ਾਂ ਅਨੁਸਾਰੀ ਜੀਵਨ ਗੁਰਮਤਿ ਭਗਤੀ ਦਾ ਅੰਗ ਹੈ। ਡਾਕਟਰ ਤਾਰਨ ਸਿੰਘ ਦੇ ਕਥਨ ਅਨੁਸਾਰ "ਗੁਰੂ ਗੋਬਿੰਦ ਸਿੰਘ ਜੀ ਦਾ ਭਗਤ ਹੀ ਕਕਾਰ ਸਾਂਭ ਕੇ ਰੱਖ ਸਕਦਾ ਹੈ' ਹਰ ਕੋਈ ਨਹੀਂ ਸਾਂਭ ਸਕਦਾ।" ਭਾਵ ਗੁਰੂ ਆਸ਼ੇ ਅਨੁਸਾਰੀ ਕਕਾਰਾਂ ਦੀ ਮਹਾਨਤਾ ਨੂੰ ਜਾਣ ਸਕਦਾ ਹੈ, ਅਜਿਹੇ ਸਿਦਕਵਾਨਾਂ ਕਕਾਰ ਭਗਤਾਂ ਨੇ ਸਿੱਖ ਇਤਿਹਾਸ ਨੂੰ ਸਿਰਜਣ ਵਿਚ ਵੱਡਮੁਲਾ ਹਿੱਸਾ ਪਾਇਆ। ਸਾਡਾ

ਸਹੀਦੀ ਇਤਿਹਾਸ ਕਕਾਰ ਭਗਤਾਂ ਦੀ ਹੀ ਬਦੌਲਤ ਹੋਂਦ ਵਿਚ ਆਇਆ ਹੈ। ਇਕ ਪਾਸੇ ਰਾਜ ਭਾਗ ਦੇ ਲਾਲਚ ਤੇ ਦੂਸਰੇ ਪਾਸੇ ਗੁਰੂ ਬਖਸ਼ਿਸ਼ ਕਕਾਰ। ਸਮੁੱਚਾ ਸਿੱਖ ਇਤਿਹਾਸ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਗੁਰਸਿੱਖਾਂ ਨੇ ਹਮੇਸ਼ਾਂ ਹੀ ਕਕਾਰਾਂ ਨੂੰ ਪਿਆਰ ਕੀਤਾ ਤੇ ਰਾਜ ਭਾਗ ਤੇ ਨਵਾਬੀਆਂ ਨੂੰ ਠੁਕਰਾਇਆ।

ਨਿਰਬਲ, ਨਿਤਾਣੀ, ਸਾਹਸੱਤਹੀਣ ਤੇ ਗੁਲਾਮੀ ਦੇ ਆਦੀ ਹੋ ਚੁੱਕੇ ਭਾਰਤੀਆਂ ਵਿਚ ਨਵੀਂ ਰੂਹ ਫੂਕਣ ਲਈ, ਅਜਿਹਾ ਪੰਜ ਕਕਾਰੀ ਬਾਣਾ ਪਹਿਨਾਉਣਾ ਜ਼ਰੂਰੀ ਸੀ। ਇਨ੍ਹਾਂ ਲੋਕਾਂ ਦੀ ਹਾਲਤ ਇੰਨੀ ਪਤਲੀ ਹੋ ਚੁੱਕੀ ਸੀ ਕਿ ਇਹ 'ਰੋਟੀ-ਬੇਟੀ' ਦੀ ਰਾਖੀ ਨਹੀਂ ਸਨ ਕਰ ਸਕਦੇ। ਵਿਸਾਖੀ ਦੇ ਕ੍ਰਿਸ਼ਮੇ ਨੇ ਹੀ ਭਾਰਤੀ ਸਮਾਜ ਵਿਚ ਇਕ ਨਵਾਂ ਵਿਸ਼ਵਾਸ ਪੈਦਾ ਕੀਤਾ ਤੇ ਨਵੇਂ ਇਨਕਲਾਬ ਨੂੰ ਜਨਮ ਦਿੱਤਾ। ਖਾਲਸਾ ਪੰਥ ਦੀ ਸਾਜਣਾ ਕਰ ਹਰ ਗੁਰਸਿੱਖ ਨੂੰ ਪੰਜ ਕਕਾਰੀ ਬਣਾ ਪਹਿਲਾਂ ਗੁਰੂ ਜੀ ਵਲੋਂ ਇਹ ਤਾੜਨਾ ਕੀਤੀ ਗਈ -

***ਨਿਸ਼ਾਨੇ ਸਿੱਖੀ ਈਂ ਪੰਜ ਹਰਫ ਕਾਫ॥***
***ਹਰਗਿਜ਼ ਨ ਬਾਸ਼ਦ ਈਂ ਪੰਜ ਮੁਆਫ॥***

ਸਿੱਖੀ ਦੀ ਨਿਸ਼ਾਨੀ ਪੰਜ ਕਕਾਰੀ ਬਾਣਾ ਹੈ, ਜੋ ਵੀ ਸਿੱਖ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਦਾ ਹੈ ਇਸ ਬਾਣੇ ਦਾ ਧਾਰਣੀ ਬਣ ਜਾਂਦਾ ਹੈ ਤੇ ਫਿਰ ਇਸ ਬਾਣੇ ਦੇ ਧਾਰਣੀ ਸਖ਼ਸ਼ ਪਾਸੋਂ ਲੋਕਾਈ ਆਸ ਕਰਦੀ ਹੈ ਕਿ ਇਹ ਜ਼ੁਲਮ-ਜ਼ਬਰ ਦੇ ਵਿਰੁੱਧ ਲੜਨ ਵਾਲਾ, ਸਦਾਚਾਰੀ ਜੀਵਨ ਜੀਉਣ ਵਾਲਾ ਤੇ ਦੁਨਿਆਵੀ ਲਾਲਚ ਤੋਂ ਉਪਰ ਉਠਿਆ ਹੋਇਆ ਹੈ। ਲੋਕਾਈ ਦੇ ਇਸ ਵਿਸ਼ਵਾਸ਼ ਨੂੰ ਬਣਾਈ ਰੱਖਣ ਲਈ ਇਸ ਬਾਣੇ ਦੇ ਧਾਰਣੀ ਦਾ ਵੀ ਪਵਿੱਤਰ ਧਰਮ ਕਰਤਵ ਬਣ ਜਾਂਦਾ ਹੈ ਕਿ ਉਸ ਦਾ ਸਿਰ ਤਾਂ ਭਾਵੇਂ ਚਲਾ ਜਾਵੇ ਪਰ ਗੁਰੂ ਤੋਂ ਬੇਮੁਖ ਨਾ ਹੋਵੇ। ਇਸ ਗੁਰਸਿੱਖੀ ਬਾਣੇ ਨੂੰ ਕਾਇਮ ਰੱਖਣ ਲਈ ਅਨੇਕਾਂ ਗੁਰੂ-ਭਗਤਾਂ ਨੇ ਆਰਿਆਂ ਨਾਲ ਤਨ ਚਰਵਾ, ਚਰਖੀਆਂ ਦੇ ਦੰਦਿਆਂ ਨਾਲ ਆਪਾ ਤੁੜਵਾ, ਰੰਬੀਆਂ ਨਾਲ ਖੋਪਰੀਆਂ ਲੁਹਾ, ਦੇਗਾਂ ਵਿਚ ਆਪਾ ਉਬਾਲ ਕੇ ਵੀ ਇਸ ਨੂੰ ਕਾਇਮ ਰੱਖਿਆ। ਇਨ੍ਹਾਂ ਗੁਰਮੁਖ ਗੁਰਸਿੱਖਾਂ ਦੀ ਜੀਵਨ ਕੁਰਬਾਨੀਆਂ ਨਾਲ ਸਿੱਖ ਇਤਿਹਾਸ ਭਰਪੂਰ ਹੈ, ਗੁਰੂ ਕਿਰਪਾ ਸਦਕਾ ਕਿਸੇ ਵੀ ਗੁਰੂ ਵਾਲੇ ਨੇ ਅੱਜ ਤਕ ਕਕਾਰਾਂ ਨੂੰ ਪਹਿਨ ਕੇ ਕਦੇ ਪਿਛੇ ਪੈਰ ਨਹੀਂ ਧਰਿਆ ਭਾਵੇਂ ਉਨ੍ਹਾਂ ਨੂੰ ਸ਼ਹਾਦਤ ਦਾ ਜਾਮ ਹੀ ਪੀਣਾ ਪਿਆ।...ਗੁਰੂ ਜੀ ਵੀ ਰਹਿਤਵਾਨ ਨੂੰ ਪਿਆਰਦੇ ਹੋਏ ਫੁਰਮਾਨ ਕਰਦੇ ਹਨ - 'ਰਹਿਣੀ ਰਹੈ ਸੋਈ ਸਿੱਖ ਮੇਰਾ।'

ਇਹ ਵੀ ਗੁਰੂ ਕਿਰਪਾ ਹੀ ਸਮਝਣੀ ਚਾਹੀਦੀ ਹੈ ਕਿ ਅੱਜ ਫੇਰ ਗੁਰਸਿੱਖੀ ਦੇ ਬਾਗ ਵਿਚ ਨਵੀਂ ਪੁੰਗਾਰ ਆਈ ਹੈ। ਜਦ ਵੀ ਸਿੱਖੀ ਦੀ ਪਰਖ ਹੋਈ ਸਿੱਖੀ ਪ੍ਰਫੁਲਤ ਹੋਈ, ਕਦੇ ਘਟੀ ਨਹੀਂ। ਇਸ ਦੇ ਵਿਨਾਸ਼ ਦੇ ਬਹੁਤ ਸਾਰੇ ਜਾਬਰਾਂ ਨੇ ਯਤਨ ਕੀਤੇ ਪਰ ਉਹ ਆਪਣਾ ਹੀ ਨਾਮੋ-ਨਿਸ਼ਾਂ ਮਿਟਾ ਕੇ ਦੁਨੀਆਂ ਤੋਂ ਕੂਚ ਕਰ ਗਏ।

ਪੰਜ ਕਕਾਰੀ ਬਾਣੇ ਦੇ ਧਾਰਨੀ ਬਣਨ ਤੇ ਰਹਿਤ ਦੀ ਪਰਪੱਕਤਾ ਲਈ ਗੁਰਮਤਿ ਸਿਧਾਂਤਾਂ ਦੀ ਜਾਣਕਾਰੀ ਤੇ ਸਪੱਸ਼ਟਤਾ ਬਹੁਤ ਜ਼ਰੂਰੀ ਹੈ। ਅਸਲ ਵਿਚ ਗੁਰਸਿੱਖੀ ਦੀ ਘਾੜਤ ਬਾਲ-ਪਨ ਤੋਂ ਹੀ ਘੜੀ ਜਾਣੀ ਚਾਹੀਦੀ ਹੈ। ਇਸ ਕਾਰਜ ਲਈ ਆਰੰਭ ਤੋਂ ਹੀ ਬੱਚਿਆਂ ਨੂੰ ਗੁਰਮਤਿ ਰਹਿਤ ਨਾਲ ਜੋੜਨਾ ਚਾਹੀਦਾ ਹੈ। ਇਸ ਕਾਰਜ ਦੀ ਸਫਲਤਾ ਲਈ ਹਰ ਗੁਰਸਿੱਖ ਪ੍ਰੇਮੀ ਨੂੰ ਵਿਅਕਤੀਗਤ ਰੂਪ ਵਿਚ ਤੇ ਹਰ ਸੰਸਥਾ ਨੂੰ ਸੰਸਥਾਗਤ ਰੂਪ ਵਿਚ ਯਤਨਸ਼ੀਲ ਹੋਣਾ ਚਾਹੀਦਾ ਹੈ ਤੇ ਵੱਧ ਤੋਂ ਵੱਧ ਆਪਣਾ ਹਿੱਸਾ ਪਾਉਣਾ ਚਾਹੀਦਾ ਹੈ।

ਸਿੱਖ ਕੌਮ ਆਰੰਭ ਤੋਂ ਹੀ ਅਤੀ ਨਾਜ਼ਕ ਦੌਰ ਵਿਚੋਂ ਗੁਜ਼ਰ ਕੇ ਵਿਕਸਤ ਹੋਈ ਹੈ। ਹਰ ਮੁਸ਼ਕਲ ਸਮੇਂ ਕੌਮੀ ਰੰਗਤ ਵਿਚ ਨਿਖਾਰ ਆਇਆ। ਇਸ ਲਈ ਸਾਨੂੰ ਆਪਣੇ ਮਨ ਨੂੰ ਬਲਵਾਨ ਬਣਾਉਮ ਲਈ ਗੁਰਬਾਣੀ ਨਾਲ ਜੁੜਨਾ, ਕੌਮੀ ਵਿਰਾਸਤ ਨੂੰ ਕਾਇਮ ਰੱਖਣ ਲਈ ਤੇ ਖਾਲਸਾ ਰਾਜ ਦੀ ਸਥਾਪਤੀ ਲਈ ਹਰ ਸਮੇਂ ਹਰ ਸਿੱਖ ਲਈ ਰਹਿਤ ਵਿਚ ਪਰਪੱਕਤਾ ਦੀ ਜ਼ਰੂਰਤ ਹੈ।

ਖਾਲਸਾ ਸਾਜਣਾ ਦਿਹਾੜੇ 'ਤੇ ਮੇਰੀ ਸਮੂੰਹ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਨੂੰ ਦਿਲ ਦੀਆਂ ਗਹਿਰਾਈਆਂ 'ਚੋਂ ਬੇਨਤੀ ਹੈ ਕਿ ਉਹ ਆਪਣੇ ਮਹਾਨ ਤੇ ਅਮੀਰ ਵਿਰਸੇ ਨੂੰ ਪਹਿਚਾਣਦੇ ਹੋਏ ਬਾਣੀ ਤੇ ਬਾਣੇ ਨਾਲ ਜੁੜਦੇ ਹੋਏ ਜਿਥੇ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਦੀਆਂ ਖੁਸ਼ੀਆਂ ਦੇ ਪਾਤਰ ਬਣਨ ਉਥੇ 'ਪੰਜ ਕਕਾਰੀ ਰਹਿਤ ਪਿਆਰੀ' ਦੇ ਧਾਰਣੀ ਬਣ ਆਪਣੀ ਨਿਵੇਕਲੀ ਹੋਂਦ ਹਸਤੀ ਦਾ ਪ੍ਰਗਟਾਅ ਵੀ ਕਰਨ।

***ਜਥੇ: ਅਵਤਾਰ ਸਿੰਘ***
***ਪ੍ਰਧਾਨ,***
***ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,***
***ਸ੍ਰੀ ਅੰਮ੍ਰਿਤਸਰ।***

# ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ
# ਮੰਡੂਕ ਉਪਨਿਸ਼ਦ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਅਧਿਆਇ ਤੀਸਰਾ

### ਸਲੋਕ ਪਹਿਲਾ

ਦੋ ਇਕੋ ਜਿਹੇ ਪੰਛੀ ਇਕ ਜੋੜਾ ਹੈ ਅਨੰਦ ਜੋੜਾ ਦਰਖਤ ਦੀ ਇਕੋ ਟਾਹਣੀ ਤੇ ਬੈਠੇ ਹਨ। ਇਕ ਤਾਂ ਸਾਰੇ ਫਲ ਖਾਂਦਾ ਹੈ, ਵੱਖ-ਵੱਖ ਸਵਾਦ ਦੇ ਫਲ ਹਨ, ਦੂਸਰਾ ਕੇਵਲ ਦੇਖਦਾ ਹੈ, ਉਹ ਖਾਂਦਾ ਨਹੀਂ।

ਇਕ ਬਹੁਤ ਹੀ ਸੋਹਣਾ ਅਲੰਕਾਰ ਲੈ ਕੇ ਇਹ ਦੱਸਿਆ ਗਿਆ ਹੈ ਕਿ ਜੀਵ ਆਤਮਾ ਵਿਚ, ਵਿਅਕਤੀਗਤ ਆਤਮਾ ਤੇ ਪ੍ਰਮਾਤਮਾ ਵਿਚ ਬ੍ਰਹਮਾ ਤੇ ਪੂਰਣ ਸੱਤ ਵਿਚ ਕੀ ਭੇਦ ਹੈ। ਇਹ ਇਸ ਤਰ੍ਹਾਂ ਦੱਸਿਆ ਗਿਆ ਹੈ ਤਾਂ ਜੋ ਜਗਿਆਸੂ ਸਮਝ ਜਾਏ, ਚੰਗੀ ਤਰ੍ਹਾਂ ਨਾਲ ਤੇ ਸੌਖੀ ਤਰ੍ਹਾਂ ਸਮਝ ਜਾਏ। ਵਾਸਤਵ ਵਿਚ ਗੁਣਾ ਕਰਕੇ ਇਹ ਇਕੋ ਹੀ ਗੱਲ ਹੈ, ਮਨੁੱਖੀ ਮਨ ਨੂੰ ਸਪਸ਼ਟੀਕਰਨ ਚਾਹੀਦਾ ਹੁੰਦਾ ਹੈ ਕਿਉਂਕਿ ਸ਼ਬਦ ਵੱਖ-ਵੱਖ ਹਨ ਜਿਸ ਕਰਕੇ ਜਗਿਆਸੂ ਉਨ੍ਹਾਂ ਦੇ ਅਰਥ ਜਾਨਣਾ ਚਾਹੁੰਦਾ ਹੈ। ਸਲੋਕ ਵਿਚ ਦੱਸਿਆ ਗਿਆ ਹੈ ਕਿ ਦੋ ਪੰਛੀ ਹਨ ਉਨ੍ਹਾਂ ਦੇ ਸੋਹਣੇ ਪੰਖ ਹਨ, ਉਨ੍ਹਾਂ ਦੀ ਆਪਸ ਵਿਚ ਬੜੀ ਦੋਸਤੀ ਹੈ ਜਿਵੇਂ ਜੋੜੇ ਹੋਣ ਤੇ ਇਕ ਦੂਸਰੇ ਤੋਂ ਅੱਡ ਨਾ ਹੋ ਸਕਦੇ ਹੋਣ। ਇਹ ਦੋਨੋਂ ਜੀਵਨ ਰੂਪੀ ਰੁਖ ਤੇ ਬੈਠੇ ਹਨ।

ਦ੍ਵੈਤਵਾਦ ਦੀ ਫਿਲੋਸਫੀ ਅਨੁਸਾਰ ਚੇਤਨ ਬਿੰਦੂ ਉਹ ਸ਼ਕਤੀ ਹੈ ਜਿਸ ਤੋਂ ਵੱਖ-ਵੱਖ ਮਾਤਰਾ ਵਿਚ ਚੇਤਨਾ ਦਾ ਪ੍ਰਵਾਹ ਹੁੰਦਾ ਹੈ। ਪਰ ਮਨੁੱਖ ਸਰੀਰ ਅਤੇ ਮਨ ਕਰਕੇ, ਬੱਧਾ ਹੋਇਆ ਹੈ ਜਿਸ ਕਰਕੇ ਉਹ ਮੋਹ ਵਿਚ ਫਸ ਜਾਂਦਾ ਹੈ ਤੇ ਉਸੇ ਪ੍ਰਭਾਵਿ ਥੱਲੇ ਕਰਮ ਕਰਦਾ ਹੈ ਉਸ ਦੇ ਹੀ ਫਲ ਭੋਗਦਾ ਹੈ। ਪ੍ਰਮਾਤਮਾ ਤਾਂ ਨਿਰੋਲ ਚੇਤਨਾ ਹੈ ਤੇ ਵਿਸ਼ਵ ਨਾਲ ਜੁੜੀ ਹੋਈ ਹੈ। ਬ੍ਰਹਮਾ ਨਾਲ ਜੁੜੀ ਹੋਈ ਹੈ। ਬ੍ਰਹਮਾ ਦੀ ਹੀ ਸ਼ਕਤੀ ਮਾਇਆ ਹੈ, ਮਨੁੱਖ ਮਾਇਆ ਨਾਲ ਜੁੜਿਆ ਹੋਇਆ ਹੈ ਪਰ ਨਿਰੋਲ ਬ੍ਰਹਮਾ ਤਾਂ ਅਵਿਦਿਆ ਰਹਿਤ ਹੈ, ਅਗਿਆਨ ਰਹਿਤ ਹੈ। ਨਿਰੋਲ ਬ੍ਰਹਮਾ ਅਨੰਤ ਹੈ, ਚਮਕਦਾਰ, ਬੁੱਧੀਮਾਨ ਤੇ ਸਰਬਤਰ ਹੈ।

ਬਹੁਤ ਸਾਰੇ ਬੁੱਧੀਜੀਵੀਆਂ ਦਾ ਵਿਚਾਰ ਹੈ ਕਿ ਜਿਹੜੇ ਦੋ ਪੰਛੀਆਂ ਬਾਰੇ ਕਿਹਾ ਗਿਆ ਹੈ ਉਹ ਮਨ ਤੇ ਜੀਵ ਆਤਮਾ ਬਾਰੇ ਹੈ। ਦੂਸਰਾ ਪੰਛੀ ਤਾਂ ਨਿਰੋਲ ਚੇਤਨਾ ਹੈ ਜਿਸ ਉਤੇ ਸੁਖ ਦੁਖ ਦਾ ਕੋਈ ਪ੍ਰਭਾਵ ਨਹੀਂ ਪੈਂਦਾ। ਵਿਅਕਤੀਗਤ ਆਤਮਾ, ਪਾਰਬ੍ਰਹਮ ਦਾ ਪ੍ਰਤੀਕ ਹੈ ਜਿਸ ਦਾ ਅਕਸ ਮਨ ਰੂਪੀ ਸਾਗਰ ਤੇ ਪੈਂਦਾ ਹੈ। ਜਿਵੇਂ ਸੂਰਜ ਤੇ ਉਸ ਦੀ ਧੁੱਪ ਸੇਕ ਇਕ ਦੂਸਰੇ ਤੋਂ ਵੱਖ ਨਹੀਂ ਕੀਤੇ ਜਾ ਸਕਦੇ ਬਿਲਕੁਲ ਇਸੇ ਪ੍ਰਕਾਰ ਹੀ ਜੀਵ ਆਤਮਾ ਪ੍ਰਮਾਤਮਾ ਇਕ ਦੂਸਰੇ ਤੋਂ ਵੱਖ ਨਹੀਂ ਕੀਤੇ ਜਾ ਸਕਦੇ। ਵਿਅਕਤੀਗਤ ਆਤਮਾ ਆਪਣੇ ਆਪ ਨੂੰ ਮਨ ਤੇ ਸਰੀਰ ਨਾਲ ਅਭੇਦ ਕਰਕੇ ਆਪਣੇ ਆਪ ਨੂੰ ਕਰਤਾ ਜਾਣਦੀ ਹੈ ਤੇ ਕਰਮ ਕਰਦੀ ਹੈ। ਇਹ ਮਨ ਦਾ ਹੀ ਪ੍ਰਭਾਵ ਹੈ ਜੋ ਕਿ ਜੀਵ ਦਾ ਇਕ ਸਾਧਨ ਹੈ ਜਿਸ ਰਾਹੀਂ ਜੀਵ ਵਿਪਰੀਤ ਮਹਿਸੂਸ ਕਰਦਾ ਹੈ ਜਿਵੇਂ ਸੁਖ, ਦੁਖ, ਮਾਨ, ਅਪਮਾਨ, ਇਨ੍ਹਾਂ ਦਾ ਅਨੁਭਵ ਕਰਦਾ ਹੈ।

ਭਗਵਤ ਗੀਤਾ ਜੋ ਕਿ ਉਪਨਿਸ਼ਦਾਂ ਤੋਂ ਲੈ ਕੇ ਰਚੀ ਗਈ ਹੈ ਉਸ ਵਿਚ ਦੱਸਿਆ ਗਿਆ ਹੈ ਕਿ ਵਿਪਰੀਤ ਉਦੋਂ ਹੀ ਮਨੁਖ ਅਨੁਭਵ ਕਰਦਾ ਹੈ ਜਦੋਂ ਇੰਦ੍ਰੀਆਂ ਰਾਹੀਂ ਉਹ ਬਾਹਰੀ ਸੰਸਾਰ ਦੀਆਂ ਵਸਤਾਂ ਨਾਲ ਉਹ ਆਪਣੇ ਆਪ ਨੂੰ ਉਲਝਾ ਲੈਂਦਾ ਹੈ। ਇਸ ਨਾਲ ਦੋ ਤਰ੍ਹਾਂ ਦਾ ਅਨੁਭਵ ਹੁੰਦਾ ਹੈ ਸੁਖ ਤੇ ਦੁਖ।

ਸਰੀਰ ਇਕ ਬਿਰਖ ਦੀ ਤਰ੍ਹਾਂ ਹੈ ਜਿਸ ਦੀਆਂ ਜੜ੍ਹਾਂ ਬ੍ਰਹਮਾ ਤੋਂ ਨਿਕਲੀਆਂ ਹਨ, ਬਿਲਕੁਲ ਉਸੇ ਪ੍ਰਕਾਰ ਜਿਵੇਂ ਸਾਰੇ ਵਿਸ਼ਵ ਦੀਆਂ ਜੜ੍ਹਾਂ ਬ੍ਰਹਮਾ ਹੈ। ਦ੍ਵੈਤ ਤੇ ਵਿਸ਼ੇਸ਼ ਅਦ੍ਵੈਤ ਵਾਲੇ ਮੰਨਦੇ ਹਨ ਕਿ ਜੀਵ ਬਿਲਕੁਲ ਵੱਖ ਹੈ ਤੇ ਕਰਮਾਂ ਦੇ ਫਲ ਭੋਗਦਾ ਹੈ ਪਰ ਅਦ੍ਵੈਤਾ ਦੇ ਦਾਰਸ਼ਨਿਕਾਂ ਅਨੁਸਾਰ ਵਿਅਕਤੀਗਤ ਆਤਮਾ ਚਿਤ, ਰੂਹ ਕਦੀ ਵੀ ਕਿਸੇ ਤਰ੍ਹਾਂ ਨਾਲ ਬਦਲ ਨਹੀਂ ਸਕਦੀ। ਸਰੀਰ ਤੇ ਮਨ ਜੋ ਮਨੁੱਖ ਉਤੇ ਰੱਖ ਦਿਤੇ ਗਏ ਹਨ ਉਹ ਦਸਦੇ ਹਨ ਕਿ ਜੀਵ ਮਨੁੱਖ ਦੀ ਆਤਮਾ ਇਕ ਵੱਖ ਰੂਪ ਹੈ ਜੋ ਕਿ ਬ੍ਰਹਮਾ ਤੋਂ ਵੱਖ ਹੈ ਤੇ ਫਰਕ ਹੈ। ਮਨ ਤੇ ਪਦਾਰਥ ਵਸਤੂ ਵੱਖ-ਵੱਖ ਅਨੁਭਵ ਹਨ ਤੇ ਵੱਖ-ਵੱਖ ਤਰ੍ਹਾਂ ਨਾਲ ਸੋਧੇ ਜਾਂਦੇ ਹਨ ਪਰ ਆਤਮਾ ਤਾਂ ਕਦੇ ਬਦਲਦੀ ਹੀ ਨਹੀਂ, ਕਿਉਂਕਿ ਇਹ ਰੂਹ ਹੈ ਇਸ ਕਰਕੇ ਇਸ ਕਰਕੇ ਇਸ ਨੂੰ ਸੋਧਿਆ ਵੀ ਨਹੀਂ ਜਾ ਸਕਦਾ। ਇਹ ਸਾਕਸ਼ੀ ਹੈ ਪਰ ਇਸ ਉਤੇ ਕਿਸੇ ਚੀਜ਼ ਦਾ ਪ੍ਰਭਾਵ ਨਹੀਂ

ਪੈਂਦਾ, ਨਾ ਮਨ ਦਾ ਨਾ ਕਿਸੇ ਸੋਧ ਦਾ।

ਕੇਵਲ ਬ੍ਰਹਮਾ ਦਾ ਗਿਆਨ ਹੀ ਪਰਾਵਿਦਿਆ ਹੀ ਜਗਿਆਸੂ ਨੂੰ ਪਰਮ ਸਤਿ ਤਕ ਪਹੁੰਚਾ ਸਕਦੀ ਹੈ। ਇਸ ਗਿਆਨ ਨਾਲ ਵਹਿਮਾਂ ਦਾ, ਭਰਮਾਂ ਦਾ ਨਾਸ਼ ਹੋ ਜਾਂਦਾ ਹੈ। ਦੇਹ ਅਭਾਸ ਖਤਮ ਹੋ ਜਾਂਦਾ ਹੈ, ਸਤਿ ਤੇ ਪਏ ਪੜਦੇ ਖੁਲ੍ਹ ਜਾਂਦੇ ਹਨ, ਪ੍ਰੈਕਟੀਕਲ ਅਭਿਆਸ ਨਾਲ ਜਿਵੇਂ ਪਿਛਲੇ ਸਲੋਕ ਵਿਚ ਦਸਿਆ ਹੈ, ਬੜੇ ਹੀ ਸੋਹਣੇ ਤਰੀਕੇ ਨਾਲ ਤੀਰ ਕਮਾਨ ਤੇ ਤੀਰ ਦਾ ਅਲੰਕਾਰ ਦੇ ਕੇ ਸਮਝਾਇਆ ਗਿਆ ਹੈ। ਇਸ ਅਧਿਆਇ ਵਿਚ ਅਧਿਆਤਮਕ ਅਨੁਸਾਸ਼ਨ ਬਾਰੇ ਦਸਿਆ ਗਿਆ ਹੈ ਜਿਵੇਂ ਕਿ ਸੱਚ ਬੋਲਣਾ, ਮੈਡੀਟੇਸ਼ਨ ਕਰਨੀ, ਮਨ ਇਕਾਗਰ ਕਰਨਾ, ਆਤਮਾ ਤੇ ਧਿਆਨ ਲਗਾਉਣਾ, ਨਿਰਲੇਪ ਹੋ ਕੇ ਕਾਰਜ ਕਰਨੇ।

ਜਗਿਆਸੂ ਇਸ ਤਰ੍ਹਾਂ ਕਰਕੇ ਕਸ਼ਟਾਂ ਤੋਂ ਛੁਟਕਾਰਾ ਪਾ ਲੈਂਦਾ ਹੈ, ਜਿਹੜੇ ਦੁਖ ਆਤਮਾ ਨੂੰ ਮਹਿਸੂਸ ਹੁੰਦੇ ਹਨ ਉਨ੍ਹਾਂ ਤੋਂ ਛੁਟ ਜਾਂਦਾ ਹੈ। ਵਿਅਕਤੀਗਤ ਆਤਮਾ ਤੋਂ ਭਾਵ ਹੈ ਰੂਹ, ਆਤਮਾ ਉਹ ਆਤਮਾ ਜਿਹੜੀ ਅਚੇਤ ਮਨ ਨੂੰ ਚਲਾ ਰਹੀ ਹੈ ਅਚੇਤ ਮਨ ਜਿਸ ਵਿਚ ਸਾਰੇ ਸੰਸਕਾਰ ਹਨ, ਸੋਚਾਂ ਹਨ, ਇਛਾਵਾਂ ਤੇ ਸੰਵੇਗ ਹਨ। ਜਦੋਂ ਤਕ ਵਿਅਕਤੀਗਤ ਰੂਹ ਨਿਰੋਲ ਆਤਮਾ ਅਚੇਤ ਮਨ ਦੀ ਵਰਤੋਂ ਕਰ ਰਹੀ ਹੈ ਠੀਕ ਹੈ, ਉਸ ਨੂੰ ਜੀਵ ਆਤਮਾ ਕਹਿੰਦੇ ਹਨ। ਅਸੀਂ ਇਸ ਨੂੰ ਇਸ ਤਰ੍ਹਾਂ ਨਾਲ ਵੀ ਕਹਿ ਸਕਦੇ ਹਾਂ ਜਦੋਂ ਜਗਿਆਸੂ ਮਨੁਖ ਦੀ ਰੂਹ ਨੂੰ ਅਚੇਤ ਮਨ ਦਾ ਇਕ ਰਥਵਾਨ ਦੇਖਦਾ ਹੈ ਉਦੋਂ ਉਸ ਨੂੰ ਜੀਵ ਆਤਮਾ ਕਿਹਾ ਜਾਂਦਾ ਹੈ। ਜਦੋਂ ਜਗਿਆਸੂ ਨਿਰੋਲ ਚੇਤਨਾ ਨੂੰ ਰਥਵਾਨ ਤੋਂ ਬਿਨਾਂ ਕਿਸੇ ਬਾਹਰੀ ਆਰੋਪਣ ਤੋਂ ਬਿਨਾਂ ਦੇਖਦਾ ਹੈ ਉਹ ਅਚੇਤ ਮਨ ਵੀ ਦੇਖਦਾ ਹੈ ਉਦੋਂ ਉਹ ਉਸ ਵਿਚ ਨਿਰੋਲ ਆਤਮਾ ਦੇਖਦਾ ਹੈ। ਹੋਰ ਕੋਈ ਵੀ ਬਾਹਰੀ ਪ੍ਰਭਾਵ ਉਦੋਂ ਖਤਮ ਹੋ ਜਾਂਦਾ ਹੈ ਜਗਿਆਸੂ ਆਤਮਾ ਨਾਲ ਇਕ ਹੋ ਜਾਂਦਾ ਹੈ ਉਦੋਂ ਕੋਈ ਹੋਰ ਹੁੰਦਾ ਹੀ ਨਹੀਂ।

## ਸਲੋਕ ਦੂਸਰਾ

ਇਕ ਬਿਰਖ ਤੇ ਬੈਠਾ ਮਨੁੱਖ ਭਰਮਿਆ ਪਿਆ ਹੈ ਚਿੰਤਾਵਾਂ ਤੇ ਮਜਬੂਰੀਆਂ ਵਿਚ ਉਲਝਿਆ ਪਿਆ ਹੈ। ਜਦੋਂ ਹੀ ਇਸ ਨੂੰ ਦੂਸਰੇ ਪੰਛੀ ਦੀ ਸ਼ਾਨ ਤੇ ਵਡਿਆਈ ਪਤਾ ਲਗਦੀ ਹੈ ਉਦੋਂ ਹੀ ਇਸ ਨੂੰ ਦੁਖ ਸੰਤਾਪ ਤੋਂ ਛੁਟਕਾਰਾ ਮਿਲ ਜਾਂਦਾ ਹੈ।

ਦੂਸਰੇ ਸਲੋਕ ਵਿਚ ਜਗਿਆਸੂ ਨੂੰ ਇਹ ਸਪਸ਼ਟ ਹੋ ਜਾਂਦਾ ਹੈ ਕਿ ਦੋ ਸੋਹਣੇ ਖੰਭਾਂ ਵਾਲੇ ਪੰਛੀ ਵਿਅਕਤੀਗਤ ਆਤਮਾ ਤੇ ਨਿਰੋਲ ਚੇਤਨਾ ਹੀ ਹੈ ਬਿਨਾਂ ਕਿਸੇ ਆਰੋਪਣ ਦੇ। ਬਿਨਾਂ ਬ੍ਰਹਮਗਿਆਨ ਦੇ ਦੋ ਭਾਵਨਾਵਾਂ ਪ੍ਰਬਲ ਹਨ, ਮਨੁੱਖ ਦੀ ਆਤਮਾ ਪਰੇਸ਼ਾਨ ਹੈ ਕਿਉਂਕਿ ਉਹ ਲਾਚਾਰ ਹੈ, ਭਾਵੇਂ ਉਹ ਲਾਚਾਰੀ ਆਪਣੀ ਹੀ ਬਣਾਈ ਹੋਈ ਹੈ ਕਿਉਂਕਿ ਉਸ ਨੇ ਆਪਣੇ ਆਪ ਨੂੰ ਮਨ ਦੀ ਸਮਰੂਪਤਾ ਤੇ ਹੋਰ ਵਸਤੂਆਂ ਨਾਲ ਜੋੜ ਲਿਆ ਹੈ ਜਿਹੜੇ ਹਰ ਸਮੇਂ ਬਦਲਦੇ ਰਹਿੰਦੇ ਹਨ ਤੇ ਨਾਸ਼ ਹੁੰਦੇ ਰਹਿੰਦੇ ਹਨ।

ਅਗਿਆਨ ਦੇ ਭਾਰ ਥੱਲੇ ਉਹ ਵੀ ਆਪਣਾ ਹੀ ਬਣਾਇਆ ਅਗਿਆਨ, ਇਛਾਵਾਂ, ਕਰਮ ਤੇ ਕਰਮਾਂ ਦੇ ਫਲਾਂ ਨੂੰ ਮਾਨਣ ਦੀ ਚਾਹ, ਮਨੁੱਖ ਦੀ ਆਤਮਾ ਡੁੱਬੀ ਰਹਿੰਦੀ ਹੈ। ਸੰਸਕਾਰਾਂ ਦੇ ਸਾਗਰ ਵਿਚ ਡੁੱਬੀ ਰਹਿੰਦੀ ਹੈ। ਇਹ ਸੋਚੋ ਕਿ ਜੇ ਇਕ ਤਾਰੂ ਜਦੋਂ ਹੱਥ ਮਾਰ ਕੇ ਪਾਣੀ ਆਪਣੇ ਤੋਂ ਪਰ੍ਹੇ ਕਰਦਾ ਹੈ ਜੇ ਉਹ ਪਰ੍ਹੇ ਕਰਨ ਦੀ ਥਾਂ ਆਪਣੇ ਵਲ ਕਰ ਲਵੇ ਤਾਂ ਸ਼ਰਤੀਆ ਉਹ ਡੁਬੇਗਾ ਹੀ। ਜਦੋਂ ਤਕ ਮਨੁੱਖ ਦੀ ਆਤਮਾ ਨੂੰ ਇਹ ਗਿਆਨ ਨਹੀਂ ਹੋ ਜਾਂਦਾ ਕਿ ਤਿਆਗ ਕਿਵੇਂ ਕੀਤਾ ਜਾਵੇ। ਹਰ ਤਰ੍ਹਾਂ ਦੀਆਂ ਬੇੜੀਆਂ ਕਿਵੇਂ ਤੋੜੀਆਂ ਜਾਣ, ਜਦੋਂ ਤਕ ਤਿਆਗ ਕਰਕੇ ਅਨੰਦ ਨਹੀਂ ਲੈਣਾ ਆਉਂਦਾ, ਮਨੁੱਖ ਭਰਮ ਦੇ ਚਿੱਕੜ ਤੋਂ, ਦਲ ਦਲ ਤੋਂ ਨਹੀਂ ਨਿਕਲ ਸਕਦਾ। ਚਿੱਕੜ ਦਾ ਉਹ ਦਲ-ਦਲ ਜਿਹੜਾ ਉਸ ਦੇ ਸੰਸਕਾਰਾਂ ਦਾ ਬਣਿਆ ਹੋਇਆ ਹੈ।

ਜਦੋਂ ਜਗਿਆਸੂ ਜਾਂ ਉਹ ਹੀ ਤੈਰਨ ਵਾਲਾ ਤਿਆਗ ਦੀ ਤਕਨੀਕ ਜਾਣ ਲੈਂਦਾ ਹੈ ਉਸ ਨੂੰ ਵੈਰਾਗ ਹੋ ਜਾਂਦਾ ਹੈ ਉਹ ਆਪਣੀਆਂ ਬੇੜੀਆਂ ਤੋੜ ਲੈਂਦਾ ਹੈ ਜਿਹੜੀਆਂ ਉਸ ਨੇ ਆਪ ਹੀ ਬਣਾਈਆਂ ਸੀ। ਝੂਠੀ ਸਮਰੂਪਤਾ ਸ਼ਖਸ਼ੀਅਤ ਨੂੰ ਬਦਲ ਦਿੰਦੀ ਹੈ। ਅੰਗ੍ਰੇਜ਼ੀ ਦੇ personality ਸ਼ਬਦ ਯੂਨਾਨੀ personal ਸ਼ਬਦ ਤੋਂ ਆਇਆ ਹੈ ਜਿਸ ਦਾ ਅਰਥ ਹੈ ਮਖੌਟਾ ਜਿਹੜਾ ਕਿ ਡਰਾਮਾ ਕਰਨ ਲੱਗਿਆਂ ਕੋਈ ਵੀ ਐਕਟਰ ਪਾ ਲੈਂਦਾ ਹੈ ਜਿਹੜਾ ਵੀ ਉਸ ਦੇ ਪਾਰਟ ਦੇ ਅਨੁਸਾਰ ਹੋਵੇ। ਇਨ੍ਹਾਂ ਮਖੌਟਿਆਂ ਨੂੰ ਪਾ ਕੇ ਵੱਖ-ਵੱਖ ਰੋਲ ਕੀਤੇ ਜਾਂਦੇ ਹਨ ਤੇ ਵੱਖ-ਵੱਖ ਵਿਅਕਤੀਤਵ ਬਣਦੇ ਹਨ। ਵਿਅਕਤੀਗਤ ਆਤਮਾ ਵੀ ਖਾਸ ਤਰ੍ਹਾਂ ਦਾ ਮਖੌਟਾ ਪਾ ਕੇ ਵੱਖ-ਵੱਖ ਰੋਲ ਕਰਦੇ ਹਨ, ਪਿਤਾ, ਪੁੱਤਰ, ਪਤੀ, ਪਤਨੀ, ਹੋਰ ਸਾਰੇ ਹਰ ਇਕ ਰੋਲ ਨਾਲ ਇਕ ਨਵਾਂ ਵਿਅਕਤੀਤਵ ਬਣਦਾ ਹੈ ਤੇ ਨਵਾਂ ਹੀ ਮੋਹ ਪੈਂਦਾ ਹੈ। ਇਸ ਤਰ੍ਹਾਂ ਨਾਲ ਉਸ ਦੀ ਇਕ ਸਖਸ਼ੀਅਤ ਇਕ ਆਪਾ ਬਣ ਜਾਂਦਾ ਹੈ ਤੇ ਉਹ ਆਪਣਾ ਅਸਲੀ ਸਰੂਪ ਭੁੱਲ ਹੀ ਜਾਂਦਾ ਹੈ। ਇਸ ਤੋਂ ਬਾਅਦ ਫੇਰ ਉਸ ਨੂੰ ਵਿਪਰੀਤ ਮਹਿਸੂਸ ਹੋਣ ਲਗ ਪੈਂਦੇ ਹਨ, ਦੁਖ, ਸੁਖ, ਦਰਦ, ਅਨੰਦ ਇਸੇ ਸਖਸ਼ੀਅਤ ਕਾਰਨ ਉਸ ਨੂੰ ਜੰਮਣ ਤੇ ਮਰਨ ਦਾ ਦੁਖ ਹੈ। ਜਦੋਂ ਅਧਿਆਤਮਕ

ਅਨੁਸਾਸ਼ਨ ਨਾਲ ਇਹ ਜਾਣ ਜਾਂਦਾ ਹੈ ਕਿ ਸੰਸਾਰ ਦੇ ਸਾਰੇ ਰਿਸ਼ਤੇ ਆਪਣੇ ਬਣਾਏ ਹੋਏ ਹਨ, ਵਾਸਤਵ ਵਿਚ ਉਹ ਕੇਵਲ ਆਤਮਾ ਹੈ ਉਸ ਦਾ ਸੁਭਾਅ ਆਤਮਾ ਹੈ, ਉਹ ਮੁਕਤ ਹੋ ਜਾਂਦਾ ਹੈ।

ਮਨੁੱਖ ਦੀ ਆਤਮਾ ਆਪਣੇ ਆਪ ਲਈ ਇਕ ਵਾਵਰੋਲਾ ਬਣਾ ਲੈਂਦੀ ਹੈ। ਅਨੇਕਾਂ ਬਖੇੜੇ, ਅਨੇਕਾਂ ਉਲਝਣਾਂ ਪੈਦਾ ਕਰ ਲੈਂਦਾ ਹੈ ਜਿਨ੍ਹਾਂ ਦੀ ਜੜ੍ਹ ਕੇਵਲ ਅਗਿਆਨ ਹੀ ਹੈ। ਇਸ ਤਰ੍ਹਾਂ ਕਰਨ ਨਾਲ ਮਨੁੱਖ ਲਾਚਾਰ ਤੇ ਨਿਤਾਣਾ ਮਹਿਸੂਸ ਕਰਦਾ ਹੈ, ਆਤਮ ਵਿਸ਼ਵਾਸ਼ ਜਾਂਦਾ ਰਹਿੰਦਾ ਹੈ ਭਾਵੇਂ ਉਸ ਕੋਲ ਸਭ ਕੁਝ ਹੈ, ਸਾਰਾ ਤਾਣ ਹੈ ਸਭ ਕੁਝ ਹੁੰਦਿਆਂ ਉਹ ਕਮਜ਼ੋਰ ਤੇ ਨਿਤਾਣਾ ਮਹਿਸੂਸ ਕਰਦਾ ਹੈ ਤੇ ਉਸ ਦੇ ਅੰਦਰ ਆਤਮ ਨਿਖੇਦੀ ਦੇ ਵਿਚਾਰ ਪੈਦਾ ਹੁੰਦੇ ਹਨ। ਜਦੋਂ ਜਗਿਆਸੂ ਜੀਵਨ ਨੂੰ ਦੇਖ ਕੇ ਉਸ ਦਾ ਵਿਸ਼ਲੇਸ਼ਨ ਕਰਦਾ ਹੈ, ਉਸ ਨੂੰ ਜਾਂਚਦਾ ਹੈ ਸਾਰੇ ਜੀਵਨ ਦੀ ਫਿਲੌਸਫੀ ਨੂੰ ਦੇਖਦਾ ਹੈ, ਉਹ ਜਾਣ ਜਾਂਦਾ ਹੈ ਕਿ ਉਸ ਦੇ ਦੁੱਖਾਂ ਦਾ ਕਾਰਣ ਤਾਂ ਕੇਵਲ ਮਾਇਆ ਹੀ ਹੈ ਤੇ ਉਹ ਮਾਇਆ ਕਾਰਣ ਹੀ ਸਭ ਕੁਝ ਭੁੱਲ ਗਿਆ ਹੈ ਉਸ ਉਤੇ ਹੀ ਮਾਇਆ ਪਈ ਹੋਈ ਹੈ ਤੇ ਉਹ ਆਪਣੇ ਆਪ ਨੂੰ ਕੇਵਲ ਸਰੀਰ ਹੀ ਸਮਝ ਰਿਹਾ ਹੈ।

ਜਦੋਂ ਜਗਿਆਸੂ ਸੰਸਾਰਕ ਚੀਜ਼ਾਂ, ਸੰਸਾਰਕ ਗੱਲਾਂ ਛੱਡ ਕੇ ਆਤਮਾ ਮਾਰਗ ਤੇ ਚੱਲਣ ਦੀ ਤਾਂਘ ਪੈਦਾ ਕਰ ਲੈਂਦਾ ਹੈ ਜਾਂ ਕਹਿ ਲਓ ਪ੍ਰਭੂ ਕ੍ਰਿਪਾ ਨਾਲ ਇਹ ਤਾਂਘ ਪੈਦਾ ਹੋ ਜਾਂਦੀ ਹੈ। ਜਦੋਂ ਜਗਿਆਸੂ ਅਨੁਸਾਸ਼ਨ ਨਾਲ ਰਹਿਣ ਲਗ ਪੈਂਦਾ ਹੈ ਜਿਵੇਂ ਅਹਿੰਸਾ ਦਾ ਵਿਵਹਾਰ ਕਰਦਾ ਹੈ, ਸਚਾਈ ਤੇ ਚਲਦਾ ਹੈ, ਸੰਜਮ ਜਤ ਸਤ ਨਾਲ ਰਹਿੰਦਾ ਹੈ ਜਿਵੇਂ ਕਿ ਪੰਤਾਜਲ ਜੋ ਕਿ ਯੋਗ ਵਿਗਿਆਨ ਨੂੰ ਨਿਮਯਬੱਧ ਕਰਨ ਵਾਲੇ ਹਨ ਫੇਰ ਜਗਿਆਸੂ ਵਿਚ ਇਕ ਨਵੀਂ ਲਹਿਰ ਆ ਜਾਂਦੀ ਹੈ ਉਹ ਪੂਰਨ ਸ੍ਵੈ ਕਾਬੂ ਪ੍ਰਾਪਤ ਕਰ ਲੈਂਦਾ ਹੈ ਤੇ ਸ਼ਾਂਤ ਮਨ ਹੋ ਜਾਂਦਾ ਹੈ ਉਹ ਮੈਡੀਟੇਸ਼ਨ ਕਰਨ ਲਗ ਪੈਂਦਾ ਹੈ ਧਿਆਨ ਲਗਾਉਣ ਲਗ ਪੈਂਦਾ ਹੈ। ਅੰਤਰ ਆਤਮਾ ਫੇਰ ਬਾਹਰ ਦੇ ਸੰਸਾਰਕ ਝਮੇਲਿਆਂ ਤੋਂ ਪ੍ਰਭਾਵਿਤ ਨਹੀਂ ਹੁੰਦਾ, ਨਾ ਦੁਖੀ ਹੁੰਦੀ ਹੈ ਨਾ ਖੁਸ਼, ਨਾ ਭੁੱਖ ਨਾ ਪਿਆਸ ਅਫਸੋਸ ਨਹੀਂ, ਖੁਸ਼ੀ ਨਹੀਂ ਜਨਮ ਮਰਨ ਦੀ ਕੋਈ ਚਿੰਤਾ ਨਹੀਂ। ਇਹ ਸਾਰੇ ਬਦਲਾਵ ਸਰੀਰ ਵਿਚ ਡੂੰਘੇ ਰਚੇ ਹੁੰਦੇ ਹਨ, ਪਰ ਆਤਮਾ ਦੇ ਨਹੀਂ ਹੁੰਦੇ। ਜਦੋਂ ਜਗਿਆਸੂ ਅੰਤਰਮੁਖ ਹੋ ਕੇ ਦੇਖਦਾ ਹੈ ਉਹ ਉਸ ਪੰਛੀ ਨੂੰ ਜਾਣ ਲੈਂਦਾ ਹੈ ਜਿਹੜਾ ਦੇਖ ਰਿਹਾ ਹੈ। ਜਗਿਆਸੂ ਫੇਰ ਜਾਣ ਜਾਂਦਾ ਹੈ ਕਿ ਆਪਣੇ ਦੁਖਾਂ ਸੰਤਾਪਾਂ ਦਾ ਕਾਰਣ ਉਹ ਆਪ ਹੀ ਹੈ ਹੋਰ ਕੋਈ ਨਹੀਂ। ਉਹ ਇਹ ਵੀ ਜਾਣ ਲੈਂਦਾ ਹੈ ਕਿ ਉਸ ਨੇ ਆਪ ਹੀ ਇਹ ਅਗਿਆਨ ਦੀਆਂ ਬੇੜੀਆਂ ਤੋੜਨੀਆਂ ਹਨ ਤੇ ਆਪ ਹੀ ਉਸ ਨੇ ਇਨ੍ਹਾਂ ਤੋਂ ਮੁਕਤੀ ਪਾਉਣੀ ਹੈ ਤੇ ਉਹ ਪੰਛੀ ਬਣਨਾ ਹੈ ਜਿਹੜਾ ਸਰੀਰ ਵਿਚ ਰਹਿੰਦਿਆਂ ਪੂਰੀ ਤਰ੍ਹਾਂ ਨਾਲ ਸੁਤੰਤਰ ਹੈ।

## ਸਲੋਕ ਤੀਸਰਾ

ਜਦੋਂ ਜਗਿਆਸੂ ਨੂੰ ਪਰਮਚੇਤਨਾ ਪੁਰਖ ਦੀ ਪ੍ਰਾਪਤੀ ਹੋ ਜਾਂਦੀ ਹੈ ਉਹ ਚੇਤਨਾ ਜਿਹੜੀ ਚਮਕੀਲੀ ਹੈ, ਤੇਜਮਈ ਹੈ, ਸਾਰੇ ਕਾਰਜਾਂ ਦੀ ਕਰਮਾਂ ਦੀ ਸ਼ਕਤੀ ਹੈ, ਜੋ ਬ੍ਰਹਮਾ ਹੈ ਗਿਆਨ ਦਾ ਸਰੋਤ ਹੈ ਇਸ ਤੋਂ ਬਾਅਦ ਜਗਿਆਸੂ ਦੇ ਸਾਰੇ ਸੰਸਕਾਰ, ਚੰਗੇ ਤੇ ਮੰਦੇ ਸਭ ਸ਼ੁੱਧ ਹੋ ਜਾਂਦੇ ਹਨ ਤੇ ਸਮਚਿਤ ਹੋ ਜਾਂਦੇ ਹਨ।

ਤੀਸਰੇ ਸਲੋਕ ਵਿਚ ਦੱਸਿਆ ਹੈ ਜਦੋਂ ਸ਼ਿਸ਼ ਸਿਮਰਨ ਕਰਨਾ ਸਿੱਖ ਲੈਂਦਾ ਹੈ ਮੈਡੀਟੇਸ਼ਨ ਕਰਨ ਲਗ ਪੈਂਦਾ ਹੈ, ਉਹ ਸੁਨਿਹਰੀ ਰੰਗ ਦੇਖਣ ਲਗ ਜਾਵੇ ਭਾਵ ਉਸ ਨੂੰ ਸੁਨਿਹਰੀ ਭਾਹ ਪੈਣ ਲਗ ਜਾਵੇ ਫੇਰ ਸਮਝੋ ਕਿ ਉਸਨੂੰ ਬ੍ਰਹਮਾ ਦੀ ਸ਼ਾਨਦਾਰ ਖੁਸ਼ੀ ਪ੍ਰਾਪਤ ਹੋ ਗਈ ਹੈ। ਅਜਰ, ਅਮਰ, ਅਟੱਲ, ਬ੍ਰਹਮਾ ਦ੍ਵੈਤ ਤੋਂ ਸੁਤੰਤਰਤਾ ਦਾ ਭਾਵ ਹੈ ਕਿ ਤੁਸੀਂ ਆਤਮ ਸਿੱਧੀ ਕਰ ਲਈ। ਬ੍ਰਹਮਾ ਦੀ ਪ੍ਰਾਪਤੀ ਕਰ ਲਈ। ਜਗਿਆਸੂ ਨੂੰ ਚਾਹੀਦਾ ਹੈ ਕਿ ਆਤਮ ਮਾਰਗ ਤੇ ਦ੍ਰਿੜ੍ਹ ਹੋ ਕੇ ਚੱਲੇ ਤੇ ਮਨ ਵਿਚ ਖਿੱਚ, ਲੋਚਾ ਪੈਦਾ ਕਰੇ, ਸੰਸਾਰਕ ਇਛਾਵਾਂ ਛੱਡ ਕੇ ਸੰਸਾਰ ਖੁਸ਼ੀਆਂ ਦੀ ਲੋਚਾ ਛੱਡ ਕੇ ਉਸ ਇਕ ਦੀ ਲੋਚਾ ਰੱਖੇ ਤੇ ਉਸ ਸਤਿ ਨੂੰ ਪ੍ਰਾਪਤ ਕਰਕੇ ਸੁਤੰਤਰਤਾ ਪ੍ਰਾਪਤ ਕਰੇ। ਇਸ ਸਤਿ ਦੀ ਪਰਾਪਤੀ ਹੁਣੇ ਇਸੇ ਜੀਵਨ ਵਿਚ ਹੋ ਸਕਦੀ ਹੈ। ਕਮਾਲ ਹੈ ਐਸੇ ਉਪਨਿਸ਼ਦਾਂ ਦੇ ਗਿਆਨ ਦਾ ਜਿਹੜਾ ਕਮਜ਼ੋਰ ਢੱਠੇ ਹੋਏ ਨੂੰ ਵੀ ਖੜ੍ਹਾ ਕਰਕੇ ਆਤਮ ਸਿੱਧੀ ਪ੍ਰਾਪਤ ਕਰਾ ਸਕਦਾ ਹੈ। ਆਤਮ ਸਿੱਧੀ ਪ੍ਰਾਪਤ ਕਰਕੇ ਜਗਿਆਸੂ ਨੂੰ ਸੰਸਾਰ ਵਿਚ ਵੀ ਰਹਿਣ ਦੀ ਜਾਚ ਆ ਜਾਂਦੀ ਹੈ, ਅੰਤਰ ਤੋਂ ਸਦਾ ਹੈ ਉਸ ਬ੍ਰਹਮਾ ਨਾਲ ਜੁੜੇ ਰਹਿਣ ਦੀ ਵੀ ਜਾਚ ਆ ਜਾਂਦੀ ਹੈ, ਕਿਉਂਕਿ ਉਹ ਅੰਦਰੋਂ ਸੰਸਾਰ ਤਿਆਗ ਚੁੱਕਾ ਹੈ।

## ਸਲੋਕ ਚੌਥਾ

ਇਸ ਸਤਿ ਨੂੰ ਜਾਣਦੇ ਹੋਏ ਕਿ ਹਰ ਚੇਤਨ ਵਸਤ ਵਿਚ ਪ੍ਰਾਣਾਂ ਦੀ ਹੀ ਚਮਕ ਦਮਕ ਹੈ ਇਹ ਆਤਮ ਸਿੱਧ ਯੋਗੀ ਕਦੀ ਵੀ ਸਿਧਾਂਤਮਈ ਵਿਦਵਤਾ ਭਰਪੂਰ ਵਾਦ ਵਿਵਾਦ ਵਿਚ ਨਹੀਂ ਪੈਂਦਾ। ਉਹ ਤਾਂ ਆਤਮਾ ਵਿਚ ਹੀ ਵਸਦਾ ਰਹਿੰਦਾ ਹੈ, ਮੈਡੀਟੇਸ਼ਨ ਵਿਚ ਮਗਨ ਰਹਿੰਦਾ ਹੈ ਤੇ ਉਸ ਨੂੰ ਉਹ ਪਰਮ ਸਥਾਨ ਪ੍ਰਾਪਤ ਹੈ ਜਿਹੜਾ ਕਿਸੇ ਬ੍ਰਹਮਗਿਆਨੀ ਨੂੰ ਹੈ।

ਇਸ ਸਲੋਕ ਵਿਚ ਪ੍ਰਾਣ ਸ਼ਬਦ ਜੀਵਨ ਦੇ ਪਹਿਲੇ ਪੜਾਅ ਲਈ ਵਰਤਿਆ ਗਿਆ ਹੈ ਜੋ ਕਿ ਅਨੰਤ ਲਹਿਰ ਹੈ ਤੇ ਜਿਹੜੀ ਅਨੰਦ ਦੇ ਸਾਗਰ ਤੋਂ ਉਤਪੰਨ ਹੋਈ ਹੈ। ਇਸ ਨੂੰ ਉਤਮ ਪੁਰਖ ਵੀ ਕਿਹਾ ਜਾ ਸਕਦਾ ਹੈ, ਇਹ ਉਹ ਪਹਿਲੀ ਲਹਿਰ ਹੈ ਜਿਹੜੀ ਉਹ ਚੂਣ ਹੈ ਜਿਸ ਤੋਂ ਅਨੇਕਾਂ ਹੀ ਬੁਲਬੁਲੇ ਉਠਦੇ ਹਨ ਜਿਵੇਂ ਮਨ, ਅਨੇਕਾਂ ਸੋਧਾ ਇੰਦ੍ਰੀਆਂ ਤੇ ਸਰੀਰ ਦੇ ਕਿੰਨੇ ਹੀ ਤੱਤ। ਇਥੇ ਪ੍ਰਾਨਾਂ ਤੋਂ  ਭਾਵ ਸ੍ਵਾਸ ਨਹੀਂ ਅੰਦਰ ਜਾਂਦੇ ਤੇ ਬਾਹਰ ਆਉਂਦੇ, ਸ੍ਵਾਸ ਨਹੀਂ ਜਿਹੜੇ ਪਹਿਰੇਦਾਰ ਹਨ। ਪਹੁੰਚਿਆ ਹੋਇਆ ਸ਼ਿਸ਼ ਜਾਣਦਾ ਹੈ, ਜਿਸ ਨੇ ਉਪਨਿਸ਼ਦਾਂ ਦਾ ਵਿਗਿਆਨ ਪੜ੍ਹਿਆ ਤੇ ਜਾਣਿਆ ਹੈ ਸ੍ਵਾਸ ਇਕ ਘੋੜੇ ਦੀ ਤਰ੍ਹਾਂ ਹਨ ਤੇ ਉਸ ਦੀ ਸਵਾਰੀ ਕਰਦੇ ਹਨ ਪ੍ਰਾਣ ਇਕ ਕੇਵਲ ਇਕ ਸਵਾਰੀ ਹੈ ਤੇ ਦੂਸਰਾ ਸਵਾਰ।

ਪ੍ਰਾਣਾਯਾਮ ਉਹ ਵਿਗਿਆਨ ਹੈ ਜਿਸ ਨੂੰ ਸਿੱਖ ਕੇ ਕਰਕੇ ਇਹ ਗਿਆਨ ਹੋ ਜਾਂਦਾ ਹੈ ਕਿ ਜੀਵਨ ਦੀ ਹਰ ਉਭਾਰ ਦੇ ਧੁਰ ਅੰਦਰ ਦੀ ਲਹਿਰ ਹੈ ਤੇ ਉਹ ਲਹਿਰ ਹੈ ਪ੍ਰਾਣ, ਇਹ ਸਿਥਲ ਨਹੀਂ ਇਹ ਜੜ੍ਹ ਨਹੀਂ ਇਹ ਤਾਂ ਚੇਤਨ ਬਿੰਦੂ ਹੈ, ਅੰਤਰ ਵਸਦਾ ਚੇਤਨ ਬਿੰਦੂ, ਸਭ ਤੋਂ ਪਹਿਲਾਂ ਹੋਂਦ ਵਿਚ ਆਉਣ ਵਾਲਾ ਹਿਰਦੇ ਦੀ ਗੁਫਾ ਵਿਚ ਵਸਦਾ ਜਿਵੇਂ ਕਿ ਅਸੀਂ ਪਹਿਲਾਂ ਉਪਰ ਦਸ ਆਏ ਹਾਂ।

ਸਾਧਨਾ ਦੇ ਤਿੰਨ ਮਾਰਗ ਹਨ ਪਹਿਲੀ ਹੈ ਮਨ ਨਾਲ ਸਾਧਨਾ, ਬੁੱਧੀ ਨਾਲ, ਸੰਵੇਗ ਨਾਲ, ਇਹ ਭਗਤੀ ਦਾ ਮਾਰਗ ਹੈ ਗਿਆਨ ਦਾ ਮਾਰਗ ਹੈ ਦੂਸਰਾ ਹੈ ਬ੍ਰਹਮਚਾਰੀ ਸਾਧਨਾ ਜਿਸ ਤੋਂ ਭਾਵ ਹੈ ਦ੍ਰਿੜ੍ਹ ਸਦਾਚਾਰ ਰੱਖ ਕੇ ਤਪਸਿਆ ਕਰਨੀ। ਇੰਦ੍ਰੀਆਂ ਨੂੰ ਪੂਰੀ ਤਰ੍ਹਾਂ ਨਾਲ ਕਾਬੂ ਰੱਖਣਾ, ਕੰਟਰੋਲ ਰੱਖਣਾ ਜਾਂ ਇਹ ਕਹਿ ਲਵੋ ਕਿ ਬ੍ਰਹਮ ਚੇਤਨਾ ਵਿਚ ਹੀ ਹਰ ਸਮੇਂ ਵਿਚਰਨਾ, ਤੀਸਰਾ ਮਾਰਗ ਹੈ ਵਾਯੂ ਮਾਰਗ, ਜਿਸ ਤੋਂ ਕੇਵਲ ਇਹ ਹੀ ਨਹੀਂ ਕਿ ਸ੍ਵਾਸ ਦਾ ਅਭਿਆਸ ਕਰਨਾ, ਇਹ ਸ੍ਵਾਸ ਅਭਿਆਸ ਫੇਫੜਿਆਂ ਦੀ ਗਤੀ ਨੂੰ ਸਾਮਾਨ ਕਰਦਾ ਹੈ, ਸਰੀਰ ਬਿਲਕੁਲ ਠੀਕ ਰਹਿੰਦਾ ਹੈ, ਸੁਆਸਥ ਰਹਿੰਦਾ ਹੈ ਤੇ ਸਾਧਨਾ ਕਰਨ ਯੋਗ ਹੋ ਜਾਂਦਾ ਹੈ ਸਰੀਰ ਸਾਧਨਾ ਵਿਚ ਬਾਧਾ ਨਹੀਂ ਵਿਘਨ ਨਹੀਂ ਪਾਉਂਦਾ। ਆਤਮਕ ਸਿੱਧੀ ਪ੍ਰਾਪਤ ਕਰਨ ਵਿਚ ਸਹਾਈ ਹੁੰਦਾ ਹੈ। ਸਾਰੇ ਸ੍ਵਾਸ ਅਭਿਆਸ ਬਿਲਕੁਲ ਠੀਕ ਹਨ, ਜ਼ਰੂਰੀ ਹਨ ਪਰ ਜਗਿਆਸੂ ਜਾਣਦਾ ਹੈ ਕਿ ਸਭ ਤੋਂ ਪਹਿਲੀ ਪੌੜੀ ਪ੍ਰਾਣ ਹਨ। ਪ੍ਰਾਣ ਦੀ ਸਹਾਇਤਾ ਨਾਲ ਹੀ ਮਨ, ਬੁੱਧੀ ਤੀਖਣ ਹੋ ਕੇ ਕਾਰਜ ਕਰਦੇ ਹਨ, ਇੰਦ੍ਰੀਆਂ ਦੀ ਸ਼ਕਤੀ ਵੀ ਇਸੇ ਨਾਲ ਕੰਮ ਕਰਦੀ ਹੈ। ਅਸੀਂ ਦੇਖਦੇ ਹਾਂ, ਸੁਆਦ ਲੈਂਦੇ ਹਾਂ ਹੱਥ ਲਗਾ ਕੇ ਦੇਖਦੇ ਹਾਂ ਤੇ ਸੁੰਘਦੇ ਹਾਂ। ਜਿਹੜੀ ਚਮਕ ਜੋ ਵੀ ਸਰੀਰ ਦੀ ਸ਼ਕਤੀ ਹੈ ਉਹ ਪ੍ਰਾਣਾਂ ਤੋਂ ਹੀ ਆਉਂਦੀ ਹੈ। ਇਹ ਚਮਕ ਲਿਸ਼ਕਾਰਾ ਤੀਬਰ ਬੁੱਧੀ, ਸਿਆਣਪ ਦੀ ਹੀ ਚਮਕ ਹੈ। ਇਸ ਦਾ ਵਾਸਾ ਸਰੀਰ ਵਿਚ ਹੈ।

# ਆਪਣੇ ਪਿਆਰੇ ਸੰਤ ਮਹਾਰਾਜ ਜੀ ਦੀ ਮਿੱਠੀ ਯਾਦ ਵਿਚ ਕੁਝ ਬੋਲ

**ਸੰਤਾਂ ਵਿਚ ਆਪ ਵਰਤਦਾ ਮੇਰਾ ਪਿਆਰਾ ਸਿਰਜਣਹਾਰ।**

ਸੰਤ ਪਿਆਰੇ ਰੱਬ ਨੂੰ ਸੰਤਾਂ ਰੱਬ ਪਿਆਰ।
ਧੰਨ ਧੰਨ ਸੰਤ ਪਿਆਰੇ ਵਰਿਆਮ ਸਿੰਘ ਜੀ,
ਜਿਨ੍ਹਾਂ ਪਰਮੇਸ਼ਰ ਸਰੂਪ ਵੇਖਿਆ ਸਾਰਾ ਸੰਸਾਰ।
ਧੰਨ ਧੰਨ ਸੰਤ ਪਿਆਰੇ ਵਰਿਆਮ ਸਿੰਘ ਜੀ,
ਜਿਨ੍ਹਾਂ ਵੰਡਿਆਂ ਸਭ ਨੂੰ ਰੱਜ ਰੱਜ ਪਿਆਰ।
ਸੋਹਣਾ ਮੁੱਖੜਾ ਮਿੱਠੇ ਬੋਲ ਬੋਲਦੇ ਸੀ ਨਾਲ ਪਿਆਰ।
ਨਿਰਵੈਰ ਹਿਰਦਾ ਕਰਦੇ ਸੀ ਸਭ ਨੂੰ ਪਿਆਰ।
ਸਭ ਅੰਦਰ ਇਕ ਵੇਖਦੇ ਕਰਦੇ ਸੀ ਇਕ ਨਾਲ ਪਿਆਰ।
ਗੁਰ ਕਿਰਪਾ ਇਕ ਨਾਲ ਇਕ ਹੋਏ ਸੀ ਸੰਤ ਮੂਰਤ ਕਰਤਾਰ।
ਗੁਰ ਕਿਰਪਾ, ਸੰਤ ਕਿਰਪਾ ਇਕ ਪਾਇਆ ਸੀ ਸੱਚਾ ਸਿਰਜਣਹਾਰ।
ਧੰਨ ਧੰਨ ਸੰਤ ਪਿਆਰੇ ਈਸ਼ਰ ਸਿੰਘ ਜੀ,
ਤੇਰੀ ਮਹਿਮਾ ਅਪਰ ਅਪਾਰ।
ਧੰਨ ਧੰਨ ਸੰਤ ਪਿਆਰੇ ਵਰਿਆਮ ਸਿੰਘ ਜੀ,
ਜਿਨ੍ਹਾਂ ਸੇਵਾ ਸੰਗਤ ਕੀਤੀ ਨਾਲ ਪਿਆਰ।
ਧੰਨ ਧੰਨ ਸੰਤ ਪਿਆਰੇ ਵਰਿਆਮ ਸਿੰਘ ਜੀ,
ਜਿਨ੍ਹਾਂ ਦਾ ਹੱਦੋਂ ਵੱਧ ਸੀ ਸੰਤ ਈਸ਼ਰ ਸਿੰਘ ਜੀ ਨਾ ਪਿਆਰ।
ਪਿਆਰੇ ਦੇ ਬਚਨ ਹਿਰਦੇ ਵਸਾਏ, ਕਮਾਏ, ਨਾਲ ਪਿਆਰ।
ਗੁਰ ਪਰਸ਼ਾਦੀ ਪਰਮ ਪਦ ਪਾਇਆ ਬੇਅੰਤ ਭਲਾ ਕੀਤਾ ਸੰਸਾਰ।
ਧੰਨ ਸੰਤ ਮਾਤਾ ਜੀ ਜਿਨ੍ਹਾਂ ਦੇ ਹਿਰਦੇ ਸੰਤਾਂ ਦਾ ਪੂਰਨ ਸਤਿਕਾਰ।
ਧੰਨ ਸੰਤ ਮਾਤਾ ਜੀ ਜਿਨ੍ਹਾਂ ਸੰਤਾਂ ਦੀ ਸੇਵਾ ਕੀਤੀ ਨਾਲ ਪਿਆਰ।
ਬਾਹਰੋਂ ਵੇਖਣ ਨੂੰ ਦੋ ਤਿੰਨ ਅੰਦਰੋਂ ਇਕ ਜੋਤ ਅਪਾਰ।
ਗੁਰ ਕ੍ਰਿਪਾ ਸੇਵਾ ਸਿਮਰਨ ਕਰ, ਇਕ ਨਾਲ ਇਕ ਹੋਏ ਨਾਲ ਪਿਆਰ।
ਧੰਨ ਧੰਨ ਸੰਤ ਪਿਆਰੇ ਵਰਿਆਮ ਸਿੰਘ ਜੀ,
ਜਿਨ੍ਹਾਂ ਅਣਥੱਕ ਕਮਾਈਆਂ ਕੀਤੀਆਂ, ਤੁਹਾਡੇ ਬੇਅੰਤ ਪਰਉਪਕਾਰ।
ਤੁਹਾਡੀ ਕਿਰਪਾ ਗੁਰ ਉਪਦੇਸ਼ ਆਤਮ ਮਾਰਗ ਰਾਹੀਂ,
ਘਰ ਘਰ ਅਪੜਿਆ ਵਿਚ ਸੰਸਾਰ।
ਵਾਹ! ਸਤਿਕਾਰਯੋਗ ਮਹਾਂਪੁਰਸ਼ੋ, ਤੁਹਾਡੇ ਬੇਅੰਤ ਪਰਉਪਕਾਰ।
ਮਹਾਂਪੁਰਸ਼ੋ, ਆਉਣਾ ਤੁਹਾਡਾ ਧੰਨ ਹੈ, ਸਦਾ ਯਾਦ ਕਰੇਗਾ ਸੰਸਾਰ।
ਬਲਬੀਰ ਵਾਹ ਵਾਹਿਗੁਰੂ ਜੀ,
ਤੇਰੇ ਪਿਆਰਿਆਂ ਦੀ ਮਹਿਮਾਂ ਅਪਰ ਅਪਾਰ।

***ਭਾਈ ਬਲਬੀਰ ਸਿੰਘ ਕੰਬਾਲਾ ਵਲੋਂ***

(ਪੰਨਾ 27 ਦੀ ਬਾਕੀ)

ਕਰਮਾਂ ਦੇ ਚੱਕਰ ਤੋਂ ਬਚੇ ਰਹਿੰਦੇ ਹਨ। ਉਨ੍ਹਾਂ ਦੇ ਬਿਖਮ ਕਰਮ ਜਿਨ੍ਹਾਂ ਨੇ ਬਹੁਤ ਹੀ ਬੁਰੇ ਫਲ ਦੇਣੇ ਸੀ ਉਨ੍ਹਾਂ ਦਾ ਫਲ ਸਮਰੱਥ ਗੁਰੂ ਅਤੀ ਘਟਾਉਣ ਦੀ ਸਮਰੱਥਾ ਰਖਦਾ ਹੈ, ਇਸ ਕਰਕੇ ਆਪਣੇ ਗੁਰੂ ਨੂੰ ਪੂਰਨ ਰੂਪ ਵਿਚ ਪਿਆਰ ਕਰੋ, ਉਸ ਨੂੰ ਅਤੇ ਵਾਹਿਗੁਰੂ ਜੀ ਨੂੰ ਦੋ ਰੂਪਾਂ ਵਿਚ ਨਾ ਸਮਝੋ। ਕਿਉਂਕਿ ਫੁਰਮਾਨ ਹੈ –

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ॥*
*ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ॥* *ਅੰਗ – 442*

ਜਿਸ ਨੇ ਇਹ ਜਾਣ ਲਿਆ ਕਿ ਸਾਰੀ ਕ੍ਰਿਆ ਵਾਹਿਗੁਰੂ ਜੀ ਦੇ ਹੁਕਮ ਅੰਦਰ ਹੋ ਰਹੀ ਹੈ ਉਸ ਦੇ ਅੰਦਰੋਂ ਹਉਮੈ ਦਾ ਨਾਸ਼ ਹੋ ਜਾਂਦਾ ਹੈ ਅਤੇ ਉਸਨੂੰ ਸਤਿ ਦੀ ਪ੍ਰਾਪਤੀ ਹੋ ਜਾਂਦੀ ਹੈ, ਕੂੜ ਦੀ ਕੰਧ ਉਸ ਦੇ ਅੰਦਰੋਂ ਟੁੱਟ ਜਾਂਦੀ ਹੈ। ਜੇ ਇਸ ਨੂੰ ਵੇਰਵੇ ਸਹਿਤ ਜਾਣਨਾ ਚਾਹੁੰਦੇ ਹੋ ਤਾਂ ਇਸ ਸਬੰਧ ਵਿਚ ਤਿੰਨ ਪੁਸਤਕਾਂ "ਕਿਵ ਸਚਿਆਰਾ ਹੋਈਐ?" ਸਿਰਲੇਖ ਹੇਠ ਅਤੇ ਇਕ ਪੁਸਤਕ "ਕਿਵ ਕੂੜੈ ਤੁਟੈ ਪਾਲਿ" ਲਿਖੀਆਂ ਜਾ ਚੁਕੀਆਂ ਹਨ ਇਨ੍ਹਾਂ ਚਾਰਾਂ ਪੁਸਤਕਾਂ ਵਿਚ ਇਨ੍ਹਾਂ ਦੋ ਸਵਾਲਾਂ ਦਾ ਹੱਲ ਦਿਤਾ ਗਿਆ ਹੈ –

*ਕਿਵ ਸਚਿਆਰਾ ਹੋਈਐ*
*ਕਿਵ ਕੂੜੈ ਤੁਟੈ ਪਾਲਿ॥* *ਅੰਗ – 1*

ਅਤੇ ਸਚਿਆਰ ਹੋਣ ਲਈ, ਕੂੜ ਦੀ ਕੰਧ ਤੋੜਨ ਲਈ ਬ੍ਰਹਮਗਿਆਨ ਦੀ ਪ੍ਰਾਪਤੀ ਕਰਕੇ ਇਸ ਸਿਧਾਂਤ ਨੂੰ ਪੂਰਨ ਰੂਪ ਵਿਚ ਅਪਣਾਉਣ ਦੀ ਲੋੜ ਹੈ –

*ਹੁਕਮਿ ਰਜਾਈ ਚਲਣਾ*
*ਨਾਨਕ ਲਿਖਿਆ ਨਾਲਿ॥* *ਅੰਗ – 1*

ਹੁਣ ਕਿਉਂਕਿ ਸਮਾਂ ਹੋ ਚੁਕਿਆ ਹੈ ਅਤੇ ਮੈਂ ਇਸ ਸ਼ਬਦ ਵਿਚ ਗੁਰੂ ਘਰ ਦੇ ਇਤਿਹਾਸ ਵਿਚੋਂ ਬਹੁਤ ਗੁਰਸਿੱਖਾਂ ਬਾਰੇ ਦਸਣ ਦਾ ਯਤਨ ਕਰਨਾ ਸੀ ਜਿਨ੍ਹਾਂ ਤੇ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਦੀ ਕ੍ਰਿਪਾ ਹੋਈ ਅਤੇ ਉਨ੍ਹਾਂ ਦੇ ਪ੍ਰਾਲਬਧ ਕਰਮ ਜਿਨ੍ਹਾਂ ਨੇ ਉਨ੍ਹਾਂ ਨੂੰ ਦੁਖ ਦੇਣਾ ਸੀ, ਉਹ ਸੂਲੀ ਤੋਂ ਸੂਲ ਬਣਾ ਦਿਤੇ ਅਤੇ ਸੁਪਨੇ ਵਿਚ ਭੁਗਤਾ ਦਿਤੇ। ਬਾਹਰ ਰੋਸ਼ਨੀ ਹੋ ਗਈ ਹੈ ਸਾਰਿਆਂ ਨੇ ਕਾਰੋਬਾਰ ਤੇ ਜਾਣਾ ਹੈ ਸੋ ਇਹ ਵਿਚਾਰਾਂ ਕਦੇ ਫੇਰ ਕਰ ਲਈਆਂ ਜਾਣਗੀਆਂ।

*ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ*


ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ

ਆਤਮ ਮਾਰਗ
Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ☐ ਨਵੀਂ ਮੈਂਬਰਸ਼ਿੱਪ ☐ ਰਿਨਿਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ..................................................

ਪਤਾ/Address ..................................................

..................................................

..................................................

..............................Pin Code..................................

Phone...................... E-mail :..................................

ਮੈਂ.....................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.......................ਮਿਤੀ........................ਰਾਹੀਂ ਭੇਜ ਰਿਹਾ ਹਾਂ।

**ATAM MARG MONTHLY MAGAZINE** ਦਸਖਤ.............................

Gurdwara Ratwara Sahib, P.o. Mullanpur Garibdas, Distt. Ropar (Pb.) Pin - 140901

Phone : 0160-2255002,0160-2255009, Email : atammarg1@yahoo.co.in, www.ratwarasahib.org

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** - 07, 14,21, 28 ਮਈ।

**ਸੰਗਰਾਂਦ -** 14 ਮਈ, ਦਿਨ ਐਤਵਾਰ।

**ਪੂਰਨਮਾਸ਼ੀ -** 13 ਮਈ, ਦਿਨ ਸ਼ਨਿੱਚਰਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 12.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** - ਮਹੀਨੇ ਦੇ ਆਖਰੀ ਸ਼ਨਿੱਚਰਵਾਰ 27 ਮਈ 2006, ਸਮਾਂ ਦਿਨ ਦੇ - 11.00 ਵਜੇ ਤੋਂ 1.00 ਵਜੇ ਤੱਕ ਦੀਵਾਨ ਸਜਦਾ ਹੈ।

## ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਨੇ ਹਸਪਤਾਲ ਵਾਸਤੇ ਮਾਇਆ ਭੇਜਣੀ ਹੋਵੇ ਉਹ ਹਸਪਤਾਲ ਅਕਾਊਂਟ ਨੰਬਰ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਮਾਇਆ ਭੇਜਣ ਦੀ ਕ੍ਰਿਪਾਲਤਾ ਕਰਨ -

**Postal Address**

**Vishav Gurmat Roohani Mission Charitable Trust, (Hospital A/c)**

**Gurdwara Ishar Parkash**

Ratwara Sahib

P.O. Mullanpur Garibdass

Teh. Kharar, Via : Chandigarh.

Distt. Ropar (Pb)-140901 (India)

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਿਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ। ਜੋ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਉਪਲਬਧ ਹਨ।

| | ਪੰਜਾਬੀ | ਹਿੰਦੀ |
|---|---|---|
| 1. ਸੁਰਤਿ ਸਬਦਿ ਮਾਰਗ | 50/ | 70/- |
| 2. ਕਿਵ ਕੂੜੈ ਤੁਟੈ ਪਾਲਿ | 40/- | 35/- |
| 3. ਬਾਤ ਅਗੰਮ ਕੀ - ਸੱਤ ਭਾਗਾਂ ਵਿਚ | 155/- | 235/- |
| 4. ਕਿਵ ਸਚਿਆਰਾ ਹੋਈਐ - ਭਾਗ ਪਹਿਲਾ | 30/- | 35/- |
| 5. ਕਿਵ ਸਚਿਆਰਾ ਹੋਈਐ - ਭਾਗ ਦੂਜਾ | 60/- | 65/- |
| 6. ਕਿਵ ਸਚਿਆਰਾ ਹੋਈਐ - ਭਾਗ ਤੀਜਾ | 100/- | 100/- |
| 7. ਹੋਵੈ ਅਨੰਦੁ ਘਣਾ | 25/- | 30/- |
| 8. ਚਉਥੈ ਪਹਰਿ ਸਬਾਹ ਕੈ | 55/- | 60/- |
| 9. ਸੁਰਤਿਆਂ ਉਪਜੈ ਚਾਉ | 40/- | 40/- |
| 10. ਬਾਬਾਣੀਆਂ ਕਹਾਣੀਆਂ | 50/- | 50/- |
| 11. ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. ਅੰਮ੍ਰਿਤ ਫੁਹਾਰ | 10/- | 10/- |
| 13. ਅਗੰਮ ਅਗੋਚਰ ਦਾ ਮਾਰਗ | 60/- | 70/- |
| 14. ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. ਅਮਰ ਜੋਤਾਂ | 15/- | 15/- |
| 16. ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ | 5/- | 5/- |
| 17. ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | | 70/- |
| 18. ਅਮਰ ਗਾਥਾ | 100/- | 100/- |
| 19. ਧਰਮ ਯੁਧ ਕੋ ਚਾਇ | 50/- | |
| 20. ਪਵਿਤਰ ਪੈਂਡਾ | 25/- | |
| 21. ਭਗਤ ਪ੍ਰਹਿਲਾਦ | 10/- | 10/- |
| 22. ਵੈਸਾਖੀ | 10/- | |
| 23. ਰਾਜ ਯੋਗ | 40/- | |
| 24. ਸਾਜਨ ਚਲੇ ਪਿਆਰਿਆ | 10/- | 10/- |
| 25. ਅਬਿਨਾਸੀ ਜੋਤ ਭਾਗ-1 | 90/- | |
| 26. ਅਬਿਨਾਸੀ ਜੋਤ ਭਾਗ-2 | 90/- | |
| 27. ਰੂਹਾਨੀ ਗੁਲਦਸਤਾ -1 | 60/- | |
| 28. ਰੂਹਾਨੀ ਗੁਲਦਸਤਾ - 2 | 60/- | |
| 29. ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. ਗੁਰੂ ਅਮਰਦਾਸ ਪਰਸੀਐ | 50/- | |
| 32. ਭਗਵਦ ਗੀਤਾ.............। | 100/- | |

| English Version | Price |
|---|---|
| 1. Baisakhi | Rs. 5/- |
| 2. How Rend The Veil of Untruth | Rs. 70/- |
| 3. Discourses on the Beyond-1 | Rs 50/- |
| 4. Discourses on the Beyond -2 | Rs. 50/- |
| 5. Discourses on the Beyond -3 | Rs. 50/- |
| 6. Discourses on the Beyond -4 | Rs. 60/- |
| 7. Discourses on the Beyond -5 | Rs. 60/- |
| 8. The way to the imperceptible | Rs. 80/- |
| 9. The Lights Immortal | Rs. 20/- |
| 10. Transcendental Bliss | Rs. 70/- |
| 11. How to Know Thy Real Self-(Vol-1) | Rs. 80/- |
| 12. How to Know Thy Real Self-(Vol-2) | Rs. 80/- |
| 13. How to Know Thy Real Self-(Vol-3) | Rs. 110/- |
| 14. The Dawn of Khalsa Ideals | Rs. 10/- |
| 15. A Glimpse of His Holiness - Baba ji | Rs. 5/- |



ਸੱਚਖੰਡ ਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

"ਦੇਗ ਤੇਗ ਜਗ ਮੈ ਦੋਊ ਚਲੈ।" ਪਰੀਪੂਰਨ ਜੋਤ, ਬ੍ਰਹਮਗਿਆਨੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ, ਬਾਨੀ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਰਤਵਾੜਾ ਸਾਹਿਬ ਦੇ ਕਰ-ਕਮਲਾਂ ਨਾਲ ਸਥਾਪਿਤ '<u>ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ</u>' ਉਹ ਸੰਸਥਾ ਹੈ ਜੋ ਸਾਇੰਸ ਦੇ ਯੁੱਗ ਵਿੱਚ ਆਧੁਨਿਕ ਵਿਗਿਆਨਿਕ ਤਕਨੀਕਾਂ ਰਾਹੀਂ ਵਿਦਿਆ ਪ੍ਰਦਾਨ ਕਰਨ ਦੇ ਨਾਲ-ਨਾਲ ਬੱਚਿਆਂ ਨੂੰ ਸਿਖਰ ਦੇ ਅਧਿਆਤਮਿਕ ਜੀਵਨ ਦੇ ਆਤਮ-ਮਾਰਗ ਦੇ ਪਾਂਧੀ ਬਣਾ ਰਹੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਜੀਵਨ ਨੂੰ ਸਮਰਪਿਤ ਹੁੰਦੇ ਹੋਏ ਬਾਬਾ ਜੀ ਮਹਾਰਾਜ ਦੇ ਉਪਰੋਕਤ ਮਹਾਂਵਾਕ ਅਨੁਸਾਰ ਉਹ ਸੁਪਨਾ ਸਾਕਾਰ ਕਰਨ ਲਈ ਇਹ ਸੰਸਥਾ ਕੁਦਰਤ ਦੀ ਗੋਦ ਵਿੱਚ ਵਸਾਈ ਕਿ ਇੱਥੋਂ ਤਾਲੀਮ ਲੈਣ ਵਾਲੇ ਮੇਰੇ ਬੱਚੇ ਉਹ <u>ਸੱਚੇ ਸੰਤ-ਸਿਪਾਹੀ</u> ਬਣਨ ਜੋ ਮਨੁੱਖਾ ਜੀਵਨ ਦੇ ਪਰਮ ਮਨੋਰਥ ਵੱਲ ਕਦਮ ਪੁੱਟਦੇ ਹੋਏ ਦੇਸ਼- ਕੌਮ ਤੇ ਪੂਰੀ ਖਲਕਤ ਦੀ ਤਨ ਮਨ ਧਨ ਨਾਲ ਰਾਖੀ ਕਰ ਸਕਣ। ਸੋ ਬਾਬਾ ਜੀ ਮਹਾਰਾਜ ਅਤੇ ਪੂਜਨੀਕ ਬੀਜੀ ਦੇ ਅਸ਼ੀਰਵਾਦ ਸਦਕਾ ਅੱਜ ਸਾਡਾ ਸਕੂਲ ਹਰ ਖੇਤਰ ਵਿੱਚ ਨਵੀਆਂ ਪੁਲਾਂਘਾਂ ਪੁੱਟ ਰਿਹਾ ਹੈ ਤੇ ਅੱਵਲ ਨੰਬਰ ਤੇ ਆ ਰਿਹਾ ਹੈ। ਇਸ ਵਿਦਿਆ ਮੰਦਰ ਵਿਚ ਇੰਟਰਨੈਸ਼ਨਲ ਪੱਧਰ ਦੀ ਵਿਦਿਆ ਬਹੁਤ ਹੀ ਘੱਟ ਫੀਸਾਂ ਉਪਰ ਪ੍ਰਦਾਨ ਕੀਤੀ ਜਾਂਦੀ ਹੈ। ਪੜ੍ਹਾਈ ਦਾ ਮੀਡੀਅਮ ਇੰਗਲਿਸ਼ ਹੈ।

ਇਹ ਸਕੂਲ ਸੀ.ਬੀ.ਐਸ.ਈ. ਬੋਰਡ ਦਿੱਲੀ ਤੋਂ ਮਾਨਤਾ ਪ੍ਰਾਪਤ ਹੈ ਜਿਸ ਐਫੀਲੀਏਸ਼ਨ ਨੰਬਰ 1630370 ਹੈ।

ਇਸੇ ਤਰ੍ਹਾਂ ਅੱਧੀ ਫੀਸ ਤੇ ਸੰਤ ਮਹਾਰਾਜ ਜੀ ਦੀ ਸਦੀਵੀ ਯਾਦ ਨੂੰ ਸਮਰਪਿਤ ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਨੂੰ ਵੀ ਪੰਜਾਬ ਸਕੂਲ ਸਿਖਿਆ ਬੋਰਡ ਤੋਂ ਮਾਨਤਾ ਪ੍ਰਾਪਤ ਹੋ ਚੁੱਕੀ ਹੈ। ਇਨ੍ਹਾਂ ਸਕੂਲਾਂ ਵਿੱਚ ਚਮਕੌਰ ਸਾਹਿਬ, ਮੋਰਿੰਡਾ, ਰੋਪੜ, ਕੁਰਾਲੀ, ਖਰੜ, ਮੁਹਾਲੀ, ਚੰਡੀਗੜ੍ਹ, ਪੰਜਕੂਲਾ, ਸ਼ਿਵਾਲਿਕ ਪਹਾੜੀਆਂ ਦੇ ਬੱਚਿਆਂ ਨੂੰ ਸਕੂਲ ਦੀ ਟਰਾਂਸਪੋਰਟ ਜੋ ਕਿ ਟਰਸਟ ਰਤਵਾੜਾ ਸਾਹਿਬ ਰਾਹੀਂ ਬਹੁਤ ਹੀ ਘੱਟ ਰੇਟ ਤੇ ਇਨ੍ਹਾਂ ਸਕੂਲਾਂ ਵਿਚ ਲਿਆਉਣ ਦਾ ਪੂਰਾ ਪੂਰਾ ਪ੍ਰਬੰਧ ਹੈ। ਇਸ ਲਈ ਆਪਣੇ ਬੱਚਿਆਂ ਦੇ ਉਜਵਲ ਭਵਿਖ ਵਾਸਤੇ ਸਿਆਣੇ ਮਾਪੇ ਇਨ੍ਹਾਂ ਸਕੂਲਾਂ ਵਿਚ ਆਪਣੇ ਬੱਚੇ ਭੇਜ ਰਹੇ ਹਨ। ਆਪ ਜੀ ਨੂੰ ਵੀ ਬੇਨਤੀ ਹੈ ਕਿ ਪਰਉਪਕਾਰੀ ਮਹਾਂਪੁਰਸ਼ਾਂ ਦੀ ਇਸ ਵਿਦਿਆ ਪ੍ਰਦਾਨ ਕਰਨ ਦੀ ਇਸ ਮਹਾਨ ਸੇਵਾ ਦਾ ਪੂਰਾ ਪੂਰਾ ਲਾਹਾ ਪ੍ਰਾਪਤ ਕਰਦੇ ਹੋਏ ਆਪਣੇ ਬੱਚਿਆਂ ਨੂੰ ਦੁਨੀਆਵੀ ਵਿਦਿਆ ਦੇ ਨਾਲ ਰੂਹਾਨੀ ਵਿਦਿਆ ਪ੍ਰਾਪਤ ਕਰਨ ਵਾਸਤੇ ਟਰਸਟ ਰਤਵਾੜਾ ਸਾਹਿਬ ਦੇ ਸਕੂਲਾਂ ਵਿਚ ਦਾਖਲ ਕਰਾਓ ਜੀ।



ਸਕੂਲ ਬਿਲਡਿੰਗ

# GURU GOBIND SINGH VIDYA MANDIR RATWARA SAHIB



## ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ

**Registration And Admission Open For Classes Nursery to IX**

(Affiliated to C.B.S.E., New Delhi) (Affiliation No. -1630370) Nursery to class X



ਸੰਤ ਮਾਤਾ ਰਣਜੀਤ ਕੌਰ ਜੀ ਰਤਵਾੜਾ ਸਾਹਿਬ




ਸਲਾਨਾ ਸਮਾਰੋਹ ਮੌਕੇ ਵਿੱਚ ਲੜਕੀਆਂ ਗਿਧੇ ਵਿਚ ਭਾਗ ਲੈ ਰਹੀਆਂ ਹਨ।

## Sant Waryam Singh Memorial Public School

(To be affiliated to P.S.E.B.) (English Medium)

## Admission notice for nursery to IX Class

**School will be upgraded by one class every year upto XII**



ਸਕੂਲ ਦਾ ਆਰਟ ਅਤੇ ਕਰਾਫਟ ਰੂਮ



ਸਕੂਲ ਦੀ ਸਾਇੰਸ ਲੈਬ ਵਿੱਚ ਪ੍ਰਯੋਗ ਕਰਦੇ ਹੋਏ ਵਿਦਿਆਰਥੀ।



ਕੰਪਿਊਟਰ ਲੈਬ ਵਿੱਚ ਵਿਦਿਆਰਥੀ ਪ੍ਰੈਕਟੀਕਲ ਕਰਦੇ ਹੋਏ।


**GURU GOBIND SINGH VIDYA MANDIR**
P.O. Mullanpur Garibdas, Distt. Ropar- 140901,
Tel. : (160) 2255003, Fax. : 2255009, Email
atammarg@glide.net.in
&
Sant Waryam Singh Memorial Public School
Phone : 01602255004